ਹਿਮਾਂਸ਼ੂ ਜੋਸ਼ੀ

# ਨਾ ਛੂਹੀਂ ਪਰਛਾਵੇਂ, ਮਨਾ

ਪੰਜਾਬੀ ਅਨੁਵਾਦ : ਅਮਰਜੀਤ ਕੌਂਕੇ



ਭਾਸ਼ਾ ਵਿਭਾਗ,ਪੰਜਾਬ

# ਨਾ ਛੂਹੀਂ ਪਰਛਾਵੇਂ,  ਮਨਾ

ਹਿਮਾਂਸ਼ੂ ਜੋਸ਼ੀ

ਭਾਸ਼ਾ ਵਿਭਾਗ, ਪੰਜਾਬ

# NA CHHUHIN PARCHHANWEN MANA
(In Punjabi)

Shri Himanshu Joshi
Translator: Shri Amarjeet Kounke

# ਨਾ ਛੂਹੀਂ ਪਰਛਾਵੇਂ, ਮਨਾ

ਲੇਖਕ: ਹਿਮਾਂਸ਼ੂ ਜੋਸ਼ੀ
ਅਨੁਵਾਦਕ: ਅਮਰਜੀਤ ਕੌਂਕੇ

© ਭਾਸ਼ਾ ਵਿਭਾਗ, ਪੰਜਾਬ
ਐਡੀਸ਼ਨ : 2001
ਕਾਪੀਆਂ : 2000
ਮੁੱਲ : 17 ਰੁ:

2001-ਹਿੰ.ਤੌਂ. ਪੰ. ਅ-1354

ਪ੍ਰਕਾਸ਼ਕ: ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
ਰਾਹੀਂ: ਕੰਟਰੋਲਰ, ਛਪਾਈ ਤੇ ਸੇਟਸ਼ਨਰੀ ਵਿਭਾਗ, ਪੰਜਾਬ

**ਦੋ ਸ਼ਬਦ**

ਭਾਸ਼ਾ ਵਿਭਾਗ, ਪੰਜਾਬ ਰਾਜ ਭਾਸ਼ਾ ਪੰਜਾਬੀ ਦੇ ਸਰਵਪੱਖੀ ਵਿਕਾਸ ਦੇ ਨਾਲ ਨਾਲ ਹਿੰਦੀ, ਸੰਸਕ੍ਰਿਤ ਅਤੇ ਉਰਦੂ ਦੇ ਪ੍ਰਚਾਰ-ਪ੍ਰਸਾਰ ਲਈ ਹਮੇਸ਼ਾ ਯਤਨਸ਼ੀਲ ਰਿਹਾ ਹੈ। ਹਿੰਦੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਹਿੰਦੀ ਵਿਚ ਅਨੁਵਾਦਿਤ ਕਰਵਾਕੇ ਵਿਭਾਗ ਅਨੇਕਾਂ ਪੁਸਤਕਾਂ ਪ੍ਰਕਾਸ਼ਿਤ ਕਰਵਾ ਚੁੱਕਿਆ ਹੈ। ਭਾਰਤ ਜਿਹੇ ਬਹੁਭਾਸ਼ੀ ਦੇਸ਼ ਵਿਚ ਅਨੁਵਾਦ ਇਕ ਅਜਿਹਾ ਮਾਧਿਅਮ ਹੈ ਜਿਸ ਨਾਲ ਰਾਸ਼ਟਰੀ ਏਕਤਾ ਨੂੰ ਬਲ ਮਿਲਦਾ ਹੈ। ਆਪਣੇ ਸਾਹਿਤਕ ਅਤੇ ਸਭਿਆਚਾਰਕ ਵਿਰਸੇ ਤੋਂ ਪਾਠਕ ਸਹਿਜੇ ਹੀ ਜਾਣੂੰ ਹੋ ਜਾਂਦੇ ਹਨ। ਹਿੰਦੀ ਦੀ ਇਸ ਸ੍ਰੇਸ਼ਟ ਪੁਸਤਕ ਦਾ ਪੰਜਾਬੀ ਵਿਚ ਅਨੁਵਾਦ ਕਰਵਾਕੇ ਪਾਠਕਾਂ ਨੂੰ ਭੇਂਟ ਕਰਦੇ ਹੋਏ ਵਿਭਾਗ ਨੂੰ ਖੁਸ਼ੀ ਮਹਿਸੂਸ ਹੋ ਰਹੀ ਹੈ।

ਸ੍ਰੀ ਹਿਮਾਂਸ਼ੂ ਜੋਸ਼ੀ ਹਿੰਦੀ ਦੇ ਮੰਨੇ ਪ੍ਰਮੰਨੇ ਆਧੁਨਿਕ ਨਾਵਲਕਾਰ ਅਤੇ ਕਹਾਣੀਕਾਰ ਹਨ। ਇਨ੍ਹਾਂ ਦੀਆਂ ਰਚਨਾਵਾਂ ਵਿੱਚ ਅਜੋਕੇ ਭਾਰਤੀ ਸਮਾਜ ਤੇ ਜੀਵਨ ਦੀ ਯਥਾਰਥ ਤਸਵੀਰ ਪੇਸ਼ ਕੀਤੀ ਗਈ ਹੈ। ਮਨੋਵਿਗਿਆਨਕ ਲੀਹਾਂ ਤੇ ਪਾਤਰਾਂ ਦਾ ਚਰਿਤਰ ਉਲੀਕਿਆ ਗਿਆ ਹੈ। ਘਟਨਾਵਾਂ ਆਪਣੇ ਸਹਿਜ ਰੂਪ ਵਿਚ ਆਮ ਆਦਮੀ ਦੀਆਂ ਸੱਮਸਿਆਵਾਂ ਨੂੰ ਉਜਾਗਰ ਕਰਦੀਆਂ ਹਨ। ਹਾਲਾਤ ਦੀ ਤ੍ਰਾਸਦੀ ਮਨੁੱਖ ਮਾਤਰ ਲਈ ਸੰਵੇਦਨਾ ਪੈਦਾ ਕਰਦੀ ਹੈ ਜਿਸ ਨਾਲ ਪਾਠਕ ਆਪਣਾ ਹੀ ਰੂਪ ਉਸ ਵਿਚ ਝਲਕਦਾ ਵੇਖਦਾ ਹੈ। ਅਨੁਭਵ ਦੀ ਪਰਿਪੱਕਤਾ ਅਤੇ ਸੱਚਾਈ ਉਸਨੂੰ ਪ੍ਰਭਾਵਿਤ ਕਰਦੀ ਹੈ। ਇਸ ਵਿਚ ਆਧੁਨਿਕ ਮਨੁੱਖੀ ਜੀਵਨ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕੀਤਾ ਗਿਆ ਹੈ।

ਛਾਯਾ ਮਤ ਛੂਨਾ ਮਨ ਦਾ ਇਹ ਪੰਜਾਬੀ ਅਨੁਵਾਦ ਪ੍ਰਸਿੱਧ ਲੇਖਕ ਸ੍ਰੀ ਅਮਰਜੀਤ ਕੌਂਕੇ ਨੇ ਪੂਰੀ ਲਗਨ ਅਤੇ ਮਿਹਨਤ ਨਾਲ ਕੀਤਾ ਹੈ। ਮੈਨੂੰ ਪੂਰਨ ਆਸ ਹੈ ਕਿ ਪਾਠਕਾਂ ਵਲੋਂ ਇਸ ਦਾ ਭਰਪੂਰ ਸੁਆਗਤ ਕੀਤਾ ਜਾਵੇਗਾ।

**ਡਾ. ਮਦਨ ਲਾਲ ਹਸੀਜਾ**

ਡਾਇਰੈਕਟਰ,

ਭਾਸ਼ਾ ਵਿਭਾਗ, ਪੰਜਾਬ

ਪਿਆਰੇ ਦੇਵੇਨ,

ਜੋ ਕੁਝ ਸੁਣਿਆ, ਸੱਚ ਨਹੀਂ ਲੱਗਿਆ। ਰਿਚਾ ਨੇ ਦੱਸਿਆ ਕਿ ਤੂੰ ਏਥੋਂ ਤੱਕ ਮੈਨੂੰ ਲੱਭਦਾ ਲੱਭਦਾ ਆਇਆ, ਪਰ ਮੈਂ ਮਿਲ ਨਹੀਂ ਸਕਿਆ। ਸਚਮੁੱਚ ਇਹਨਾਂ ਦਿਨਾਂ ਵਿਚ ਮਾਨਸਿਕ ਹਾਲਤ ਬੜੀ ਹੀ ਅਜੀਬ ਜਿਹੀ ਰਹੀ।

ਜਿੰਦਗੀ ਵਿਚ ਥੱਕਿਆ ਟੁੱਟਿਆ ਜਦੋਂ ਤੂੰ ਮੈਨੂੰ ਆਖਰੀ ਵਾਰ ਮਿਲਿਆ ਸੀ, ਤੇਰੀ ਉਦੋਂ ਦੀ ਹਾਲਤ ਅੱਖਾਂ ਮੂਹਰੇ ਅਜੇ ਵੀ ਘੁੰਮਦੀ ਹੈ। ਤੇਰੇ ਉਹ ਸ਼ਬਦ ਅਜੇ ਵੀ ਕੰਨਾਂ ਵਿਚ ਗੂੰਜ ਰਹੇ ਨੇ। ਅਚਾਨਕ ਕਿੰਨਾ ਭਾਵੁਕ ਹੋ ਗਿਆ ਸੀ ਤੂੰ। ਮੇਰੇ ਸਵਾਲਾਂ ਤੋਂ ਬਚਣ ਲਈ ਸਾਹਮਣੇ ਟੰਗੇ ਕੈਲੰਡਰ ਵੱਲ ਬਿਨਾਂ ਅੱਖ ਝਪਕੇ ਤੱਕਦਾ ਰਿਹਾ ਸੀ।

ਸਾਗਰ ਵਿਚ ਡੁੱਬਦਾ ਸੂਰਜ, ਬਲਦਾ ਹੋਇਆ ਭਿੱਜਿਆ ਕਿਨਾਰਾਂ, ਅਧਸੜੇ ਰੁੰਡ-ਮਰੁੰਡ। ਜਿਹੇ ਕਾਲੇ ਖੰਭੇ, ਉੱਤੇ ਲਟਕੇ ਖਾਲੀ ਜਾਲ, ਲੱਗਦਾ ਸੀ ਪਾਣੀ ਉਤੇ ਮੋਮ ਵਾਂਗੂੰ ਕੁਝ ਪਿਘਲ ਰਿਹਾ ਹੈ। ਜਿਹੜਾ ਤਸਵੀਰ 'ਚੋਂ ਨਿਕਲ ਕੇ ਹੌਲੀ ਹੌਲੀ ਕੰਧ ਤੇ ਫੈਲ ਜਾਏਗਾ।

ਤੂੰ ਸ਼ਾਇਦ ਸੱਚ ਨਾ ਮੰਨੇ, ਪਰ ਉਹ ਪਿਘਲਿਆ ਹੋਇਆ ਰੰਗ ਸਚਮੁੱਚ ਹੀ ਕੰਧ ਤੇ ਫੈਲਿਆ ਹੋਇਆ ਹੈ। ਇਕੱਠੇ ਕੀਤੇ ਜਾਲ ਤੇ ਵਾਪਸ ਮੁੜਦੇ,ਪਾਣੀ ਦੇ ਪੰਛੀਆਂ ਦੀਆਂ ਟੋਲੀਆਂ, ਉਸ ਨਿੱਕੇ ਜਿਹੇ ਅਸਮਾਨ ਵਿਚ ਅਜੇ ਵੀ ਖੰਭ ਫੜਫੜਾਉਂਦੀਆਂ ਸਾਫ਼ ਦਿਸਦੀਆਂ ਹਨ।

ਸਾਹਮਣੇ ਖ਼ਿਲਾਅ ਵਿਚ ਬੇਮਤਲਬ ਘੂਰਦੀਆਂ ਤੇਰੀਆਂ ਸੁੰਨੀਆਂ ਅੱਖਾਂ ਕੀ ਲੱਭ ਰਹੀਆਂ ਸਨ ਉਸ ਦਿਨ? ਦਰਦ ਦਾ ਕੌੜਾ ਘੁੱਟ ਅੰਦਰੋ ਅੰਦਰ ਪੀਂਦੇ, ਤੇਰੇ ਵਿਚ ਕੁਝ ਅਟਕ ਜਿਹਾ ਕੀ ਰਿਹਾ ਸੀ? ਕਿਉਂ ਤੇਰੇ ਚਿਹਰੇ ਤੇ ਅਜੀਬ ਜਿਹੀ ਉਦਾਸੀ ਘਿਰ ਆਈ ਸੀ?

ਤੂੰ ਦੇਰ ਤੱਕ ਇਉਂ ਹੀ ਕੁਝ ਉਡੀਕਦਾ-ਲੱਭਦਾ ਜਿਹਾ ਬੈਠਾ ਰਿਹਾ ਸੀ। ਜਾਣਦਾ ਸਾਂ ਤੇਰੀਆਂ ਉਦਾਸ ਅੱਖਾਂ ਨੂੰ ਹੁਣ ਕਿਸੇ ਦੀ ਵੀ ਤਲਾਸ਼ ਨਹੀਂ ਸੀ। ਕਿਸ ਨੂੰ ਲੱਭਦੀਆਂ ਹੁਣ

ਉਹ? ਫੇਰ ਵੀ ਇਕ ਠਹਿਰਾਅ-ਕੋਈ ਟਿਕਾਅ? ਨਹੀਂ ਇਸ ਤੋਂ ਵੀ ਪਰ੍ਹੇ-ਬਹੁਤ ਪਰ੍ਹੇ ਤੂੰ ਕੁਝ ਹੋਰ ਹੀ ਵੇਖ ਰਿਹਾ ਸੀ।

ਇਹ ਸਾਰਾ ਕੁਝ ਹੋਵੇਗਾ,ਜਾਣਦਾ ਸਾਂ ਸਮਝ ਰਿਹਾ ਸਾਂ। ਉਸ ਦਿਨ ਤੂੰ ਆਇਆ ਤੈਨੂੰ ਵੇਖਦੇ ਹੀ ਸਮਝ ਗਿਆ ਸਾਂ।

ਕੁਝ ਹੀ ਦਿਨ ਤਾਂ ਹੋਏ ਸਨ,ਜਦੋਂ ਮੈਡੀਕਲ ਇੰਸਟੀਚਿਊਟ ਦੀ ਤੀਜੀ ਮੰਜਿਲ ਤੋਂ ਤੈਨੂੰ ਝਾਕਦੇ ਵੇਖਿਆ ਸੀ। ਹੱਥਾਂ 'ਚ ਕੰਬਦੀ ਐਕਸਰੇ ਪਲੇਟ ਸੀ। ਡਾ. ਮਾਥੁਰ ਤੋਂ ਸਭ ਪਤਾ ਲੱਗ ਗਿਆ ਸੀ।

ਤੇਰੀ ਬੰਬਈ ਲੈ ਕੇ ਜਾਣ ਦੀ ਸਲਾਹ ਠੀਕ ਸੀ। ਜੇ ਉਥੇ ਲੈ ਜਾਂਦੇ ਦੇਵੇਨ, ਤਾਂ ਸ਼ਾਇਦ ------ਸ਼ਾਇਦ। ਪਰ ਉਸ ਵਾਸਤੇ ਸਮਾਂ ਹੀ ਕਿਥੇ ਬਚਿਆ ਸੀ। ਮਾਥੁਰ ਨੇ ਨਾ ਸਾਫ ਕਹਿ ਦਿੱਤਾ ਸੀ : 'ਹੁਣ ਕੋਈ ਉਪਾਅ ਨਹੀਂ, ਜਿਹੜੇ ਦਿਨ ਬਚੇ ਨੇ, ਕਿਸੇ ਤਰਾਂ ਖ ਜਿਉਂ ਲੈਣ ਦਿਉ।'
ਉਸ ਰਾਤ ਨੀਂਦ ਕਾਹਦੀ ਆਉਣੀ ਸੀ। ਤੜਕੇ ਸਵੇਰਾ ਹੁੰਦੇ ਹੀ ਪਹੁੰਚਿਆ ਉਹ ਤਾਂ ਟੈਕਸੀ ਜਾ ਚੁੱਕੀ ਸੀ। ਸਾਹਮਣੇ ਧੂੜ ਉੱਡ ਰਹੀ ਸੀ। ਦੂਰ-ਬਹੁਤ ਹੁੰਦੀ। ਦੂਰ ਲੜ ਕਿਸੇ ਛੋਟੇ ਜਿਹੇ ਕੁੱਤੇ ਦੇ ਭੌਂਕਣ ਦੀ ਆਵਾਜ਼ ਸੀ ਅਤੇ ਦਰਵਾਜ਼ੇ ਤੇ ਕੰਧ ਦੇ ਆਸਰੇ ਬਣੇ ਖੜ੍ਹੀ ਕੋਈ ਬਿਰਧ ਔਰਤ ਸਿਸਕੀਆਂ ਭਰ ਰਹੀ ਸੀ।

ਭਾਰੇ ਮਨ ਤੇ ਭਾਰੇ ਪੈਰਾਂ ਨਾਲ ਮੁੜ ਆਇਆ। ਸੋਚਦਾ ਇਹ ਕੀ ਹੋਇਆ ਕਿਉਂ ਹੋਇਆ? ਫੇਰ ਲੱਗਦਾ 'ਇਹ ਕੀ ਅਤੇ ਕਿਉਂ ' ਵੀ ਕੀ ਅੱਜ ਦੇ ਲਈ ਕੋਈ ਅਸਹਿਜ ਗੱਲ ਹੈ? ਅਤੇ ਚੁੱਪ ਦੀ ਮੂਰਤ ਬਣਿਆ ਤੇਰੇ ਖ਼ਤ ਦੀ ਰਾਹ ਵੇਖਦਾ ਰਿਹਾ। ਇੱਕ ਵਾਰੀ ਜਾਣ ਬਾਰੇ ਵੀ ਸੋਚਿਆ-ਪਰ ਇਹ ਸ਼ਾਇਦ ਠੀਕ ਨਾ ਲੱਗਦਾ।

000

ਇਸ ਸਾਲ ਅਸੀਂ ਉਥੇ ਗਏ।

ਰਿਚਾ ਨੇ ਪੁੱਛ ਹੀ ਲਿਆ,"ਕਿਹੜਾ ਹੈ ਉਹ ਹੋਟਲ?"

ਅਤੇ ਮੈਂ ਜਿੰਨਾ ਟਾਲਣਾ ਚਾਹਿਆ ਉੱਨੀ ਹੀ ਉਸਦੀ ਜਿੱਦ ਵਧਦੀ ਗਈ। ਹਾਰ ਕੇ ਇਕ ਦਿਨ ਲੈ ਹੀ ਗਿਆ। ਕਾਸ਼! ਮੈਂ ਉਥੇ ਜਾਣ ਤੋਂ ਉਸਨੂੰ ਰੋਕ ਸਕਦਾ। ਪਰ ਰਿਚਾ। ਸ਼ਾਇਦ ਸਮਝ ਗਈ ਸੀ ਉਸ ਨੇ ਹੋਰ ਕੁਝ ਨਹੀਂ ਪੁੱਛਿਆ।

ਜਿਹੜੇ ਕਮਰੇ ਵਿਚ ਤੁਸੀਂ ਠਹਿਰੇ ਸੀ, ਉਸ ਵਿਚ ਹੁਣ ਕੋਈ ਨਵਾਂ ਵਿਆਹਿਆ ਜੋੜਾ ਸੀ। ਦੋਵੇਂ ਖਿੜਕੀ ਚੋਂ ਝੁਕ ਕੇ ਸਾਹਮਣੇ ਹਰੀ ਝੀਲ ਦੀਆਂ ਹਵਾ ਨਾਲ ਉੱਠਦੀਆਂ, ਉਭਰਦੀਆਂ ਲਹਿਰਾਂ ਨੂੰ ਟਿਕਟਿਕੀ ਲਾ ਕੇ ਵੇਖ ਰਹੇ ਸਨ। ਕਿਤੇ ਕਿਤੇ ਸੂਰਜ ਦੀਆਂ ਕਿਰਣਾਂ ਨਾਲ ਪਾਣੀ ਪਾਰੇ ਵਾਂਗੂੰ ਚਮਕ ਰਿਹਾ ਸੀ। ਦਰਖਤ ਜਿਵੇਂ ਝੀਲ ਵੱਲ ਝੁਕ ਆਏ ਸਨ-ਸਾਰੇ ਪਹਾੜ ਵੀ।

ਔਰਤ ਦੂਰੋਂ ਬਿਲਕੁਲ ਉਵੇਂ ਲੱਗਦੀ ਸੀ ਜਿਵੇਂ ਤੂੰ ਵਸੁਧਾ ਬਾਰੇ ਦੱਸਿਆ ਸੀ। ਉਹੋ ਜਿਹੀ ਹੀ ਗੂੜੇ ਪਿੰਕ ਕਲਰ ਦੀ ਸਾੜ੍ਹੀ-ਬਾਹਵਾਂ ਵਿਚ ਉਸੇ ਰੰਗ ਦੀਆਂ ਬਹੁਤ ਸਾਰੀਆਂ ਚੂੜੀਆਂ। ਤੇ ਕਿੰਨੀ ਹੈਰਾਨੀ ਦੀ ਗੱਲ ਹੈ ਦੇਵੇਨ ਕਿ ਪਿੱਛਿਉਂ ਵੇਖਣ ਤੇ ਉਹ ਆਦਮੀ ਵੀ ਤੇਰੇ ਨਾਲ ਮਿਲਦਾ ਜੁਲਦਾ ਲੱਗਦਾ ਸੀ। ਦਰਵਾਜੇ ਤੋਂ ਹੀ ਅਸੀਂ ਮੁੜ ਆਏ। ਉਹਨਾਂ ਨੂੰ ਅਹਿਸਾਸ ਤੱਕ ਵੀ ਨਹੀਂ ਹੋਇਆ ਹੋਣਾ ਕਿ ਕੌਣ ਆਇਆ ਤੇ ਕਿਉਂ ਉਹਨੀਂ ਪੈਰੀਂ ਵਾਪਸ ਮੁੜ ਗਿਆ।

ਸ਼ਾਮ ਨੂੰ ਟਿਫ਼ਨ ਟਾਪ ਤੇ ਵੀ ਗਏ। ਦੇਰ ਤੱਕ ਦਿਉਦਾਰਾਂ ਵਿਚ ਭਟਕਦੇ ਰਹੇ। ਰਿਚਾ ਨੇ ਅੰਤ ਵਿਚ ਉਹ ਦਰਖਤ ਵੀ ਲੱਭ ਲਿਆ ਜਿਸ' ਤੇ ਵਸੁਧਾ ਨੇ ਨਾਮ ਉੱਕਰਿਆ ਸੀ। ਇੱਕ ਇੱਕ ਅੱਖਰ ਹੁਣ ਵੀ ਉਸੇ ਤਰ੍ਹਾਂ ਤਾਜ਼ਾ ਸੀ। ਉਵੇਂ ਹੀ ਖੜ੍ਹਾ ਸੀ ਉਹ ਬਿਰਖ।

ਤੂੰ ਜਿਵੇਂ ਦੱਸਿਆ ਸੀ, ਠੀਕ ਉਸੇ ਤਰ੍ਹਾਂ ਉਸ ਦਿਨ ਵੀ ਸ਼ਾਮ ਦਾ ਵੇਲਾ ਸੀ। ਉਸੇ ਤਰਾਂ ਸੂਰਜ ਡੁੱਬ ਰਿਹਾ ਸੀ। ਅਤੇ ਉਸੇ ਤਰਾਂ ਪੂਰਨਮਾਸ਼ੀ ਦਾ ਚੰਦ ਵੀ ਉਸੇ ਤਰਾਂ ਲੜੀਆ-ਕਾਟਾ ਦੇ ਡੰਡਿਆਂ ਤੋਂ ਝੁਕ ਝੁਕ ਕੇ ਤੱਕ ਰਿਹਾ ਸੀ। ਝੀਲ ਵਿਚ ਰੰਗ ਬਰੰਗੀਆਂ ਛੋਟੀਆਂ ਛੋਟੀਆਂ ਕਿਸ਼ਤੀਆਂ ਤੈਰ ਰਹੀਆਂ ਸਨ। ਥੱਲੇ ਉਤਰਦੇ ਵੇਲੇ ਡਾਂਡੀ ਵਿਚ ਬੈਠੀ ਇੱਕ ਰੋਗੀ ਔਰਤ ਤੇ ਨਾਲ ਚਲਦਾ ਉਸਦਾ ਸਾਥੀ ਮਿਲੇ।

ਕਿਉਂ ਉਸ ਸਾਰੇ ਸਫ਼ਰ ਵਿਚ ਤੇਰੀ ਹੋਂਦ ਦਾ ਅਹਿਸਾਸ ਹੁੰਦਾ ਰਿਹਾ, ਦੇਵੇਨ?

ਕਿਉਂ ਰਾਤ ਨੂੰ ਪਲ ਭਰ ਲਈ ਵੀ ਅੱਖ ਨਹੀਂ ਲੱਗ ਸਕੀ? ਕਿਉਂ ਪਾਗਲਾਂ ਵਾਂਗੂੰ ਮੈਂ ਮਾਲ ਰੋਡ ਤੇ ਭਟਕਦਾ ਰਿਹਾ?

ਫਿਰ ਉਥੇ ਕਦੇ ਨਾਂ ਜਾਣ ਦੀ ਸੌਂਹ ਖਾ ਕੇ ਜਦੋਂ ਮੁੜਿਆ ਤਾਂ ਚੰਡੀਗੜ੍ਹ ਤੋਂ ਲਿਖਿਆ ਤੇਰਾ ਖ਼ਤ ਆਇਆ ਪਿਆ ਸੀ।

ਪੜ੍ਹਦੇ-ਪੜ੍ਹਦੇ ਤੇਰੀ-ਉਹੀ ਹਾਲਤ ਅੱਖਾਂ ਮੂਹਰੇ ਘੁੰਮ ਰਹੀ ਸੀ। ਹਾਂ ਉਹੀ ਜਦੋਂ ਤੂੰ ਆਇਆ ਸੀ -ਟੁੱਟਿਆ ਹੋਇਆ, ਬਿਖਰਿਆ ਹੋਇਆ, ਜਿਵੇਂ ਤੂੰ ਹੋ ਕੇ ਵੀ ਨਹੀਂ ਸੀ-ਤੇ ਇਕਦਮ ਸੋਫ਼ੇ ਵਿਚ ਧਸ ਕੇ ਅੱਖਾਂ ਬੰਦ ਕਰੀ ਜੜ੍ਹ ਜਿਹਾ ਹੋ ਕੇ ਬੈਠ ਗਿਆ ਸੀ।

ਕਿਸੇ ਤਰਾਂ ਤੂੰ ਦੱਸਿਆ ਕਿ ਜਮੁਨਾ ਵਿਚ ਫੁੱਲ-ਪ੍ਰਵਾਹ ਕਰਨ ਲਈ ਤੈਥੋਂ ਜਾ ਨਹੀਂ ਹੋਇਆ। ਪੋਟਲੀ ਆਲੇ ਵਿਚ ਰੱਖ ਕੇ ਇਉਂ ਹੀ ਗੂੰਗਾ ਜਿਹਾ ਮੁੜ ਆਇਆ ਸੀ। ਤੇ ਫੇਰ-ਫੇਰ ਪਤਾ ਨਹੀਂ ਕਿਹੜੀ ਰੌ ਵਿਚ ਤੂੰ ਕੀ ਦਾ ਕੀ, ਇਕੋ ਸਾਹ ਸੁਣਾ ਗਿਆ ਸੀ।

ਉਹਨਾਂ ਸਾਰੀਆਂ ਟੁਕੜੇ ਟੁਕੜੇ ਘਟਨਾਵਾਂ ਨੂੰ ਜੋੜ ਕੇ, ਕਹਾਣੀ ਵਿਚ ਪਰੋ ਕੇ, ਸਾਰੀ ਘਟਨਾ, ਮੈਂ ਇੱਕ ਦਿਨ 'ਸਪਤਾਹਿਕ ਹਿੰਦੋਸਤਾਨ' ਵਿਚ ਛਪਵਾ ਦਿੱਤੀ ਤਾਂ ਤੂੰ ਜਿਵੇਂ ਬੌਂਦਲ ਗਿਆ ਸੀ। ਤੂੰ ਇਥੋਂ ਤੱਕ ਲਿਖਿਆ ਕਿ ਤੇਰੀਆਂ ਇਹਨਾਂ ਬਿਲਕੁਲ ਨਿੱਜੀ ਗੱਲਾਂ ਨੂੰ ਇਸ ਤਰ੍ਹਾਂ ਕਿਉਂ ਲਿਖ ਦਿੱਤਾ ਮੈਂ ਤੇ ਲਿਖਣ ਹੀ ਲੱਗਿਆ ਸੀ ਤਾਂ ਕਿਉਂ ਵਸੁਧਾ ਬਾਰੇ ਸਾਰੀਆਂ ਗੱਲਾਂ ਸੱਚੋ ਸੱਚ ਨਹੀਂ ਲਿਖੀਆਂ-ਉਹ ਤਾਂ ਇਹਨਾਂ ਗੱਲਾਂ ਤੋਂ ਹਜ਼ਾਰ ਗੁਣਾ ਵੱਧ ਦਿਆਲੂ ਸੀ।

ਪਰ ਤੂੰ ਹੀ ਦੱਸ ਦੇਵੇਨ, ਮੈਂ ਜੇ ਸਾਰਾ ਕੁਝ ਸੱਚੋ-ਸੱਚ ਲਿਖ ਦਿੰਦਾ ਤਾਂ ਉਹ ਹਰ ਕਿਸੇ ਨੂੰ ਝੂਠ ਨਹੀਂ ਲੱਗਦਾ? ਅਸੁਭਾਵਿਕ ਨਹੀਂ ਸੀ ਲੱਗਣਾ? ਅੱਜ ਦੀ ਦੁਨੀਆਂ ਵਿਚ ਅਜਿਹੀ ਮਾਂ ਤੇ ਭੈਣ ਵਾਸਤੇ ਏਨੀ ਬੇਦਰਦੀ ਨਾਲ ਆਪਣੀ ਬਲੀ ਦੇ ਦੇਣ ਵਾਲੀ-ਵਸੁਧਾ ਵਰਗੀ ਕੁੜੀ ਦੀ ਭਲਾ ਕੋਈ ਕਲਪਨਾ ਵੀ ਕਰ ਸਕਦਾ ਹੈ?

"ਓ, ਤੁਸੀਂ!"

ਉਹ ਹੈਰਾਨੀ ਨਾਲ ਤੱਕਦੀ ਰਹੀ। ਆਪਣੀਆਂ ਅੱਖਾਂ ਤੇ ਉਸ ਨੂੰ ਇਤਬਾਰ ਨਹੀਂ ਆਇਆ।

“ਕਦੋਂ ਆਏ?"ਉਸ ਨੇ ਚਹਿਕ ਕੇ ਪੁੱਛਿਆ।

"ਬੱਸ ਤੁਰਿਆ ਹੀ ਆ ਰਿਹਾ ਹਾਂ-ਤਾਰ ਨਹੀਂ ਮਿਲੀ?”

ਵਸੁਧਾ ਨੇ ਇੰਜ ਹੀ ਮੁਸਕਰਾਉਣ ਦੀ ਕੋਸ਼ਿਸ਼ ਕੀਤੀ।

“ਤਾਰ ਦਿੰਦੇ ਤਾਂ ਏਥੇ ਨਾ ਪਹੁੰਚਦੀ?”

“ਨਹੀਂ-ਨਹੀਂ ਮੈਂ ਡਾਕਖਾਨੇ ਜਾ ਕੇ ਆਪ ਤਾਰ ਦਿੱਤੀ ਸੀ। ਤੂੰ ਕਹਿੰਦੀ ਐਂ , ਮਿਲੀ ਨਹੀਂ ! ਬੜੀ ਅਜੀਬ ਗੱਲ ਐ"

ਵਸੁਧਾ ਹੱਸ ਪਈ,“ਇਹਦੇ ਵਿਚ ਪ੍ਰੇਸ਼ਾਨ ਹੋਣ ਵਾਲੀ ਕਿਹੜੀ ਗੱਲ ਹੈ-ਨਹੀਂ ਮਿਲੀ ਤਾਂ ਨਹੀਂ ਮਿਲੀ ਬੱਸ।

ਉਸਨੇ ਅਟੈਚੀ ਅਤੇ ਬੈਗ ਚੁੱਕ ਕੇ ਅੰਦਰ ਰੱਖ ਦਿੱਤਾ।

"ਦੱਸੋ ਕੀ ਪੀਉਗੇ? ਹਾਟ ਜਾਂ ਕੋਲਡ?"

“ਹੁਣੇ ਤਾਂ ਆਇਆ ਹਾਂ। ਜ਼ਰਾ ਸਾਹ ਲੈਣ ਦੇ। ਫੇਰ ਹਾਟ ਵੀ ਪੀਵਾਂਗਾ ਤੇ ਕੋਲਡ ਵੀ।"ਕੋਲ ਪਈ ਕੁਰਸੀ ਤੇ ਬੈਠ ਕੇ ਉਹ ਸ਼ਰਾਰਤ ਨਾਲ ਵੇਖਣ ਲੱਗਿਆ।

“ਬੜੀ ਭੀੜ ਸੀ ਕਾਲਕਾ ਮੇਲ ਵਿਚ, ਕਿਤੇ ਤਿਲ ਧਰਨ ਨੂੰ ਵੀ ਥਾਂ ਨਹੀਂ ਸੀ ਬੂਟਾਂ ਦੇ ਤਸਮੇਂ ਖੋਹਲਦਾ ਉਹ ਬੋਲਿਆ,

"ਆਦਮੀ ਬੋਰਿਆਂ ਵਾਂਗੂੰ ਭਰੇ ਪਏ ਸਨ-ਕਾਲਜ ਦੇ ਕੁਝ ਲਫੰਗਿਆਂ ਨੇ ਕਿਸੇ ਤੀਵੀਂ ਨੂੰ ਛੇੜਿਆ ਤੇ ਉਹਦੇ ਕੱਪੜੇ ਪਾੜ ਦਿੱਤੇ। ਲੋਕ ਵੇਖਦੇ ਰਹੇ, ਪਰ ਕਿਸੇ ਨੇ ਕੁਝ ਨਹੀਂ ਕਿਹਾ। ਆਰ.ਪੀ.ਐਫ. ਦੇ ਜਵਾਨ ਵੀ ਕੋਲੇ ਹੀ ਖੜ੍ਹੇ ਸਨ। ਸਰਕਾਰ ਨਾਂ ਦੀ ਤਾਂ ਕੋਈ ਚੀਜ਼ ਰਹਿ ਹੀ ਨਹੀਂ ਗਈ ਇਸ ਮੁਲਕ 'ਚ ਬਸ ਹਨੇਰ ਮੱਚਿਆ ਪਿਆ।"

ਵਸੁਧਾ ਸੋਫੇ ਤੇ ਖਿਲਰੇ ਕੱਪੜੇ ਛੇਤੀ ਛੇਤੀ ਚੁੱਕਣ ਲੱਗੀ। ਹੈਂਗਰ ਤੇ ਉਹਨਾਂ ਨੂੰ ਟੰਗ ਕੇ ਬੋਲੀ,"ਸਰਕਾਰ ਨਾਂ ਦੀ ਕੋਈ ਚੀਜ਼ ਰਹੀ ਜਾਂ ਨਹੀਂ ਰਹੀ ਦੇਵੇਨ, ਪਰ ਮੈਨੂੰ ਤਾਂ ਹੁਣ ਇਉਂ ਵੀ ਲੱਗਣ ਲੱਗ ਪਿਆ ਹੈ ਕਿ ਭਗਵਾਨ ਨਾਂ ਦੀ ਵੀ ਕੋਈ ਚੀਜ਼ ਨਹੀਂ ਰਹੀ ਹੁੰਦੀ-ਤਾਂ ਦੁਨੀਆਂ 'ਚ ਐਨਾ ਹਨੇਰ ਨਾ ਹੁੰਦਾ।"

ਉਸਨੇ ਲੰਬਾ ਸਾਹ ਭਰਿਆ। ਛੋਟੇ ਮੋਟੇ ਗੰਦੇ ਕੱਪੜਿਆਂ ਨੂੰ ਤੌਲੀਏ ਵਿਚ ਲਪੇਟ ਕੇ ਝੱਟ ਮੰਜੇ ਥੱਲੇ ਸੁੱਟ ਦਿੱਤਾ।

ਦੇਵੇਨ ਵੇਖਦਾ ਰਿਹਾ। ਫੇਰ ਹੱਸਦਾ ਬੋਲਿਆ,"ਤੂੰ ਤਾਂ ਇਉਂ ਨਾ ਕਹਿ, ਤੂੰ ਤਾਂ ਪੁਜਾਰਨ ਹੈਂ ਤੇ ਤੇਰੇ ਸਾਹਮਣੇ ਕ੍ਰਿਸ਼ਨ ਕਨ੍ਹਈਆ ਬੈਠਾ ਹੈ ਸੁਣੇਗਾ ਤਾਂ ਕੀ ਕਹੇਗਾ?"

ਦੋਵੇਂ ਹੱਸ ਪਏ-ਇਕੱਠੇ ਹੀ।

ਆਰਾਮ ਨਾਲ ਦੂਰ ਤੱਕ ਲੱਤਾਂ ਪਸਾਰ ਕੇ ਧੌਣ ਸੋਫੇ ਦੀ ਪਿੱਠ ਤੇ ਸੁੱਟ ਕੇ-ਛੱਤ ਤੇ ਤੇਜ਼ ਘੁੰਮਦੇ ਪੱਖੇ ਵੱਲ ਵੇਖਦਾ ਰਿਹਾ ਉਹ।

"ਕੰਚਨ ਕਿੱਥੇ ਐ?"ਅਚਾਨਕ ਉਸਨੂੰ ਜਿਵੇਂ ਯਾਦ ਆਇਆ।

"ਗਈ ਹੋਵੇਗੀ ਕਿਤੇ ਮਟਰਗਸ਼ਤੀ ਕਰਨ! ਘਰ ਨਾਲ ਉਹਨੂੰ ਕੀ? ਹੁਣ ਤਾਂ ਕਦੇ ਕਦੇ ਰਾਤ ਨੂੰ ਵੀ ਨਹੀਂ ਆਉਂਦੀ। ਮਾਂ ਨੇ ਉਸਨੂੰ ਕਿਤੇ ਦਾ ਵੀ ਨਹੀਂ ਰਹਿਣ ਦੇਣਾ।"ਵਸੁਧਾ ਦੇ ਚਿਹਰੇ ਤੇ ਅਜੀਬ ਜਹੀ ਉਦਾਸੀ ਛਾ ਗਈ। ਦੇਵੇਨ ਦੀਆਂ ਜੁੱਤੀਆਂ ਠੀਕ ਕਰਕੇ ਰੱਖਦੀ ਬੋਲੀ,"ਹਨੇਰ ਹੈ ਦੇਵੇਨ-ਹਨੇਰ ਹੈ।"

ਦੇਵੇਨ ਦੀਆਂ ਅੱਖਾਂ ਬੰਦ ਸਨ। ਰਾਤ ਦਾ ਸਫ਼ਰ ਕਰਕੇ ਆਉਣ ਕਾਰਨ ਉਹ ਕਾਫ਼ੀ ਥੱਕਿਆ ਥੱਕਿਆ ਲੱਗ ਰਿਹਾ ਸੀ। ਉਸਦੀਆਂ ਅੱਖਾਂ ਨੀਂਦ ਨਾਲ ਭਰੀਆਂ ਸਨ। ਸਰੀਰ ਸਿੱਥਲ ਜਿਹਾ।

ਵਸੁਧਾ ਰਸੋਈ 'ਚ ਜਾ ਕੇ ਛੇਤੀ ਛੇਤੀ ਨਾਸ਼ਤਾ ਤਿਆਰ ਕਰਨ ਲੱਗੀ। ਅੰਗੀਠੀ ਤੇ ਚਾਹ ਧਰ ਦਿੱਤੀ ਅਤੇ ਸਟੋਵ ਤੇ ਪਤੀਲੀ ਰੱਖ ਕੇ ਕੁਝ ਤਲਣ ਲੱਗੀ।

000

ਵਸੁਧਾ ਉਹਨਾਂ ਦਿਨਾਂ ਬਾਰੇ ਸੋਚਣ ਲੱਗੀ ਜਦੋਂ ਦੇਵੇਨ ਦਿੱਲੀ 'ਚ ਹੁੰਦਾ ਸੀ। ਕ੍ਰਿਸ਼ਨਾ ਕਮਰਸ਼ੀਅਲ ਅਕੈਡਮੀ ਵਿੱਚ ਦੋਵੇਂ ਇੱਕਠੇ ਟਾਈਪ ਸਿੱਖਦੇ ਹੁੰਦੇ ਸਨ। ਅਕੈਡਮੀ ਦਾ ਮਾਲਕ ਸ਼ਰਮਾ ਟਾਈਪ ਸਿਖਾਉਂਦੇ ਸਮੇਂ ਅਚਾਨਕ ਹੀ ਉਹਦੀਆਂ ਉਂਗਲਾਂ ਛੂਹ ਲੈਂਦਾ ਸੀ।

ਛੁੱਟੀ ਵਾਲੇ ਦਿਨ ਵੀ ਉਸ ਨੂੰ ਟਾਈਪ ਸਿਖਾਉਣ ਲਈ ਬੁਲਉਂਦਾ ਰਿਹਾ-ਪਰ ਉਹਦਾ ਇਰਾਦਾ ਦੇਖ ਕੇ ਉਹ ਕਦੇ ਨਹੀਂ ਗਈ।

ਕਿਹੋ ਜਿਹੀ ਭੈੜੀ ਸੂਰਤ ਸੀ ਸ਼ਰਮਾ ਦੀ। ਚਿਹਰੇ ਤੇ ਚੇਚਕ ਦੇ ਭੈੜੇ ਜਿਹੇ ਦਾਗ ਤੇ ਲਾਲ ਲਾਲ ਅੱਖਾਂ-ਸ਼ਰਾਬੀਆਂ ਵਰਗੀਆਂ। ਉਹਦੇ ਵੱਲ ਵੇਖਕੇ ਡਰ ਆਉਂਦਾ ਸੀ। ਗੋਵਰ ਕਹਿੰਦੀ ਸੀ, ਮਿਸ ਬਿਮਲਾ ਨਾਲ ਉਸਦੇ ਬੜੇ ਗਹਿਰੇ ਤਅੱਲਕਾਤ ਸਨ। ਛੁੱਟੀ ਦੇ ਦਿਨ ਵੀ ਉਹ ਲਗਾਤਾਰ ਅਉਂਦੀ ਸੀ। ਕਦੇ ਕਦੇ ਆਪਣੀਆਂ ਸਹੇਲੀਆਂ ਨੂੰ ਵੀ ਨਾਲ ਲਿਆਉਂਦੀ ਸੀ। ਸ਼ਰਮਾ ਦੇ ਦੋਸਤਾਂ ਦਾ ਵੀ ਘਾਟਾ ਨਹੀਂ ਸੀ ਜਿਸ ਤੋਂ ਵੀ ਕੋਈ ਕੰਮ ਕਢਵਾਉਣਾ ਹੁੰਦਾ, ਬੁਲਾ ਲੈਂਦਾ। ਬਿਮਲਾ ਹੁਣ 'ਫੂਡ ਮਨਿਸਟਰੀ' ਵਿਚ ਸਟੈਨੋ ਹੈ।

ਕਿਸੇ ਮਨਿਸਟਰੀ ਵਿਚ ਨੌਕਰੀ ਕਰਨ ਦੀ ਤਮੰਨਾ ਤਾਂ ਵਸੁਧਾ ਦੀ ਵੀ ਸੀ-ਪਰ ਇਸ ਤਰ੍ਹਾਂ ਨਹੀਂ।

ਮਾਂ ਰੋਜ਼ ਝਿੜਕਦੀ ਰਹਿੰਦੀ। ਕਦੇ ਕਦੇ ਤਾਂ ਗਰਜ਼ ਵੀ ਪੈਂਦੀ, ਤੇਰੇ ਨਾਲ ਦੀਆਂ ਸਾਰੀਆਂ ਕੁੜੀਆਂ ਹੀਲੇ ਨਾਲ ਲੱਗ ਗਈਆਂ ਤੇ ਤੂੰ ਉਮਰ ਭਰ ਟਾਈਪਿੰਗ ਹੀ ਸਿੱਖਦੀ ਰਹੇਂਗੀ। ਤੇਰੇ ਤੋਂ ਤਾਂ ਕੰਚੋ ਲੱਖ ਗੁਣਾਂ ਚੰਗੀ ਐ, ਸਮੇਂ ਨੂੰ ਪਛਾਣ ਕੇ ਤਾਂ ਤੁਰਦੀ ਐ।"

"ਉਹਨੂੰ ਸਮੇਂ ਨਾਲ ਤੁਰਨ ਦੇ ਮਾਂ-ਮੈਨੂੰ ਬਖਸ਼। ਮੈਥੋਂ ਨਹੀਂ ਹੋਣਾ ਇਹ ਸਾਰਾ ਕੁਝ।"

"ਆਹੋ ! ਮਰ ਜਾਣੀਏ ! ਤੂੰ ਕਿਉਂ ਕਹੇਂਗੀ, ਜੀਹਨੂੰ ਦੋ ਵੇਲੇ ਢਿੱਡ 'ਚ ਤੁੰਨਣ ਲਈ ਦੋ ਰੋਟੀਆਂ ਮਿਲ ਜਾਣ-ਉਹ ਕਿਉਂ ਕਰੇਗਾ ਮਿਹਨਤਾਂ, ਦੇਖ ਸਾਹਮਣੇ - ਵੇਦ ਦੇ ਘਰ ਨੌਂ ਨੌਂ ਸੌ ਰੁਪਏ ਮਹੀਨੇ ਦੇ ਆ ਰਹੇ ਹਨ। ਤਿੰਨ ਕੁੜੀਆਂ ਨੇ ਤਿੰਨੋ ਕਮਾਉਂਦੀਆਂ ਨੇ।"

ਵਸੁਧਾ ਇਹਨਾਂ ਗੱਲਾਂ ਦਾ ਕੀ ਜੁਆਬ ਦਿੰਦੀ। ਚੁੱਪਚਾਪ ਟਾਲ ਦਿੰਦੀ।

000

ਸ਼ਰਮਾ ਨੇ ਮੌਕਾ ਦੇਖ ਕੇ, ਇਕ ਦਿਨ ਉਸਨੂੰ ਕੈਬਿਨ ਵਿਚ ਬੁਲਾਇਆ। ਘਰ ਦੀ ਹਾਲਤ ਬਾਰੇ ਵਿਸਥਾਰ ਨਾਲ ਪੁੱਛਦਾ ਰਿਹਾ। ਨਾਲ ਨਾਲ ਹਮਦਰਦੀ ਵੀ ਜਤਾਉਂਦਾ ਰਿਹਾ। ਤੇਰੇ

ਪਿਤਾ ਜੀ ਕਦੋਂ ਤੋਂ ਬਿਮਾਰ ਹਨ? ਦਿੱਲੀ ਵਿਚ ਚੰਗੇ ਚੰਗੇ ਹਸਪਤਾਲ ਨੇ-ਕਿਤੋਂ ਇਲਾਜ ਕਿਉਂ ਨਹੀਂ ਕਰਵਾਇਆ? ਉਸਦੀ ਚੰਗੀ ਜਾਣ ਪਹਿਚਾਣ ਹੈ। ਉਹ ਮਦਦ ਕਰ ਸਕਦਾ ਹੈ। ਰਿਸ਼ਤੇਦਾਰ ਤਾਂ ਹੋਣਗੇ ਬਹੁਤ ਸਾਰੇ-ਉਹ ਕੋਈ ਸਹਾਇਤਾ ਕਿਉਂ ਨਹੀਂ ਕਰਦੇ? ਇਨਸਾਨ ਤੇ ਮਾੜੇ ਦਿਨ ਤਾਂ ਆਉਂਦੇ ਈ ਨੇ-ਉਹਦੀ ਮਦਦ ਕਰਨੀ ਚਾਹੀਦੀ ਹੈ- ਇਹੋ ਤਾਂ ਇਨਸਾਨੀਅਤ ਦਾ ਧਰਮ ਹੈ।

ਉਸ ਮਹੀਨੇ ਉਸਨੇ ਫੀਸ ਲੈਣੋ ਵੀ ਨਾਂਹ ਕਰ ਦਿੱਤੀ।

ਜਿਸ ਤਰ੍ਹਾਂ ਇਹ ਸਾਰਾ ਕੁਝ ਵਾਪਰ ਰਿਹਾ ਸੀ, ਵਸੁਧਾ ਉਸ ਤੋਂ ਪ੍ਰੇਸ਼ਾਨ ਸੀ। ‘ ਸੁਭਾਅ ਦੀ ਸੰਕੋਚੀ ਸੀ-ਮੂੰਹ ਤੇ ਸਿੱਧੀ ਗੱਲ ਕਹਿਣ ਦੀ ਆਦਤ ਨਹੀਂ ਸੀ। ਉਹੋ ਜਿਹੇ ਸੰਸਕਾਰ ਹੀ ਨਹੀਂ ਸਨ।

ਦੇਵੇਨ ਉਸਦੇ ਕੋਲ ਹੀ ਬਹਿੰਦਾ ਸੀ। ਇਕ ਦਿਨ ਸਾਰੀ ਸਥਿਤੀ ਨੂੰ ਤਾੜ ਕੇ ਬੋਲਿਆ,"ਸ਼ਰਮੇ ਦੀ ਨੀਅਤ ਠੀਕ ਨਹੀਂ ਲੱਗਦੀ। ਸ਼ਾਮ ਨੂੰ ਚੱਲਾਂਗੇ। ਸੈਂਟਰਲ ਮਾਰਕੀਟ ਵਿਚ ਇੱਕ ਹੋਰ ਟਾਈਪਿੰਗ ਸਕੂਲ ਹੈ-ਉਥੇ ਪੁੱਛਾਂਗੇ।”

ਉਦੋਂ ਹੀ ਸ਼ਰਮਾਂ ਨੇ ਵਸੁਧਾ ਨੂੰ ਬੁਲਾਇਆ। ਚਾਹ ਨਾਲ ਮੱਖਣ ਟੋਸਟ ਵੀ ਖੁਆਉਂਦਾ ਰਿਹਾ। ਅੰਤ ਵਿਚ ਉਸਨੇ ਬੇਸ਼ਰਮੀ ਨਾਲ ਜਿਹੜਾ ਪ੍ਰਸਤਾਵ ਰੱਖਿਆ ਉਹ ਸੁਣ ਕੇ ਤਾਂ ਵਸੁਧਾ ਘਬਰਾ ਗਈ।

ਉਸ ਦਿਨ ਆਪਣੀ ਸੀਟ ਤੇ ਆਕੇ ਉਸ ਤੋਂ ਟਾਈਪ ਨਾ ਹੋ ਸਕੀ। ਉਂਗਲਾਂ ਗਲਤ ਬਟਨਾਂ ਤੇ ਜਾ ਟਿਕਦੀਆਂ-ਕੁਝ ਦਾ ਕੁਝ ਟਾਈਪ ਹੋ ਜਾਂਦਾ।

ਉਸਦੇ ਹੱਥ ਕੰਬ ਰਹੇ ਸਨ-ਉਂਗਲਾਂ ਕੰਬ ਰਹੀਆਂ ਸਨ-ਸਾਰਾ ਸਰੀਰ ਕੰਬ ਰਿਹਾ ਸੀ-ਜਿਹੋ ਜਿਹੇ ਸ਼ਬਦ ਸ਼ਰਮਾ ਨੇ ਕਹੇ ਸਨ। ਉਹੋ ਜਿਹੇ ਉਸਨੇ ਅੱਜ ਤੱਕ ਨਹੀਂ ਸਨ ਸੁਣੇ।

ਸਮੇਂ ਤੋਂ ਪਹਿਲਾਂ ਹੀ ਉਹ ਉੱਠ ਕੇ ਤੁਰ ਪਈ। ਅਜੇ ਫਿਰੋਜ਼ ਗਾਂਧੀ ਰੋਡ ਦੇ ਚੌਰਾਹੇ ਤੱਕ ਹੀ ਗਈ ਸੀ ਕਿ ਪਿੱਛਿਉਂ ਦੇਵੇਨ ਨੇ ਆਵਾਜ਼ ਮਾਰੀ।

ਵਸੁਧਾ ਰੁਕ ਗਈ।

"ਜਲਦੀ ਕਿਉਂ ਉੱਠ ਕੇ ਆ ਗਈ ਅੱਜ?”

“ਉਵੇਂ ਹੀ”

ਦੇਵੇਨ ਉਸਦੇ ਚਿਹਰੇ ਵੱਲ ਬਿਨਾ ਪਲਕ ਝਪਕੇ ਵੇਖਦਾ ਰਿਹਾ,"ਤੈਨੂੰ ਹੋਇਆ ਕੀ ਐ? ਘਬਰਾਈ ਘਬਰਾਈ ਜਿਹੀ ਕਿਉਂ ਹੈਂ?”

"ਕਿੱਥੇ?"ਉਂਜ ਹੀ ਹੱਸਣ ਦੀ ਕੋਸ਼ਿਸ਼ ਕੀਤੀ-ਵਸੁਧਾ ਨੇ।

"ਤਾਂ ਚੱਲ ਹੁਣੇ ਹੀ ਸੈਂਟਰਲ ਮਾਰਕੀਟ ਵਿਚ ਜਾ ਕੇ ਪੁੱਛ ਲੈਂਦੇ ਹਾਂ।”

“ਨਹੀਂ ਅੱਜ ਨਹੀਂ -------।”

ਵਸੁਧਾ ਚਲੀ ਗਈ।

ਉਸ ਰਾਤ ਉਹ ਬੜਾ ਰੋਈ।

ਦੂਜੇ ਦਿਨ ਟਾਈਪ ਸਿੱਖਣ ਨਾ ਗਈ ਤਾਂ ਸ਼ਾਮ ਨੂੰ ਦੇਵੇਨ ਆਪ ਆ ਗਿਆ।

ਵਸੁਧਾ ਉਦਾਸ ਸੀ। ਸ਼ਾਇਦ ਮਾਂ ਨਾਲ ਕੋਈ ਝਗੜਾ ਹੋ ਗਿਆ ਸੀ। ਸਵੇਰ ਤੋਂ ਖਾਣਾ ਵੀ ਨਹੀਂ ਸੀ ਖਾਧਾ- ਉਸਨੇ। ਮੂੰਹ ਲਟਕਾਇਆ ਹੋਇਆ ਸੀ।

ਦੇਵੇਨ ਚਲਿਆ ਗਿਆ ਤਾਂ ਉਸ ਸ਼ਾਮ ਨੂੰ ਦੇਰ ਤੱਕ ਪਾਰਕ ਵਿਚ ਇਕੱਲੀ ਬੈਠੀ ਰਹੀ।

## (2)

ਉਸ ਦਿਨ ਦੇਵੇਨ ਨਾਲ ਉਹ ਪਹਿਲੀ ਵਾਰ ਉਸਦੇ ਘਰ ਗਈ ਘਰ ਵਿੱਚ ਕੋਈ ਨਹੀਂ ਸੀ। ਉਸਦੀਆਂ ਖਿੱਲਰੀਆਂ ਕਿਤਾਬਾਂ, ਏਧਰ ਉਧਰ ਪਏ ਕਪੜੇ-ਵਸੁਧਾ ਨੇ ਸਲੀਕੇ ਨਾਲ ਤਹਿ ਮਾਰ ਕੇ ਰੱਖ ਦਿੱਤੇ। ਸਵੇਰ ਦੇ ਪਏ ਜੂਠੇ ਭਾਂਡੇ ਮਾਂਜ ਦਿੱਤੇ ਅਤੇ ਆਪ ਚਾਹ ਬਣਾ ਕੇ ਉਸ ਨੂੰ ਪਿਆਈ ਸੀ।

ਦੇਵੇਨ ਦੀ ਮਾਂ ਅਕਸਰ ਪਿੰਡ ਹੀ ਰਹਿੰਦੀ ਸੀ। ਉਥੇ ਕਾਫ਼ੀ ਲੰਬਾ ਚੌੜਾ ਕਾਰੋਬਾਰ ਸੀ। ਇਸ ਲਈ ਨਾ ਉਹ ਪਿੰਡ ਨੂੰ ਛੱਡ ਸਕਦੇ ਤੇ ਨਾਂ ਹੀ ਸਦਾ ਲਈ ਉਥੇ ਰਹਿ ਸਕਦੇ ਸਨ।

ਪਿਤਾ ਸਵੇਰੇ ਦਫ਼ਤਰ ਚਲੇ ਜਾਂਦੇ ਅਤੇ ਰਾਤ ਨੂੰ ਹੀ ਘਰ ਮੁੜਦੇ। ਦਿਨ ਭਰ ਦੇਵੇਨ ਇੱਕਲਾ ਰਹਿੰਦਾ। ਬੀ. ਏ. ਤੋਂ ਅੱਗੇ ਉਹ ਪੜ੍ਹ ਨਹੀਂ ਸਕਿਆ। ਇਸੇ ਵਿੱਚ ਹੀ ਤਿੰਨ ਚਾਰ ਸਾਲ ਲਾ ਦਿੱਤੇ। ਪਿਤਾ ਦਾ ਇਰਾਦਾ ਉਸਨੂੰ ਟਾਈਪ ਰਾਈਟਿੰਗ ਸਾਰਟਹੈਂਡ ਸਿਖਾ ਕੇ ਕਿਤੇ ਛੋਟੀ ਮੋਟੀ ਨੌਕਰੀ ਤੇ ਲਾ ਦੇਣ ਦਾ ਸੀ। ਉਹਨਾਂ ਦੇ ਇੱਕ ਦੋ ਮਿੱਤਰਾਂ, ਇਸ ਗੱਲ ਦਾ ਉਹਨਾਂ ਨੂੰ ਭਰੋਸਾ ਵੀ ਦਿਵਾਇਆ ਸੀ।

ਜਿਹੜੇ ਪੈਸੇ ਉਸਨੂੰ ਜੇਬ ਖਰਚ ਲਈ ਮਿਲਦੇ ਉਹਨਾਂ 'ਚੋਂ ਅੱਧੇ ਉਹ ਵਸੁਧਾ ਨੂੰ ਦੇ ਦਿੰਦਾ। ਸਿਹਤ ਖਰਾਬ ਰਹਿਣ ਕਾਰਨ ਜਦੋਂ ਤੋਂ ਵਸੁਧਾ ਦੇ ਪਿਤਾ ਦੀ ਨੌਕਰੀ ਛੁੱਟ ਗਈ ਸੀ, ਦਿਨ 'ਚ ਹੀ ਤਾਰੇ ਦਿਸਣ ਲੱਗ ਪਏ ਸਨ। ਘਰ ਦੀ ਹਾਲਤ ਇੱਕ ਦਮ ਵਿਗੜ ਗਈ ਸੀ।

ਪਿਤਾ ਦਾ ਅੱਧਾ ਹਿੱਸਾ ਅਧਰੰਗ ਨਾਲ ਬੇਕਾਰ ਹੋ ਗਿਆ। ਦਿਨ ਰਾਤ ਬਿਸਤਰੇ ਤੇ ਪਏ ਰਹਿੰਦੇ। ਮਾਂ ਦਾ ਗੁੱਸੇ ਭਰਿਆ ਸੁਭਾਅ ਹੁਣ ਹੋਰ ਵੀ ਗੁਸੈਲ ਹੋ ਗਿਆ। ਰੋਜ਼ ਘਰ 'ਚ ਮਹਾਂਭਾਰਤ ਮੱਚਿਆ ਰਹਿੰਦਾ। ਸਾਰੀਆਂ ਗੱਲਾਂ ਲਈ ਰੋਗੀ ਪਿਤਾ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਜਾਂ ਫਿਰ ਵਸੁਧਾ ਨੂੰ।

ਘਰ 'ਚ ਰਹਿਣਾ ਵਸੁਧਾ ਲਈ ਔਖਾ ਹੋ ਗਿਆ। ਪਿਤਾ ਦੀ ਤਰਸਯੋਗ ਹਾਲਤ ਉਸਤੋਂ ਵੇਖੀ ਨਹੀਂ ਸੀ ਜਾਂਦੀ। ਉਤੋਂ ਮਾਂ ਬਿਨਾਂ ਕਾਰਨ ਝਿੜਕ ਦਿੰਦੀ। ਭਰੀਆਂ ਅੱਖਾਂ ਨਾਲ ਪਿਤਾ ਛੱਤ ਵੱਲ ਵੇਖਦੇ ਕੁਝ ਲੱਭਣ ਲੱਗਦੇ, ਬੇਵਸੀ ਅੱਖਾਂ 'ਚ ਭਰੀਂ।

ਇਹ ਸਾਰਾ ਕੁਝ ਵੇਖਕੇ-ਸੋਚਕੇ ਵਸੁਧਾ ਨੇ ਪੜ੍ਹਾਈ ਛੱਡ ਦਿੱਤੀ ਨੌਕਰੀ ਦੀ ਭਾਲ ਵਿੱਚ ਕਈ ਦਿਨ ਏਧਰ ਉਧਰ ਭਟਕਦੀ ਰਹੀ। ਪਰ ਬਿਨਾਂ ਪੂਰੀ ਟਾਈਪ ਜਾਣੇ ਨੌਕਰੀ ਵੀ ਕੌਣ ਦਿੰਦਾ?

ਪੰਜ ਛੇ ਮਹੀਨੇ ਤਾਂ ਮਾਂ ਫੀਸ ਦਿੰਦੀ ਰਹੀ, ਪਰ ਬਾਅਦ 'ਚ ਇਹ ਬੰਦ ਹੋ ਗਈ। ਦੇਵੇਨ ਹੁਣ ਸਾਰਾ ਪ੍ਰਬੰਧ ਆਪ ਹੀ ਕਰ ਦਿੰਦਾ, ਕਿਸੇ ਤਰ੍ਹਾਂ।

ਇੱਕ ਵਾਰ ਤਾਂ ਸਾੜ੍ਹੀ ਬਿਲਕੁੱਲ ਹੀ ਪਾਟ ਗਈ ਸੀ। ਸਿਉਂਕੇ ਪਾਉਣ ਯੋਗ ਵੀ ਨਾ ਰਹੀ ਤਾਂ ਟਾਈਪ ਸਿੱਖਣ ਵੀ ਨਾ ਜਾ ਸਕੀ। ਉਦੋਂ ਦੇਵੇਨ ਨੇ ਆਪਣੇ ਸੂਟ ਦੇ ਕੱਪੜਿਆਂ ਲਈ ਮਿਲੇ ਪੈਸਿਆਂ ਵਿੱਚੋਂ ਬੱਚਤ ਕਰਕੇ ਇੱਕ ਸਸਤੀ ਜਿਹੀ ਸਾੜ੍ਹੀ ਉਸ ਲਈ ਖਰੀਦ ਕੇ ਲਿਆ ਦਿੱਤੀ।

ਉਸਨੂੰ ਵੇਖਦੇ ਹੀ ਮਾਂ ਗਰਜ ਪਈ,"ਹੁਣ ਲਿਆਈ ਨਾ ਇਹ ਮੰਗਤਿਆਂ ਵਰਗੀ। ਜਿੰਦਗੀ ਜਿਉਂਣ ਲਈ ਅਕਲ ਚਾਹੀਦੀ ਐ ਬੱਸੋ ! ਅਕਲ। ਕਿਸ਼ਨ, ਖੰਨੇ ਨੂੰ ਮਿਲਾਉਂਣ ਲਈ ਕਹਿੰਦਾ ਸੀ ਉਦੋਂ ਤਾਂ ਆਕੜ 'ਚ ਰਹੀ, ਨਹੀਂ ਗਈ। ਹੁਣ ਭੁਗਤ ਆਪਣੀਆਂ ਲਿਖੀਆਂ।"

"ਮੈਂ ਤਾਂ ਤੁਹਾਨੂੰ ਕੋਈ ਸ਼ਿਕਾਇਤ ਨਹੀਂ ਕੀਤੀ, ਝਾਈ ਜੀ !"ਨਾ ਚਾਹੁੰਦੇ ਹੋਏ ਵੀ ਵਸੁਧਾ ਨੂੰ ਬੋਲਣਾ ਪਿਆ ਸੀ,"ਤਿੰਨ ਦਿਨ ਸਾੜ੍ਹੀ ਨਾ ਹੋਣ ਕਾਰਨ ਕਮਰੇ ਤੋਂ ਬਾਹਰ ਨਹੀਂ ਨਿਕਲ ਸਕੀ। ਤੁਹਾਡੇ ਵਿੱਚੋਂ ਪੁਛਿਆ ਕਿਸੇ ਨੇ? ਫੀਸ ਤੱਕ ਤਾਂ ਦੇਣੀ ਬੰਦ ਕਰ ਦਿੱਤੀ ਤੁਸੀਂ ਤੇ ਗੱਲ ਗੱਲ 'ਚ ਖੰਨੇ ਦੀਆਂ ਗੱਲਾਂ। ਮੈ ਉਸਦੇ ਸਟੂਡੀਓ ਤਿੰਨ ਵਾਰੀ ਗਈ ਸਾਂ, ਜਾਣਦੇ ਓ ਕਿ ਕੀ ਕਿਹਾ ਉਸਨੇ ਤਿੰਨੋ ਵਾਰ?"ਵਸੁਧਾ ਗੁੱਸੇ ਨਾਲ ਕੰਬਣ ਲੱਗੀ, ਕਹਿੰਦਾ ਸੀ ਤੈਨੂੰ ਸਾਰੇ ਕੱਪੜੇ ਲਾਹ ਕੇ ਫੋਟੋ ਖਿਚਵਾਉਣੀ ਪਏਗੀ। ਵਸੁਧਾ ਰੋ ਪਈ ਜ਼ੋਰ ਨਾਲ।

ਆਪਣੀ ਹਾਰ ਮੰਨਣੀ ਮਾਂ ਨੇ ਕਦੇ ਸਿੱਖੀ ਨਹੀਂ ਸੀ। ਇਸ ਲਈ ਚੁੱਪ ਹੋਣ ਦੀ ਬਜਾਇ ਹੋਰ ਵੀ ਉਤੇਜਿਤ ਹੋ ਕੇ ਬੋਲੀ,"ਖੰਨੇ ਨੇ ਇਹ ਕਿਹਾ ਸੀ, ਖੰਨੇ ਨੇ ਉਹ ਕਿਹਾ ਸੀ,"ਅੱਖਾਂ ਮਟਕਾ

ਕੇ, ਹੱਥ ਨਚਾ ਕੇ ਉਹ ਬੋਲੀ,"ਖੱਨੇ ਦੀ ਬੱਚੀ ! ਇਹ ਜਿਹੜੀ ਸੜੀ ਹੋਈ ਸਾੜ੍ਹੀ ਲਿਆਈ ਐਂ, ਇਹ ਕਿਥੋਂ ਆਈ ਐ? ਵੱਡੀ ਸਵਿੱਤਰੀ ਬਣਦੀ ਐ, ਖਸਮਾਂ ਨੂੰ ਖਾਣੀ।"

ਇਸ ਘਟਨਾ ਬਾਰੇ ਇੱਕ ਦਿਨ ਜਦੋਂ ਵਸੁਧਾ ਨੇ ਦੇਵੇਨ ਨੂੰ ਦੱਸਿਆ ਤਾਂ ਉਹ ਬੜਾ ਉਦਾਸ ਹੋ ਗਿਆ। ਕੁਝ ਸੋਚਦਾ ਹੋਇਆ ਕਹਿਣ ਲੱਗਿਆ,"ਮੇਰੀ ਨੌਕਰੀ ਲੱਗ ਜਾਏਗੀ ਨਾ ਵਸੁ! ਫੇਰ ਤੈਨੂੰ ਕੋਈ ਤਕਲੀਫ ਨਹੀਂ ਹੋਏਗੀ। ਸਪੀਡ ਹੁਣ ਫਿਫਟੀ ਤੱਕ ਪਹੁੰਚ ਗਈ ਹੈ। 'ਕਾਲ' ਆਉਣ ਵਾਲੀ ਹੀ ਹੋਏਗੀ। 'ਫਾਦਰ' ਦੇ ਫਰੈਂਡ ਨੇ ਚੰਡੀਗੜ੍ਹ। ਉਥੇ ਕੋਈ ਵਕੈਂਸੀ ਨਿਕਲੀ ਤਾਂ ਕੋਈ ਝੰਜਟ ਨਹੀਂ ਰਹਿਣਾ। ਇਹ ਸ਼ਹਿਰ ਹੀ ਛੱਡ ਦਿਆਂਗੇ। ਲੱਗਦਾ ਹੈ ਬੁੜ੍ਹੀ ਦਾ ਦਿਮਾਗ ਫਿਰ ਗਿਆ ਹੈ। ਆਪਣੀ ਧੀ ਨੂੰ ਅਜਿਹੀਆਂ ਗੱਲਾਂ ਆਖਦੀ ਹੈ।"

"ਮਾਂ ਦਾ ਸੁਭਾਅ ਪਹਿਲਾਂ ਇਹੋ ਜਿਹਾ ਨਹੀਂ ਸੀ, ਦੇਵੇਨ!"ਵਸੁਧਾ ਖਿਲਾਅ 'ਚ ਘੂਰਦੀ ਬੋਲੀ,"ਜਦੋਂ ਤੋਂ ਪਿਤਾ ਜੀ ਨੂੰ ਅਧਰੰਗ ਹੋਇਆ ਹੈ, ਪਤਾ ਨਹੀਂ ਉਦੋਂ ਦਾ ਉਹਨਾਂ ਨੂੰ ਕੀ ਹੋ ਗਿਆ ਹੈ? ਇੱਕ ਵਾਰੀ ਫੁੱਫੜ ਜੀ ਕੋਲ 'ਰਜੌਰੀ ਗਾਰਡਨ' ਗਏ ਸਨ ਉਥੋਂ ਮੁੜੇ ਤਾਂ ਪਤਾ ਕੀ ਕਹਿੰਦੇ?"ਵਸੁਧਾ ਨੇ ਦੇਵੇਨ ਦੇ ਚਿਹਰੇ ਵੱਲ ਵੇਖਦੇ ਹੋਏ ਕਿਹਾ,"ਕਹਿੰਦੇ, ਕੰਚਨ ਨੂੰ ਸਕੂਲ 'ਚ ਪੜ੍ਹਨ-ਪੜ੍ਹਾਉਣ ਦਾ ਕੋਈ ਫਾਇਦਾ ਨਹੀਂ। ਸੁਣਿਆ ਹੈ- ਕੈਬਰੇ ਨਾਚ ਦੇ ਬਹੁਤ ਪੈਸੇ ਮਿਲਦੇ ਨੇ ਅੱਜ ਕੱਲ। ਅਸੀਂ ਵੀ ਕੰਚਨ ਨੂੰ ਉਹੀ ਸਿਖਾ ਦਿੰਦੇ।"

"ਮੈ ਬੁੱਲ੍ਹਾਂ ਤੇ ਉਂਗਲੀ ਰੱਖ ਲਈ ਉਹਨਾਂ ਨੂੰ ਸਮਝਾਇਆ, ਕੈਬਰੇ ਕੀ ਹੁੰਦਾ ਹੈ। ਹਜਾਰਾਂ ਆਦਮੀਆਂ ਵਿੱਚ ਰਾਤ ਨੂੰ ਨਾਂ ਮਾਤਰ ਕੱਪੜੇ ਪਾ ਕੇ ਨੱਚਣਾ ਹੁੰਦੈ ਉਹ ਵੀ ਗੰਦੇ ਤਰੀਕੇ ਨਾਲ। ਕਹਿੰਦੇ ਨੇ ਕਦੇ ਕਦੇ ਤਾਂ ਉਹ ਵੀ ਲਾਹੁਣੇ ਪੈਂਦੇ ਨੇ। ਐਹੋ ਜਿਹੀ ਕਮਾਈ ਨੂੰ ਅਸੀਂ ਕੀ ਕਰਨੈ। ਪ੍ਰਮਾਤਮਾ ਦਿਨ 'ਚ ਇੱਕ ਦੋ ਰੋਟੀਆਂ ਦੇ ਦੇਵੇ -ਬੱਸ ਇੰਨਾ ਹੀ ਬਹੁਤ ਹੈ।"

"ਪਰ ਉਹਨਾਂ ਦੀ ਸਮਝ ਵਿੱਚ ਇਹ ਗੱਲ ਨਹੀਂ ਪਈ। ਉਹ ਉਲਟਾ ਮੈਨੂੰ ਹੀ ਕੋਸਦੇ ਰਹਿੰਦੇ ਕਿ ਮੈਂ ਆਪਣੀ ਛੋਟੀ ਭੈਣ ਦੀ ਤਰੱਕੀ ਤੋਂ ਸੜਦੀ ਹਾਂ-ਉਹਦਾ ਸੁੱਖ ਨਾਲ ਰਹਿਣਾ ਵੇਖ ਨਹੀਂ ਸਕਦੀ।"ਕਹਿੰਦੇ ਕਹਿੰਦੇ ਚੁੱਪ ਕਰ ਗਈ ਵਸੁਧਾ।

ਇਸਦੇ ਮਗਰੋਂ ਦਸ ਦਿਨ ਵੀ ਨਹੀਂ ਸੀ ਲੰਘੇ ਕਿ ਵਸੁਧਾ ਦੇ ਮਾਮਾ ਆਪਣੀ ਬੇਟੀ ਦੇ ਵਿਆਹ ਤੇ ਉਸਨੂੰ ਬਠਿੰਡੇ ਲੈ ਗਏ। ਉਥੋਂ ਮੁੜੀ ਤਾਂ ਪਤਾ ਲੱਗਿਆ ਕਿ ਦੇਵੇਨ ਨੂੰ ਨੌਕਰੀ ਮਿਲ ਗਈ ਹੈ। ਉਸਨੂੰ ਉਥੇ ਗਏ ਇੱਕ ਹਫ਼ਤੇ ਤੋਂ ਵੱਧ ਸਮਾਂ ਹੋ ਗਿਆ ਹੈ।

ਵਸੁਧਾ ਗੁਆਚੀ ਗੁਆਚੀ ਜਿਹੀ ਰਹਿਣ ਲੱਗੀ। ਨਾ ਘਰੇ ਮਨ ਲੱਗਦਾ ਨਾ ਬਾਹਰ। ਇੱਕ ਦਿਨ ਬਾਹਰੋਂ ਮੁੜੀ ਤਾਂ ਵੇਖਿਆ ‘ਕਮਰਸ਼ੀਅਲ ਅਕੈਡਮੀ' ਵਾਲਾ ਸ਼ਰਮਾ ਬੈਠਾ ਹੈ। ਮਾਂ ਨਾਲ ਬੜੀਆਂ ਘੁਲ ਮਿਲ ਕੇ ਗੱਲਾਂ ਕਰ ਰਿਹਾ ਹੈ।

"ਲਓ ਇਹਦੀ ਗੱਲ ਕਰ ਰਹੇ ਸੀ ਇਹ ਵੀ ਆ ਗਈ"ਸ਼ਰਮਾ ਨੇ ਝੁਕ ਕੇ ਕਿਹਾ।

ਕੋਲ ਪਏ ਕਣਕ ਦੇ ਪੀਪੇ ਤੇ ਵਸੁਧਾ ਬੈਠ ਗਈ।"ਇਹਨਾਂ ਦੀ ਅਕੈਡਮੀ ਵਿੱਚ ਇੱਕ ਜਗ੍ਹਾ ਹੈ, ਤੂੰ ਚਲੀ ਕਿਉਂ ਜਾਂਦੀ, ਬੱਸੋ? ਮਾਂ ਬੋਲੀ

"ਕੰਮ ਕੀ ਕਰਨਾ ਪਏਗਾ?"ਬੜੇ ਭੋਲੇਪਣ ਨਾਲ ਉਸਨੇ ਪੁਛਿਆ।

“ਕੰਮ ਕੀ ਕਰਨਾ ਹੈ?"ਆਪਣੇ ਪਾਨ ਨਾਲ ਰੰਗੇ ਭੈੜੇ ਬੇਢੱਬੇ ਅਤੇ ਗੰਦੇ ਲਾਲ ਲਾਲ ਦੰਦ ਕੱਢ ਦੇ ਸ਼ਰਮਾ ਬੋਲਿਆ,"ਮੈਨੂੰ ਇੱਕ ਹੈਲਪਰ ਦੀ ਲੋੜ ਹੈ। ਬੱਸ ਤੂੰ ਆ ਜਾਹ ! ਖ਼ੁਦ ਟਾਈਪ ਸਿੱਖੋ ਅਤੇ ਹੋਰਾਂ ਨੂੰ ਵੀ ਸਿਖਾਓ।"ਉਹ ਹੋ ਹੋ ਹੋ ਹੋ... ਕਰ ਕੇ ਹੱਸ ਪਿਆ।

ਅੱਖਾਂ ਜਰੂਰਤ ਤੋਂ ਜ਼ਿਆਦਾ ਮੀਚ ਕੇ ਫੇਰ ਮਾਂ ਵੱਲ ਵੇਖਦਾ ਕਹਿਣ ਲੱਗਿਆ"ਮੈਂ ਤਾਂ ਇਹਦੇ ਸਿਰ ਤੇ ਸਾਰੀ ਅਕੈਡਮੀ ਛੱਡ ਕੇ ਕੋਈ ਹੋਰ ਸਾਈਡ ਬਿਜਨੈਸ ਕਰਨ ਨੂੰ ਤਿਆਰ ਹਾਂ;।”

ਵਸੁਧਾ ਸਿਰ ਝੁਕਾਈ ਚੁੱਪ ਚਾਪ ਸੁਣਦੀ ਰਹੀ। ਉਸਨੇ ਨਾਂ 'ਹਾਂ' ਕਹੀ ਅਤੇ ਨਾ ‘ਨਾਂਹ’। ਅਖੀਰ ਉਹ ਜਾਣ ਲੱਗਿਆ ਤਾਂ ਬੋਲੀ,"ਮੈ ਸੋਚ ਕੇ ਜੁਆਬ ਦਿਆਂਗੀ।"

ਸ਼ਰਮਾ ਦੇ ਜਾਂਦੇ ਹੀ ਮਾਂ ਫੇਰ ਵਰ੍ਹ ਪਈ,"ਕੀ ਸੋਚ ਕੇ ਜੁਆਬ ਦੇਓਗੀ ਰਾਣੀ ਜੀ।"ਬੱਸ ਫੇਰ ਸਿਆਪਾ ਕਰਨ ਲੱਗੀ।

ਤਕਰੀਬਨ ਇੱਕ ਮਹੀਨੇ ਮਗਰੋਂ ਦੇਵੇਨ ਦਾ ਲੰਬਾ ਖਤ ਆਇਆ-ਵਿਆਹ ਦੀ ਗੱਲ ਦੁਹਰਾਈ ਸੀ ਅਤੇ ਜਲਦੀ ਹੀ ਦਿੱਲੀ ਆਉਣ ਬਾਰੇ ਲਿਖਿਆ ਸੀ।

ਵਸੁਧਾ ਅਜੇ ਜੁਆਬ ਵੀ ਨਹੀਂ ਸੀ ਦੇ ਸਕੀ ਕਿ ਦੇਵੇਨ ਪਹੁੰਚ ਵੀ ਗਿਆ। ਸਾਰਾ ਦਿਨ ਵਸੁਧਾ ਉਸਦੇ ਘਰ ਰਹੀ। ਰੋਂਦੀ ਰਹੀ ਅਤੇ ਅੰਤ 'ਚ ਬੋਲੀ,"ਮੈਂ ਵਿਆਹ ਕਰ ਲਿਆ ਤਾਂ

ਕੰਚੀ ਦੀ ਪੜ੍ਹਾਈ ਦਾ ਕੀ ਹੋਏਗਾ? ਪਿਤਾ ਜੀ ਬਿਮਾਰ ਨੇ, ਪੈਸੇ ਦੀ ਥੁੜ ਕਾਰਨ ਉਹਨਾਂ ਦਾ ਇਲਾਜ ਨਹੀਂ ਹੋ ਰਿਹਾ। 'ਮੀਚੇ' ਛੋਟਾ ਹੈ। ਉਸਦੇ ਭਵਿੱਖ ਦਾ ਕੀ ਬਣੇਗਾ? ਮਾਂ ਆਪਣੀਆਂ ਆਦਤਾਂ ਤੋਂ ਬਾਜ ਨਹੀਂ ਆਉਂਦੀ। ਇਸ ਉਮਰ ਵਿੱਚ ਵੀ ਉਹਨੂੰ ਘੁੰਮਣ ਫਿਰਨ ਦਾ ਸ਼ੌਂਕ ਹੈ। ਐਹੋ ਜਿਹੀ ਹਾਲਤ ਵਿੱਚ ਤੁਸੀਂ ਹੀ ਦੱਸੋ, ਇਹਨਾਂ ਸਾਰਿਆਂ ਦਾ ਕੀ ਹੋਏਗਾ?"

ਵਸੁਧਾ ਦੀਆਂ ਅੱਖਾਂ ਭਰ ਆਈਆਂ,"ਕੌਣ ਸੁਖੀ ਨਹੀਂ ਰਹਿਣਾ ਚਾਹੁੰਦਾ, ਦੇਵੇਨ! ਪਰ ਮੇਰੀ ਕਿਸਮਤ 'ਚ ਇਹ ਕਿਥੇ। ਮੈਨੂੰ ਪਤਾ ਹੈ ਤੁਹਾਡੇ ਤੋਂ ਵਧੀਆ ਜੀਵਨ-ਸਾਥੀ ਮੈਨੂੰ ਉਮਰ ਭਰ ਨਹੀਂ ਮਿਲਣਾ। ਪਰ ਮੈਂ ਕੀ ਕਰਾਂ? ਕੀ ਕਰਾਂ ਦੇਵੇਨ ! ਕੋਈ ਰਸਤਾ ਨਹੀਂ ਦਿਸਦਾ।"

ਦੇਵੇਨ ਦੋ ਤਿੰਨ ਦਿਨ ਮਗਰੋਂ ਚੰਡੀਗੜ੍ਹ ਚਲਿਆ ਗਿਆ। ਇੱਕ ਦਿਨ ਉਸਦਾ ਵਿਆਹ ਹੋ ਗਿਆ। ਦੋ ਬੱਚੇ ਵੀ ਹੋ ਗਏ। ਅਤੇ ਵਸੁਧਾ ਨੇ ਨੌਕਰੀਆਂ ਦਾ ਪੱਲਾ ਫੜਿਆ। ਪਰ ਨੌਕਰੀਆਂ ਵੀ ਕਿਹੋ ਜਿਹੀਆਂ।

ਇਹ ਸਾਰਾ ਕੁਝ ਸੋਚਦੇ ਵਸੁਧਾ ਦੀਆਂ ਅੱਖਾਂ ਅੱਜ ਅਚਾਨਕ ਹੀ ਭਰ ਆਈਆਂ। ਪੱਲੇ ਨਾਲ ਮੂੰਹ ਪੂੰਝ ਕੇ ਛੇਤੀ ਛੇਤੀ ਨਾਸ਼ਤਾ ਬਣਾਉਣ ਲੱਗੀ। ਚਾਹ ਦਾ ਪਾਣੀ ਵੀ ਪਤਾ ਨਹੀ ਕਦੋਂ ਤੱਕ ਉਬਲਦਾ ਰਿਹਾ ਇਸ ਲਈ ਬਿਲਕੁੱਲ ਬੇਰੰਗ ਜਿਹਾ ਹੋ ਗਿਆ ਸੀ।

ਨਾਸ਼ਤਾ ਲੈ ਕੇ ਕਮਰੇ ਵਿੱਚ ਪਹੁੰਚੀ ਤਾਂ ਵੇਖਿਆ ਦੇਵੇਨ ਸੌਂ ਰਿਹਾ ਹੈ।

ਪਈ ਪਈ ਚਾਹ ਠੰਡੀ ਹੋ ਜਾਏਗੀ। ਨਾਸ਼ਤਾ ਵੀ ਖਾਣ ਲਾਇਕ ਨਹੀਂ ਰਹਿਣਾ। ਇਹ ਸੋਚ ਕੇ ਵਸੁਧਾ ਨੇ ਦੇਵੇਨ ਨੂੰ ਜਗਾ ਦਿੱਤਾ।"ਚਾਹ ਲਿਆਈ ਹਾਂ ਪੀਕੇ ਫੇਰ ਆਰਾਮ ਨਾਲ ਸੌਂ ਜਾਣਾ।"

ਅੱਖਾਂ ਮਲਦਾ ਦੇਵੇਨ ਉੱਠ ਬੈਠਿਆ,"ਬੜੀ ਛੇਤੀ ਬਣਾ ਲਿਆ ਖਾਣਾ।"

"ਛੇਤੀ ਕਿੱਥੇ, ਘੰਟੇ 'ਚ ਤਾਂ ਅੰਗੀਠੀ ਮਘੀ, ਦੇਵੇਨ ਹੱਸ ਪਿਆ, ਤਾਂ ਫੇਰ ਹੁਣ ਘੜੀ ਦੇਖ ਕੇ ਖਾਣਾ ਬਣਾਉਂਦੀ ਹੈਂ?"

"ਹੈਂ--ਤੇਰੀਆਂ ਅੱਖਾਂ ਲਾਲ ਕਿਉਂ ਨੇ?"ਉਸਦੇ ਮੂੰਹ ਵੱਲ ਘੂਰ ਕੇ ਵੇਖਦੇ ਦੇਵੇਨ ਨੇ ਪੁੱਛਿਆ ਅਤੇ ਫਿਰ ਆਪ ਹੀ ਉੱਤਰ ਦਿੰਦਾ ਬੁੜਬੜਾਇਆ--"ਕਹਿ ਦੇ ਧੂੰਆਂ ਪੈ ਗਿਆ ਸੀ"।

ਵਸੁਧਾ ਚੁੱਪ ਰਹੀ।

ਬੈਠਿਆ ਨਹੀਂ ਜਾ ਸਕਿਆ ਵਸੁਧਾ ਤੋਂ। ਦੁੱਧ ਉਬਲਣ ਦਾ ਬਹਾਨਾ ਲਾ ਕੇ ਅੰਦਰ ਚਲੀ ਗਈ।

ਥੋੜੀ ਦੇਰ ਮਗਰੋਂ ਫੇਰ ਕਮਰੇ 'ਚ ਆਈ ਤਾਂ ਸਿਰ ਤੋਂ ਪੈਰਾਂ ਤੱਕ ਬਦਲੀ ਬਦਲੀ ਸੀ। ਚਿੱਟੀ ਸਾੜ੍ਹੀ, ਚਿੱਟਾ ਬਲਾਉਜ਼, ਮੋਢਿਆਂ ਤੱਕ ਝੂਲਦੀਆਂ ਕਾਲੀਆਂ ਗਿੱਲੀਆਂ ਲਟਾਂ। ਪਾਣੀ ਦੀਆਂ ਬੂੰਦਾਂ ਮੋਤੀਆਂ ਵਾਗੂੰ ਚੋ ਰਹੀਆਂ ਸਨ।

"ਸ਼ਰਮਾ ਦੇ ਖੋਖੋ ਵਿੱਚ ਕਿੰਨੇ ਦਿਨ ਕੰਮ ਕੀਤਾ?"ਦੇਵੇਨ ਨੇ ਚਾਹ ਦਾ ਘੁੱਟ ਭਰਦੇ ਹੋਏ ਪੁਛਿਆ।

"ਇਹੀ ਕੋਈ ਦੋ ਤਿੰਨ ਮਹੀਨੇ…."

"ਫਿਰ ਛੱਡ ਕਿਉ ਦਿੱਤਾ?"

“ਜੀਅ ਨਹੀਂ ਲੱਗਿਆ ਉਸ ਨਰਕ 'ਚ। ਮੈਂ ਦੱਸਿਆ ਨਾ ਕਿ ਉਹ ਚੰਗਾ ਆਦਮੀ ਨਹੀਂ ਸੀ। ਅਜੇ ਸਰਵਿਸ 'ਚ ਗਏ ਤਿੰਨ ਦਿਨ ਹੀ ਹੋਏ ਸਨ ਕਿ ਹਜਰਤ ਇੱਕ ਦਿਨ ਮੇਰੇ ਮਗਰੋਂ ਘਰ ਆਏ ਤੇ ਡੇਢ ਦੋ ਸੌ ਰੁਪਏ ਰਾਸ਼ਨ ਪਾਣੀ ਤੇ ਖਰਚ ਕਰ ਗਏ। ਮਾਂ ਖੁਸ਼ ਸੀ- ਹਰ ਇੱਕ ਕੋਲੋਂ ਉਸ ਦੀ ਤਾਰੀਫ਼ ਦੇ ਪੁਲ ਬੰਨ੍ਹ ਰਹੀਂ ਸੀ। ਤਨਖਾਹ ਵੀ ਘਰੇ ਆ ਕੇ 'ਐਡਵਾਂਸ' ਦੇ ਗਿਆ। ਫੇਰ ਕਹਿੰਦਾ, ‘ਸਾਰੀ ਅਕੈਡਮੀ’ ‘ਬੱਸੋ’ ਦੇ ਹਵਾਲੇ ਕਰ ਕੋਈ ਸਾਈਡ ਬਿਜਨੈਸ ਕਰਾਂਗਾ।”

“ਪੰਜਵੇਂ ਦਿਨ ਮੈਂ ਉੱਥੇ ਜਾਣ ਤੋਂ ਨਾਂਹ ਕੀਤੀ ਤਾਂ ਮਾਂ ਗੁੱਸੇ ਨਾਲ ਲਾਲ ਹੋ ਗਈ ਮੈਨੂੰ ਲੱਤਾਂ ਮੁੱਕੀਆਂ ਨਾਲ ਮਾਰਨ ਲੱਗੀ। ਕੰਚਨ ਵੀ ਉਹਦੇ ਨਾਲ ਰਲ ਗਈ। ਦਰਵਾਜਾ ਬੰਦ ਕਰਕੇ ਦੋਵੇ ਮੈਨੂੰ ਉਦੋ ਤੱਕ ਕੁੱਟਦੀਆਂ ਰਹੀਆਂ ਜਦੋਂ ਤੱਕ ਮੈਂ ਬੇਹੋਸ਼ ਨਹੀਂ ਹੋ ਗਈ। ਮੀਚੇ ਨੂੰ ਉਹਨਾਂ ਨੇ ਪਹਿਲਾਂ ਹੀ ਸਕੂਲ ਭੇਜ ਦਿੱਤਾ ਸੀ। ਪਿਤਾ ਜੀ ਪਏ ਵੇਖਦੇ ਰਹੇ।"

ਦੇਵੇਨ ਦੇ ਹੱਥ ਵਿੱਚ ਫੜਿਆ ਟੋਸਟ ਹੱਥ ਵਿੱਚ ਹੀ ਰਹਿ ਗਿਆ।

“ਸ਼ਰਮਾ ਕੀ ਵਾਕਈ ਚੰਗਾ ਬੰਦਾ ਨਹੀਂ ਸੀ?”

"ਹਾਂ ਐਕਸਪਲਾਇਟ ਕਰਨਾ ਚਾਹੁੰਦਾ ਸੀ ਸ਼ੈਤਾਨ। ਟਾਈਪਿੰਗ ਦਾ ਸਕੂਲ ਤਾਂ ਉਸਨੇ ਉਵੇਂ ਹੀ ਖੋਹਲਿਆ ਹੋਇਆ ਹੈ। ਅਸਲ ਵਿੱਚ ਉਹਦਾ ਧੰਦਾ ਕੁਝ ਹੋਰ ਸੀ। ਖੈਰ ਛੱਡੋ! ਤੁਸੀਂ ਚਾਹ ਕਿਉਂ ਨਹੀਂ ਪੀ ਰਹੇ। ਠੰਡੀ ਹੋ ਗਈ ਕੀ? ਹੋਰ ਬਣਾ ਦਿੰਦੀ ਹਾਂ।"

"ਨੋ-ਨੋ"ਦੇਵੇਨ ਨੇ ਕਿਹਾ,"ਚਾਹ ਅਜੇ ਕਾਫੀ ਗਰਮ ਹੈ- ਮੈਨੂੰ ਠੰਡੀ ਕਰਕੇ ਪੀਣ ਦੀ ਆਦਤ ਹੈ- ਤੂੰ ਵੀ ਲੈ ਨਾ ਕੁਝ?"

ਟੋਸਟ ਵਾਲੀ ਪਲੇਟ ਉਸਨੇ ਅੱਗੇ ਕੀਤੀ। ਇੱਕ ਛੋਟਾ ਜਿਹਾ ਸੜਿਆ ਟੁਕੜਾ ਚੁੱਕ ਕੇ ਵਸੁਧਾ ਕੁਤਰਨ ਲੱਗ ਪਈ। ਅੱਖਾਂ ਫਰਸ਼ ਤੇ ਟਿਕੀਆਂ ਸਨ। ਚਿਹਰਾ ਉਦਾਸ ਉਦਾਸ।

"ਨਵੀਂ ਸਰਵਿਸ ਕਿਹੋ ਜਿਹੀ ਹੈ?"ਦੇਵੇਨ ਨੇ ਚੁੱਪ ਤੋੜਦੇ ਪੁਛਿਆ।

"ਚੰਗੀ ਹੈ- ਸੋ- ਸੋ।"

"ਕਿੰਨੇ ਪੈਸੇ ਮਿਲ ਜਾਂਦੇ ਨੇ ਸਾਰੇ?"

"ਫੋਰ ਹੰਡਰਡ ਤੋਂ ਸਟਾਰਟ ਕੀਤੀ ਸੀ ਹੁਣ ਫਾਈਵ ਫਿਫਟੀ ਹੈ-ਦੋ ਮਹੀਨੇ ਦਾ ਬੋਨਸ ਮਿਲ ਜਾਂਦੈ-ਓਵਰ ਟਾਈਮ ਅੱਡ।"

"ਬਾਸ ਕਿਹੋ ਜਿਹਾ"

"ਚੰਗੈ, ਪੜ੍ਹਿਆ ਲਿਖਿਆ ਹੈ, ਪਹਿਲਾਂ ਸਟੇਟਸ ਵਿੱਚ ਸੀ ਹੁਣ ਏਥੇ ਡਾਇਰੈਕਰ ਲੱਗ ਕੇ ਆਇਆ।"

"ਟੂਰ ਤੇ ਵੀ ਜਾਣਾ ਪੈਂਦਾ ਉਹਦੇ ਨਾਲ?"

"ਕਦੇ ਕਦੇ"

ਦੋਵੇਂ ਦੇਰ ਤੱਕ ਚੁੱਪ ਰਹੇ।

ਦੇਵੇਨ ਚਾਹ ਪੀ ਕੇ ਫੇਰ ਆਰਾਮ ਨਾਲ ਪੈ ਗਿਆ। ਰੰਗ ਬਿਰੰਗੀਆਂ ਕੰਧਾਂ ਵੱਲ ਤੱਕਦਾ ਰਿਹਾ।"ਤੇਰੇ ਘਰ ਦਾ ਤਾਂ ਹੁਣ ਨਕਸ਼ਾ ਹੀ ਬਦਲ ਗਿਆ ਹੈ। ਲੰਬੀਆਂ ਚੌੜੀਆਂ ਖਿੜਕੀਆਂ ਰੰਗੀਨ ਟਿਊਬ ਲਾਈਟਾਂ, ਚਮਚਮਾਂਉਦਾ ਸੋਫਾ...."

"ਮਦਰ ਨੂੰ ਏਸੇ ਨਾਲ ਹੀ ਲਗਾਓ ਹੈ ਦੇਵੇਨ! ਇਸ ਲਈ ਭਾਵੇਂ ਕੁਝ ਵੀ ਕਰਨਾ ਪਵੇ।"ਗੁਆਚੀ ਜਿਹੀ ਵਸੁਧਾ ਬੋਲੀ,"ਪਤਾ ਨਹੀਂ ਕੀ ਹੋ ਗਿਆ ਹੈ-ਇਹਨਾਂ ਸਾਰਿਆਂ ਨੂੰ।

ਇਹਨਾਂ ਦਾ ਢਿੱਡ ਹੀ ਨਹੀਂ ਭਰਦਾ। ਮੇਰੇ ਟੂਰ ਤੇ ਜਾਣ ਨਾਲ ਇਹਨਾਂ ਨੂੰ ਖੁਸ਼ੀ ਹੁੰਦੀ ਹੈ ਕਿ ਇਸ ਮਹੀਨੇ ਤਨਖਾਹ ਜਿਆਦਾ ਮਿਲੇਗੀ। ਬਾਸ ਦੀ ਲੰਬੀ ਗੱਡੀ ਲੈਣ ਆਉਂਦੀ ਹੈ ਤਾਂ ਇਹਨਾਂ ਨੂੰ ਮਾਣ ਹੁੰਦਾ ਹੈ। ਇਹ ਕਾਲੋਨੀ ਹੀ ਐਸੀ ਹੈ।"

ਦੇਵੇਨ ਨੂੰ ਅਚਾਨਕ ਕੁਝ ਯਾਦ ਆਇਆ। ਬਾਂਹ ਤੇ ਬੰਨ੍ਹੀ ਘੜੀ ਵੱਲ ਵੇਖਦੇ ਬੋਲਿਆ,"ਅੱਜ ਦਫਤਰ ਨਹੀਂ ਜਾਣਾ?"

"ਜਾਣਾ ਤਾਂ ਹੈ।"

"ਜੇ ਨਾ ਜਾਵੇਂ ਕੋਈ ਹਰਜ ਐ?"ਦੇਵੇਨ ਉਹਦੇ ਮੂੰਹ ਵੱਲ ਵੇਖਦਾ ਰਿਹਾ। ਉਹਦੀ ਪ੍ਰਤੀਕ੍ਰਿਆ ਜਾਣਨ ਲਈ।

"ਹਰਜ ਤਾਂ ਹੈ?"ਵਸੁਧਾ ਉਵੇਂ ਹੀ ਮੁਸਕਰਾਉਂਦੀ ਬੋਲੀ, ਜੇ ਨਾ ਜਾਣ ਤੇ ਬਾਸ ਨੇ ਕੱਢ ਦਿੱਤਾ-ਫੇਰ? ਨਾ ਬਾਹਰ ਜਗ੍ਹਾ ਨਾ ਘਰੇ ਟਿਕਾਣਾ। ਜੇ ਤੁਹਾਡੇ ਘਰੇ ਕਿਤੇ ਭੁੱਲ ਕੇ ਚਲੀ ਗਈ ਤਾਂ ਤੁਹਾਡੇ ਸ੍ਰੀਮਤੀ ਜੀ ਖਰੀਆਂ ਖੋਟੀਆਂ ਸੁਣਾਉਣਗੇ। ਚਾਹ ਵੀ ਨਹੀਂ ਪੁੱਛਣੀ।"

"ਅਸੀਂ ਤਾਂ ਤੈਨੂੰ ਪਹਿਲਾਂ ਹੀ ਕਿਹਾ ਸੀ--ਤੂੰ ਹੀ ਨਹੀਂ ਮੰਨੀ ਤਾਂ ਸਾਡਾ ਕੀ ਕਸੂਰ ਹੈ?"

ਵਸੁਧਾ ਕਿਸੇ ਕੰਮ ਬਾਹਰ ਗਈ ਤਾਂ ਦੇਵੇਨ ਹੱਥ ਮੂੰਹ ਧੋਕੇ ਫਟਾਫਟ ਤਿਆਰ ਹੋਣ ਲੱਗਿਆ। ਸਿੰਗ ਟੇਬਲ ਤੇ ਖੁਸ਼ਬੂਦਾਰ ਤੇਲ ਪਿਆ ਸੀ। ਰੰਗੀਨ ਧਾਰ ਥੋੜੀ ਜਿਹੀ ਹੱਥ ਤੇ ਮਾਰ ਕੇ ਉਹ ਵਾਲਾਂ ਨੂੰ ਲਾਉਣ ਲੱਗਿਆ।

"ਬੜਾ ਸਟੈਂਡਰਡ ਆਇਲ ਰੱਖਿਆ ਹੈ ਵਸੁਧਾ?"

"ਮੇਰਾ ਨਹੀਂ--ਕੰਚਨ ਦਾ ਹੋਏਗਾ। ਉਹਦੇ ਤਾਂ ਹੁਣ ਪੈਰ ਹੀ ਧਰਤੀ ਤੇ ਨਹੀਂ ਲੱਗਦੇ ਦੇਵੇਨ! ਮੁਹੱਲੇ ਵਿੱਚ ਕੋਈ ਅਜਿਹਾ ਮੁੰਡਾ ਨਹੀਂ ਜੀਹਦੇ ਨਾਲ ਉਹਦੇ ਕਿੱਸੇ ਨਾ ਜੁੜੇ ਹੋਣ ਸਾਨੂੰ ਤਾਂ ਹੁਣ ਬਾਹਰ ਨਿਕਲਦੇ ਵੀ ਸ਼ਰਮ ਆਉਂਦੀ ਹੈ। ਦੇਵੇਨ ਦੇ ਕੁਝ ਹੋਰ ਨੇੜੇ ਆ ਕੇ ਬੋਲੀ"ਕਿਸੇ ਕੋਲੇ ਗੱਲ ਨਹੀਂ ਕਰਨੀ--ਸੁਣਿਆ ਹੈ-ਪਰਸੋਂ ਖੰਨਾ ਸਟੂਡੀਓ ਵਿੱਚ ਗਈ ਸੀ। ਨਿਉਡ ਖਿਚਵਾ ਕੇ ਤਿੰਨ ਸੌ ਰੁਪਏ ਲਿਆਈ ਹੈ। ਪਰਸ ਵਿੱਚ ਮੈਂ ਖ਼ੁਦ ਦੇਖੇ ਸਨ ਤਿੰਨ ਨੋਟ। ਮੈ ਚਾਹੁੰਦੀ ਸੀ-ਕੁਝ ਪੜ੍ਹ ਲਿਖ ਲਵੇ ਤਾਂ ਇਸ ਝੱਲੀ ਦੀ ਕਿਤੇ ਚੰਗੀ ਥਾਂ ਮੈਰਿਜ ਕਰ ਦੇਵਾਂ। ਮੇਰੀ ਜਿੰਦਗੀ ਤਾਂ ਇਹਨਾਂ ਲਈ ਖਰਾਬ ਹੋਈ ਹੀ ਹੈ। ਪਰ ਉਹਦਾ ਦਿਮਾਗ ਸੱਤਵੇਂ

ਅਸਮਾਨ ਤੇ ਹੈ। ਮੈਂ ਕਦੇ ਕੁਝ ਆਖ ਦਿਆਂ ਤਾਂ ਮਾਰਨ ਨੂੰ ਭੱਜਦੀ ਹੈ। ਪਰਸੋਂ ਪਿਤਾ ਜੀ ਉਤੇ ਬਿਨਾਂ ਕਿਸੇ ਗੱਲ ਤੋਂ ਹੀ ਠੰਡਾ ਪਾਣੀ ਡੋਹਲ ਦਿੱਤਾ। ਰਾਤ ਭਰ ਵਿਚਾਰੇ ਪਏ ਕੰਬਦੇ ਰਹੇ।"ਸੜਕ ਤੇ ਆ ਕੇ ਦੋਵੇਂ ਸਕੂਟਰ ਤੇ ਬੈਠੇ ਤਾਂ ਵਸੁਧਾ ਨੇ ਪੁੱਛਿਆ।"ਆਏ ਕਿਵੇਂ ਸੀ ਦੇਵੇਨ? ਫਾਦਰ ਦੀ ਤਾਂ ਸੁਣਿਆ ਪਿਛਲੇ ਸਾਲ ਇਥੋਂ ਟਰਾਂਸਫਰ ਹੋ ਗਈ ਸੀ।

"ਕੁਝ ਪਰਸਨਲ ਕੰਮ ਆਇਆ ਹਾਂ। ਇੱਕ ਪਾਰਟਨਰ ਮਿਲ ਗਿਆ ਹੈ-ਪੈਸੇ ਵਾਲਾ। ਰੈਡੀਮੇਡ ਗਾਰਮੈਂਟਸ ਦੇ ਐਕਸਪੋਰਟ ਦਾ ਬਿਜ਼ਨਸ ਸ਼ੁਰੂ ਕਰਨ ਦਾ ਇਰਾਦਾ ਹੈ। ਏਥੇ ਅਜੇ ਲਾਇਸੈਂਸ ਨਹੀਂ ਮਿਲਿਆ ਕਿਤੇ ਥੋੜੀ 'ਅਪਰੋਚ' ਹੁੰਦੀ ਤਾਂ.....।"

"ਬੱਸ ਇਨੀ ਕੁ ਗੱਲ ਐ! ਆਪਣੇ ਬਾਸ ਨੂੰ ਕਹਿ ਕੇ ਕਰਵਾ ਦਿਆਂਗੀ। ਮਨਿਸਟਰੀ ਵਿੱਚ ਉਹਨਾਂ ਦੀ ਬੜੀ ਪਹੁੰਚ ਹੈ। ਅੱਛਾ, ਦੱਸੋ ਮੈਨੂੰ ਕਿੰਨੇ ਪਰਸੈਂਟ ਮਿਲੇਗਾ।"

ਦੇਵੇਨ ਨੇ ਉਸਨੂੰ ਜੋਰ ਨਾਲ ਘੁੱਟ ਲਿਆ ਤੇ ਸ਼ਰਾਰਤ ਨਾਲ ਉਸ ਵੱਲ ਵੇਖਦਿਆਂ, ਬੋਲਿਆ,"ਹੰਡਰਡ ਵਨ ਪ੍ਰਸੈਂਟ।"

ਉੱਪਰ ਪੌੜੀਆਂ ਦੇ ਕੋਲ ਸਿਰਫ਼ ਇੱਕ ਮੰਜੇ ਜਿੰਨੀ ਥਾਂ ਹੈ। ਬੱਸ ਉੱਨੇ ਵਿਚ ਹੀ ਬੰਨ੍ਹਿਆ ਹੋਇਆ ਹੈ- ਇੱਕ ਸੰਸਾਰ। ਪੈਰਾਂ ਦੇ ਕੋਲ ਸੁਰਾਹੀ ਪਈ ਰਹਿੰਦੀ ਹੈ, ਉਲਟੇ ਗਿਲਾਸ ਨਾਲ ਢਕੀ ਹੋਈ। ਜਦੋਂ ਪਿਆਸ ਲੱਗੀ-ਪਾਣੀ ਪੀ ਲਿਆ। ਸਾਰਾ ਦਿਨ, ਸਾਰੀ ਰਾਤ ਖੰਘਣਾ ਅਤੇ ਕਿਸੇ ਉਲਟੇ ਕੀੜੇ ਵਾਂਗੂੰ ਲੇਟੇ ਰਹਿਣਾ। ਖਾਣਾ ਕਿਸੇ ਨੇ ਦੇ ਦਿੱਤਾ ਤਾਂ ਠੀਕ ਨਹੀਂ ਤਾਂ ਰਾਮ ਦਾ ਨਾਂ ਲੈ ਕੇ ਪਏ ਰਹਿਣਾ।

ਵਸੁਧਾ ਜਦੋਂ ਵੀ ਬਾਹਰੋਂ ਘਰ ਮੁੜਦੀ ਹੈ ਤਾਂ ਸਭ ਤੋਂ ਪਹਿਲਾਂ ਇੱਕ ਵਾਰੀ ਉੱਤੇ ਜਾ ਕੇ ਵੇਖ ਆਉਂਦੀ ਹੈ। ਕੰਬਲ ਥੱਲੇ ਡਿੱਗਿਆ ਹੋਵੇ ਤਾਂ ਉਸਨੂੰ ਸੰਭਾਲ ਕੇ ਉਤੇ ਕਰ ਦਿੰਦੀ ਹੈ। ਸੁਰਾਹੀ 'ਚ ਪਾਣੀ ਭਰ ਜਾਂਦੀ ਹੈ। ਬੀੜੀਆਂ ਦਾ ਬੰਡਲ ਸਰ੍ਹਾਣੇ ਰੱਖ ਆਉਂਦੀ ਹੈ। ਪਹਿਲਾਂ ਤਾਂ ਆਪਦਾ ਹੱਥ ਹੀ ਤੰਗ ਰਹਿੰਦਾ ਸੀ- ਪਰ ਹੁਣ ਸਰ੍ਹਾਣੇ ਥੱਲੇ ਖੁੱਲੇ ਪੈਸੇ ਕਦੇ ਕਦੇ ਟੁੱਟੇ ਹੋਏ ਨੋਟ ਵੀ ਰੱਖ ਆਉਂਦੀ ਹੈ ਤਾਂ ਕਿ ਜਰੂਰਤ ਪੈਣ ਤੇ ਕੋਈ ਚੀਜ਼ ਮੰਗਵਾਈ ਜਾ ਸਕੇ। ਭੋਜਨ ਦੀ ਥਾਲੀ ਰੱਖਣ ਅਤੇ ਜੂਠੀ ਥਾਲੀ ਚੁੱਕਣ ਤੋਂ ਇਲਾਵਾ ਮਾਂ ਕਦੇ ਏਧਰ ਝਾਕਦੀ ਵੀ ਨਹੀਂ।

ਵਸੁਧਾ ਦੇ ਕਮਰੇ ਵਿਚ ਅੱਜ ਵੀ ਉਹ ਫੋਟੋ ਲੱਗੀ ਹੈ। ਜਿਹੜੀ ਮਾਂ ਨੇ ਵਿਆਹ ਤੋਂ ਪਹਿਲਾਂ ਖਿਚਵਾਈ ਸੀ। ਪਿਤਾ ਦਾ ਚਿਹਰਾ ਬਹੁਤ ਹੀ ਦਿਲ ਲੁਭਾਉਣਾ ਸੀ ਉਦੋਂ, ਸੰਘਣੇ ਘੁੰਗਰਾਲੇ ਵਾਲ, ਲੰਬਾ ਨੱਕ, ਮੋਟੀਆਂ ਮੋਟੀਆਂ ਅੱਖਾਂ।

ਮਾਂ ਦਾ ਪਹਿਲਾ ਵਿਆਹ ਲਾਹੌਰ ਵਿਚ ਹੋਇਆ ਸੀ। ਵੰਡ ਤੋਂ ਮਗਰੋਂ ਸਾਰਾ ਪਰਿਵਾਰ ਲੁਧਿਆਣੇ ਆ ਗਿਆ ਸੀ। ਜਿਹੜਾ ਪੈਸਾ ਧੇਲਾ ਕੋਲ ਸੀ, ਸਾਰਾ ਪਾਕਿਸਤਾਨ ਵਿੱਚ ਹੀ ਰਹਿ ਗਿਆ ਸੀ। ਜਦੋਂ ਉਹ ਅੰਮ੍ਰਿਤਸਰ ਪਹੁੰਚੇ ਤਾਂ ਸੁਣਿਆ ਹੈ ਉਹਨਾਂ ਕੋਲ ਤਨ ਤੇ ਲਟਕੇ ਕੱਪੜਿਆਂ ਤੋਂ ਇਲਾਵਾ ਕੁਝ ਵੀ ਨਹੀਂ ਸੀ ਬਚਿਆ। ਵਸੁਧਾ ਉਦੋਂ ਛੋਟੀ ਜਿਹੀ ਸੀ ਤੇ ਕੰਚਨ ਸ਼ਾਇਦ ਪੈਦਾ ਵੀ ਨਹੀਂ ਸੀ ਹੋਈ। ਅੱਜ ਵੀ ਮਾਂ ਕਦੇ ਕਦੇ ਉਹਨਾਂ ਦਿਨਾਂ ਦੇ ਕਿੱਸੇ ਸੁਣਾਉਂਦੀ ਹੁੰਦੀ ਹੈ।

ਉਦੋਂ ਕਈ ਦਿਨ ਸ਼ਰਨਾਰਥੀ ਕੈਂਪਾ ਵਿਚ ਭਟਕਦੇ ਰਹੇ। ਕਈ ਵਾਰ ਕਈ ਕਈ ਦਿਨ ਤਾਂ ਖਾਣਾ ਤੱਕ ਨਸੀਬ ਨਹੀਂ ਸੀ ਹੁੰਦਾ। ਲੁਧਿਆਣੇ ਕਈ ਦੂਰ ਦੇ ਰਿਸ਼ਤੇਦਾਰ ਸਨ। ਕੁਝ ਦਿਨ ਉਹਨਾਂ ਦੇ ਮਹਿਮਾਨ ਬਣ ਕੇ ਰਹੇ। ਬਾਦ ਵਿਚ ਪਿਤਾ ਜੀ ਨੇ ਰੇੜ੍ਹੀ ਲਾ ਕੇ ਬਜ਼ਾਰ ਵਿਚ ਸਮਾਨ ਵੇਚਣਾ ਸ਼ੁਰੂ ਕਰ ਦਿੱਤਾ। ਪਿਤਾ ਨੇਕ ਸਨ। ਲੁਧਿਆਣੇ ਦੇ ਆਰੀਆ ਸਮਾਜੀਆਂ ਵਿਚ ਇਹਨਾਂ ਦੀ ਕਾਫੀ ਇੱਜ਼ਤ ਸੀ।

ਹੌਲੀ ਹੌਲੀ ਕਾਰੋਬਾਰ ਵਧਣ ਲੱਗਿਆ। ਸਟੇਸ਼ਨ ਵਾਲੇ ਬਜ਼ਾਰ ਦੀ ਨੁੱਕਰ ਤੇ ਉਹਨਾਂ ਨੇ ਦੁਕਾਨ ਕਿਰਾਏ ਤੇ ਲੈ ਲਈ। ਸੂਈ ਧਾਗੇ ਤੋਂ ਲੈ ਕੇ ਸਿਲਾਈ ਮਸ਼ੀਨਾਂ ਅਤੇ ਪੱਖਿਆਂ ਤੱਕ ਵੇਚਣ ਦਾ ਕੰਮ ਕਰਨ ਲੱਗੇ।

ਵਸੁਧਾ 'ਆਰੀਆ ਕੰਨਿਆ ਸਕੂਲ' ਵਿਚ ਪੜ੍ਹਦੀ ਸੀ। ਉਦੋਂ ਕੰਚਨ ਨੇ ਵੀ ਉਸ ਦੇ ਨਾਲ ਹੀ ਫੱਟੀ ਸਲੇਟ ਲੈ ਕੇ ਸਕੂਲ ਜਾਣਾ ਸ਼ੁਰੂ ਕਰ ਦਿੱਤਾ ਸੀ।

ਪਿਤਾ ਦਲੇਰ ਸਨ ਪਰ ਮਾਂ ਤੋਂ ਦਬਦੇ ਸਨ। ਮਾਂ ਦੀ ਕੋਈ ਗੱਲ ਟਾਲਣੀ ਉਹਨਾਂ ਲਈ ਸੰਭਵ ਨਹੀਂ ਸੀ। ਇਸ ਰਿਆਇਤਾਂ ਦਾ ਮਾਂ ਨੇ ਪੂਰਾ ਫਾਇਦਾ ਉਠਾਇਆ। ਔਰਤਾਂ ਹੀ ਨਹੀਂ, ਉਹਨਾਂ ਦੇ ਮਰਦ ਮਿੱਤਰ ਵੀ ਬਿਨਾਂ ਰੋਕ ਟੋਕ ਘਰ ਆਉਂਦੇ ਸਨ। ਪਿਤਾ ਸਵੇਰੇ ਦੁਕਾਨ ਤੇ ਚਲੇ ਜਾਂਦੇ ਸਨ ਅਤੇ ਅੱਧੀ ਰਾਤ ਘਰ ਮੁੜਦੇ ਸਨ। ਘਰ 'ਚ ਕੀ ਹੁੰਦਾ ਸੀ ਕੀ

ਨਹੀਂ, ਇਸ ਦੀ ਉਹਨਾਂ ਨੂੰ ਕੁਝ ਖ਼ਬਰ ਨਹੀਂ ਸੀ। ਲਾਹੌਰ ਵਿਚ ਜਿਹੋ ਜਿਹਾ ਰੁਤਬਾ ਉਹਨਾਂ ਦਾ ਸੀ ਉਹ ਇਹੋ ਜਿਹਾ ਹੀ ਇੱਥੇ ਚਾਹੁੰਦੇ ਸਨ। ਖੱਦਰ ਦੇ ਕੱਪੜੇ ਪਾ ਕੇ ਉਹਨਾਂ ਨੇ ਜਨਤਕ ਸਭਾਵਾਂ ਵਿਚ ਭਾਸ਼ਣ ਦੇਣਾ ਆਰੰਭ ਕਰ ਦਿੱਤਾ।

ਇਹ ਸਾਰਾ ਕੁਝ ਚੱਲ ਹੀ ਰਿਹਾ ਸੀ ਕਿ ਇੱਕ ਦਿਨ ਸਟੇਸ਼ਨ ਰੋਡ ਤੇ ਭਿਆਨਕ ਅਗਨੀਕਾਂਡ ਹੋਇਆ। ਸਾਰੀਆਂ ਦੁਕਾਨਾਂ ਸੜ ਕੇ ਸੁਆਹ ਹੋ ਗਈਆਂ ਅਤੇ ਉਹਨਾਂ ਦੇ ਨਾਲ ਹੀ ਪਿਤਾ ਜੀ ਵੀ ਝੁਲਸ ਕੇ ਰਾਖ਼ ਹੋ ਗਏ।

ਸਾਰੀ ਦੇਹ ਕੋਲੇ ਵਾਂਗੂੰ ਕਾਲੀ ਹੋ ਗਈ ਸੀ। ਕਾਲੀਆਂ ਪਲਕਾਂ ਉੱਤੇ ਚੁੱਕਦੇ ਤਾਂ ਲਾਲ ਅੱਖਾਂ ਵੇਖ ਕੇ ਭੈਅ ਆਉਂਦੀ ਸੀ।

ਤਕਰੀਬਨ ਹਫਤਾ ਭਰ ਹਸਪਤਾਲ 'ਚ ਰਹਿ ਕੇ ਇੱਕ ਦਿਨ ਉਹ ਚਲ ਵਸੇ। ਕਿੰਨੇ ਵੱਡੇ ਅਰਮਾਨ ਸਨ ਉਹਨਾਂ ਦੇ। ਕਿੰਨੇ ਵੱਡੇ ਸੁਪਨੇ ਦੇਖੇ ਸਨ ਉਹਨਾਂ। ਪਰ ਅੱਗ ਦੀਆਂ ਲਾਟਾਂ ਵਿਚ ਸਾਰੇ ਉਹਨਾਂ ਦੇ ਨਾਲ ਹੀ ਗੁਆਚ ਗਏ-ਹਮੇਸ਼ਾਂ ਲਈ।

ਸਾਰਾ ਪਰਿਵਾਰ ਇਕ ਵਾਰ ਫਿਰ ਸ਼ਰਨਾਰਥੀ ਬਣ ਗਿਆ। ਅਜੇ ਮਹੀਨਾ ਵੀ ਨਹੀਂ ਸੀ ਲੰਘਿਆ ਕਿ ਸ਼ਾਹੂਕਾਰਾਂ ਨੇ ਮਕਾਨ ਖੋਹ ਲਿਆ। ਉਦੋਂ ਸਾਰੇ ਕਿਰਾਏ ਦੇ ਇੱਕ ਛੋਟੇ ਜਿਹੇ ਮਕਾਨ 'ਚ ਰਹਿਣ ਲੱਗੇ ਸਨ।

ਮਾਂ ਨੇ ਸਿਲਾਈ ਕਢਾਈ ਦਾ ਕੰਮ ਸ਼ੁਰੂ ਕੀਤਾ। ਬਠਿੰਡੇ ਤੋਂ ਕਦੇ ਕਦੇ ਮਾਮਾ ਜੀ ਆਉਂਦੇ ਤਾਂ ਉਹ ਕੁਝ ਸਹਾਇਤਾ ਕਰ ਜਾਂਦੇ।

ਜਿਹੜੇ ਲੋਕ ਪਹਿਲਾਂ ਘਰ ਆਉਂਦੇ ਹੁੰਦੇ ਸਨ। ਉਹਨਾਂ ਨੇ ਇਥੇ ਵੀ ਆਉਣਾ ਸ਼ੁਰੂ ਕਰ ਦਿੱਤਾ- ਹਮਦਰਦੀ ਜਤਾਉਣ ਲਈ। ਕੋਈ ਬੱਚਿਆਂ ਲਈ ਫਰਾਕ ਲਿਆਉਂਦਾ। ਕੋਈ ਘਰ ਜਾਂਦਿਆਂ ਇੱਕ ਇੱਕ ਰੁਪਿਆ ਉਹਨਾਂ ਦੇ ਹੱਥ ਤੇ ਰੱਖ ਜਾਂਦਾ। ਕੋਈ ਸਿਰਫ਼ ਬੱਚਿਆਂ ਨੂੰ ਪਿਆਰ ਨਾਲ ਪੁਕਾਰ ਕੇ ਚਲਾ ਜਾਂਦਾ।

ਵਸੁਧਾ ਹੁਣ ਵੱਡੀ ਹੋ ਗਈ ਸੀ। ਸਾਰਾ ਕੁਝ ਸਮਝਣ ਲੱਗ ਪਈ ਸੀ। ਕੌਣ ਕਿਸ ਤਾਕ ਨਾਲ, ਕਦੋਂ ਆਉਂਦਾ ਹੈ ਉਸਨੂੰ ਸਭ ਅਹਿਸਾਸ ਸੀ।

ਦਾਦੀ ਕੁੜ੍ਹਦੀ ਰਹਿੰਦੀ,"ਸਾਡੇ ਬਲਜੀਤ ਨੂੰ ਮਰੇ ਤਿੰਨ ਮਹੀਨੇ ਵੀ ਨਹੀਂ ਹੋਏ ਵਹੁਟੀ ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਮੋਏ ਮੁਹੱਲੇ ਵਾਲੇ ਕੀ ਕਹਿਣਗੇ, ਪਰਵੀਨ ! ਰੱਬ ਤੋਂ ਕੁਝ ਤਾਂ ਡਰ।"

ਮਾਂ ਨੇ ਜਿੰਦਗੀ 'ਚ ਕਿਸੇ ਦੀ ਪਰਵਾਹ ਨਹੀਂ ਸੀ ਕੀਤੀ। ਹੁਣ ਵੀ ਉਸਨੇ ਆਪਣਾ ਰੰਗ ਵਿਖਾਇਆ।

ਦੋ ਬੱਚਿਆਂ ਦੀ ਮਾਂ ਬਣਨ ਤੇ ਵੀ ਉਸ ਤੇ ਲੋਹੜੇ ਦਾ ਰੰਗ ਰੂਪ ਸੀ। ਸੰਗ ਮਰਮਰ ਵਰਗੀ ਤਰਾਸ਼ੀ ਦੇਹ,ਤਿੱਖੇ ਨੈਣ ਨਕਸ਼, ਗੋਰਾ ਗੁਲਾਬੀ ਰੰਗ-ਲੋਕ ਵੇਖਦੇ ਤਾਂ ਵੇਖਦੇ ਹੀ ਰਹਿ ਜਾਂਦੇ।

ਮਾਂ ਜਦੋਂ ਬਣ ਠਣ ਕੇ ਬਜ਼ਾਰ 'ਚ ਨਿਕਲਦੀ ਤਾਂ ਲੋਕ ਤੁਰਦੇ ਤੁਰਦੇ ਖੜ੍ਹੇ ਹੋ ਜਾਂਦੇ ਸਨ। ਮਾਂ ਦਾ ਅਸਾਧਾਰਣ ਰੂਪ ਰੰਗ ਹੀ ਸੀ ਜਿਸ ਤੋਂ ਪਿਤਾ ਜੀ ਜਿੰਦਗੀ ਭਰ ਦਬਦੇ ਰਹੇ ਸਨ।

ਇੱਕ ਦਿਨ ਮਾਂ ਰਸੋਈ ਵਿਚ ਚਾਹ ਬਣਾ ਰਹੀ ਸੀ। ਗੁਆਂਢ ਦੇ ਠੇਕੇਦਾਰ ਰਣਧੀਰ ਚਾਚਾ ਅੰਦਰ ਮੰਜੇ ਤੇ ਬੈਠੇ ਸਨ। ਉਹਨਾਂ ਨੇ ਸਾਹਮਣੇ ਖੜ੍ਹੀ ਵਸੁਧਾ ਨੂੰ ਜਬਰਦਸਤੀ ਖਿੱਚ ਕੇ ਆਪਣੀ ਗੋਦੀ ਵਿਚ ਬਿਠਾ ਲਿਆ ਅਤੇ ਫਿਰ ਉਸਨੂੰ ਘੁੱਟ ਕੇ ਚੁੰਮਣ ਲੱਗ ਪਏ। ਮਾਂ ਨੇ ਇਹ ਦੇਖਿਆ ਤਾਂ ਉਹ ਤਾਅ ਖਾ ਗਈ।

ਚਾਹ ਦੀ ਕੇਤਲੀ ਹੱਥੋਂ ਛੁੱਟ ਕੇ ਥੱਲੇ ਡਿੱਗ ਪਈ।

"ਤੈਨੂੰ ਸ਼ਰਮ ਨਹੀਂ ਆਉਂਦੀ-------।"

ਰਣਧੀਰ ਚਾਚਾ ਪਹਿਲਾਂ ਤਾਂ ਕੁਝ ਝਿਜਕਿਆ। ਪਰ ਫੇਰ ਕੁਝ ਕੁ ਰੁਕ ਕੇ ਵਿਅੰਗ ਦਾ ਤੀਰ ਛੱਡਦਾ ਹੋਇਆ ਬੋਲਿਆ,"ਸ਼ਰਮ ਤਾਂ ਤੈਨੂੰ ਆਉਣੀ ਚਾਹੀਦੀ ਹੈ ਪਰਵੀਨ-ਪਹਿਲਾਂ ਆਪਣਾਂ ਚਾਲ ਚਲਣ ਵੇਖ ਫੇਰ ਦੇਈਂ ਦੂਜਿਆਂ ਨੂੰ ਦੋਸ਼-"

ਏਨਾ ਕਹਿ ਕੇ ਉਹ ਚਲੇ ਗਏ।

ਮਾਂ ਸੁੰਨ ਰਹਿ ਗਈ।

ਉਸ ਵੇਲੇ ਉਸਨੇ ਸਾਰੀਆਂ ਖਿੜਕੀਆਂ ਬੰਦ ਕਰ ਦਿੱਤੀਆਂ। ਦਰਵਾਜੇ ਬੰਦ ਕਰ ਦਿੱਤੇ।

ਉਹ ਦਿਨ ਸੀ ਤੇ ਇਹ ਦਿਨ।

ਹੁਣ ਘਰੇ ਕੋਈ ਨਹੀਂ ਸੀ ਆਉਂਦਾ। ਜਿਸ ਨੂੰ ਕੰਮ ਵੀ ਹੁੰਦਾ ਉਹ ਖਿੜਕੀ ਚੋਂ ਹੀ ਗੱਲ ਕਰਕੇ ਚਲਿਆ ਜਾਂਦਾ।
ਇਸਤੋਂ ਕੁਝ ਦਿਨ ਮਗਰੋਂ ਹੀ ਮਾਂ ਨੇ ਲੁਧਿਆਣਾ ਛੱਡ ਦਿੱਤਾ। ਦੋਹਾਂ ਕੁੜੀਆਂ ਨੂੰ ਲੈ ਕੇ ਦਿੱਲੀ ਆ ਗਈ ਅਤੇ ਇੱਥੇ ਦੂਜਾ ਵਿਆਹ ਰਚਾ ਲਿਆ।

000

ਪਰ ਇਹ ਦੂਜਾ ਵਿਆਹ ਵੀ ਰਾਸ ਨਹੀਂ ਆਇਆ।
ਦੂਜੇ ਪਿਤਾ ਜੀ ਏਨੇ ਭੋਲੇ ਸਨ ਕਿ ਉਹਨਾਂ ਨੂੰ ਦੀਨ-ਦੁਨੀਆਂ ਦੀ ਕੁਝ ਖਬਰ ਹੀ ਨਹੀਂ ਸੀ।
ਮਾਂ ਨੂੰ ਇੱਕ ਸਹਾਰਾ ਚਾਹੀਦਾ ਸੀ-ਸੰਸਾਰ ਦੀਆਂ ਨਜ਼ਰਾਂ ਤੋਂ ਬਚਣ ਲਈ। ਪਰ ਇਹ ਸਹਾਰਾ ਵੀ ਮ੍ਰਿਗ ਤ੍ਰਿਸ਼ਨਾ ਵਾਂਗੂੰ ਲੱਗ ਰਿਹਾ ਸੀ।
ਇਥੇ ਆ ਕੇ ਉਸਨੇ ਪਿਛਲੀ ਸਾਰੀ ਜਿੰਦਗੀ ਨੂੰ ਭੁਲਾ ਦਿੱਤਾ। ਘਰ ਤੱਕ ਹੀ ਸੀਮਤ ਸੰਸਾਰ ਸੀ ਹੁਣ ਉਸਦਾ ਪਤੀ ਸੀ -ਪਰਮੇਸ਼ਵਰ !
ਮਨ ਨੂੰ ਸ਼ਾਂਤ ਰੱਖਣ ਲਈ ਮਾਂ ਨੇ ਰੋਜ਼ ਸਵੇਰੇ ਸ਼ਾਮ ਮੰਦਰ ਜਾਣਾ ਸ਼ੁਰੂ ਕਰ ਦਿੱਤਾ। ਘਰ 'ਚ ਰੋਜ਼ ਸ਼ਾਮ ਨੂੰ ਆਰਤੀ ਹੁੰਦੀ। ਰਮਾਇਣ ਦੇ ਨਾਲ ਨਾਲ ਗੁਰੂ ਗ੍ਰੰਥ ਸਾਹਬ ਦਾ ਪਾਠ ਵੀ ਹੁੰਦਾ।
ਪੁਰਾਣੀ ਜਾਣ-ਪਹਿਚਾਣ ਵਾਲੇ ਲੋਕ ਦੇਖਦੇ ਤਾਂ ਪਛਾਣ ਨਾ ਸਕਦੇ। ਦਾਨੇ-ਬੀਨੇ ਆਖਦੇ - ਪਰਵੀਨ ਕੌਰ ਦਾ ਨਵਾਂ ਜਨਮ ਹੋਇਆ ਹੈ। ਅੱਖਾਂ ਨੀਵੀਆਂ ਕਰਕੇ ਸੜਕ ਤੇ ਤੁਰਦੀ ਹੈ। ਕਿਸੇ ਓਪਰੇ ਮਰਦ ਨਾਲ ਗੱਲਾਂ ਕਰਨਾਂ ਤਾਂ ਇੱਕ ਪਾਸੇ ਰਿਹਾ-ਨਜ਼ਰਾਂ ਤੱਕ ਨਹੀਂ ਮਿਲਾਉਂਦੀ। ਦਿਨ ਰਾਤ ਇਸ਼ਨਾਨ ਧਿਆਨ, ਪੂਜਾ ਪਾਠ 'ਚ ਲੱਗੀ ਰਹਿੰਦੀ ਹੈ। ਕੁੜੀਆਂ ਨੂੰ ਵੀ ਚੰਗੀ ਸਿੱਖਿਆ ਦੇ ਰਹੀ ਹੈ।
ਬੱਚੇ ਵੀ ਹੁਣ ਪਹਿਲਾਂ ਨਾਲੋਂ ਖੁਸ਼ ਸਨ। ਬੱਸੋ ਕਮੇਟੀ ਦੇ ਸਕੂਲ 'ਚ ਦਾਖਲ ਹੋ ਗਈ ਸੀ। ਕੰਚੋ ਵੀ ਪੜ੍ਹ ਰਹੀ ਸੀ। ਇਸ ਸਾਲ ਛੇਵੀਂ ਦਾ ਪ੍ਰਾਈਵੇਟ ਇਮਤਿਹਾਨ ਦਿੱਤਾ ਸੀ।

ਨਵੇਂ ਪਿਤਾ ਲਾਲਾ ਬਿਸ਼ਨਦਾਸ ਦੀ ਹੈਸੀਅਤ ਬਹੁਤੀ ਵਧੀਆ ਨਹੀਂ ਸੀ - ਪਰ ਖਾਣ ਪੀਣ ਦਾ ਘਾਟਾ ਹੋਵੇ- ਇਉਂ ਵੀ ਨਹੀਂ ਸੀ। ਰੇਲਵੇ ਵਿਚ ਚੀਫ਼ ਕਲਰਕ ਸਨ। ਕਮਾਈ ਚੰਗੀ ਸੀ। ਲਾਜਪਤ ਨਗਰ ਵਿਚ ਆਪਣਾ ਮਕਾਨ ਸੀ। ਇਸ ਲਈ ਰੇਲਵੇ ਕੁਆਰਟਰ ਵਾਸਤੇ ਕਦੇ ਅਪਲਾਈ ਹੀ ਨਹੀਂ ਸੀ ਕੀਤਾ। ਪਾਕਿਸਤਾਨ ਵਿਚ ਰਹਿ ਗਈ ਜਾਇਦਾਦ ਦੇ ਮੁਆਵਜ਼ੇ ਵਿਚ ਜਿਹੜੀ ਥਾਂ ਮਿਲੀ ਸੀ ਉਸੇ ਥਾਂ ਤੇ ਹੀ ਉਹਨਾਂ ਨੇ ਇੱਕ ਦੋ ਕਮਰੇ ਹੋਰ ਪੁਆ ਲਏ ਸਨ। ਪਹਿਲਾਂ ਕੁਝ ਕਮਰੇ ਕਿਰਾਏ ਤੇ ਚੜੇ ਸਨ ਪਰ ਇਸ ਵਿਆਹ ਮਗਰੋਂ ਉਹਨਾਂ ਉਹ ਵੀ ਖਾਲੀ ਕਰਵਾ ਲਏ ਸਨ। ਤਾਂ ਕਿ ਬੱਚਿਆਂ ਨੂੰ ਕੋਈ ਪਰੇਸ਼ਾਨੀ ਨਾ ਹੋਵੇ।

ਨਵੇਂ ਪਿਤਾ ਦਾ ਇਹ ਪਹਿਲਾ ਵਿਆਹ ਹੋਵੇ- ਇਹੋ ਜਿਹੀ ਗੱਲ ਨਹੀਂ ਸੀ। ਕਹਿੰਦੇ ਨੇ ਬਹੁਤ ਚਿਰ ਪਹਿਲਾਂ ਉਹਨਾਂ ਨੇ ਆਪਣੇ ਹੀ ਦਫਤਰ ਦੇ ਇੱਕ ਕਲਰਕ ਦੀ ਰਿਸ਼ਤੇਦਾਰ ਨਾਲ ਵਿਆਹ ਕਰਵਾਇਆ। ਪਰ ਮਹੀਨੇ ਮਗਰੋਂ ਹੀ ਉਹ ਕੁਝ ਕੱਪੜੇ ਲੱਤੇ, ਗਹਿਣਾ-ਮੱਟਾ, ਸਾਰਾ ਕੁਝ ਸਮੇਟ ਕੇ ਨੌਂ ਦੋ ਗਿਆਰਾਂ ਹੋ ਗਈ। ਅਤੇ ਹੁਣ ਤੱਕ ਉਸਦਾ ਕੋਈ ਥਹੁ ਪਤਾ ਨਹੀਂ ਸੀ ਲੱਗਿਆ।

ਬਿਸ਼ਨਦਾਸ ਨੂੰ ਉਸ ਦੇ ਕਿੱਸੇ ਹੁਣ ਤੱਕ ਯਾਦ ਨੇ। ਬਹੁਤ ਹੀ ਅਨੋਖੀ ਆਵਾਜ਼ ਵਿਚ ਉਹ 'ਅਰਦਾਸ' ਗਾਉਂਦੀ ਹੁੰਦੀ ਸੀ।

000

"ਸ਼ਿਮਲੇ ਰੇਲਵੇ ਦਾ ਗੈਸਟ ਹਾਊਸ ਹੈ ਪਰਵੀਨ ਕੁਝ ਦਿਨ ਅਸੀਂ ਵੀ ਉਥੇ ਘੁੰਮ ਆਂਈਏ। ਵਿਆਹ ਦੇ ਮਗਰੋਂ ਸਾਰੇ ਪਹਾੜਾਂ ਤੇ ਜਾਂਦੇ ਹਨ"ਇੱਕ ਦਿਨ ਨਵੇਂ ਪਿਤਾ ਨੇ ਕਿਹਾ ਤਾਂ ਨਵੀਂ ਨਵੇਲੀ ਵਹੁਟੀ ਵਾਂਗੂੰ ਪਹਿਲਾਂ ਤਾਂ ਸ਼ਰਮਾਈ। ਫੇਰ ਬੋਲੀ,

“ਉਥੇ ਜਾ ਕੇ ਵੀ ਕੀ ਹੋਏਗਾ, ਲਾਲਾ ਜੀ!”

ਇਸ ਸਵਾਲ ਦਾ ਲਾਲਾ ਜੀ ਕੋਲ ਕੋਈ ਜਵਾਬ ਨਹੀਂ ਸੀ। ਪਰ ਇਸ ਦਾ ਜੁਆਬ ਜਿਸ ਦਿਨ ਮਿਲਿਆ ਉਸ ਦਿਨ ਸਚਮੁਚ ਹੀ ਭੂਚਾਲ ਆਏ ਬਿਨਾਂ ਨਾ ਰਹਿ ਸਕਿਆ।

ਬਿਸ਼ਨਦਾਸ ਨੇ ਇੱਕ ਦਿਨ ਸ਼ਾਮ ਨੂੰ ਘਰੋਂ ਆਕੇ ਦੱਸਿਆ ਕਿ ਸਾਡਾ ਕੋਈ ਨਵਾਂ ਅਫ਼ਸਰ ਆਇਆ ਹੈ-ਏ. ਨਾਥ। ਉਸਨੇ ਰਾਤ ਨੂੰ ਖਾਣੇ ਤੇ ਬੁਲਾਇਆ ਹੈ-ਇਸ ਲਈ ਛੇਤੀ 'ਤਿਆਰ' ਹੋ ਕੇ ਚੱਲਣਾ ਹੈ।

“ਬੱਚਿਆਂ ਨੂੰ ਵੀ ਨਾਲ ਲੈ ਚੱਲੀਏ?"

“ਕੀ ਕਰਨਗੇ ਏਨੀ ਦੂਰ ਜਾ ਕੇ।”

ਉਹ ਸਜ ਧਜ ਕੇ ਤਿਆਰ ਹੋਈ। ਵਧੀਆ ਵਧੀਆ ਕੱਪੜੇ ਪਾਏ। ਗਹਿਣੇ ਵੀ ਪਾ ਲਏ। ਮਾਂਗ ਵਿਚ ਢੇਰ ਸਾਰਾ ਸੰਧੂਰ ਭਰਿਆ। ਆਖਿਰ ਸ਼ੀਸ਼ੇ ਵਿਚ ਆਪਣਾ ਚਿਹਰਾ ਵੇਖ ਕੇ ਆਪ ਹੀ ਸ਼ਰਮਾ ਗਈ।

ਦੋ ਘੰਟੇ ਦੀ ਭੱਜ ਦੌੜ ਮਗਰੋਂ ਜਦੋ 'ਸਟੇਟ ਐਂਟਰੀ ਰੋਡ' ਤੇ ਪਹੁੰਚੇ ਤਾਂ ਦੇਖਿਆ ਕਿ ਮੇਜ਼ਬਾਨ ਸਚਮੁੱਚ ਹੀ ਖਾਣਾ ਬਣਾਈਂ ਤਿਆਰ ਬੈਠਾ ਹੈ। ਖਾਣਾ ਠੰਡਾ ਹੋ ਰਿਹਾ ਸੀ।

ਬਿਸ਼ਨਦਾਸ ਅਫਸਰ ਦੇ ਕੋਲੇ ਖਿਚਿੱਆ ਖਿਚਿਆ ਜਿਹਾ ਬੈਠਾ ਰੰਮ ਪੀਂਦਾ ਰਿਹਾ ਅਤੇ ਪਰਵੀਨ ਚੁੱਪਚਾਪ ਪੁਰੀਆਂ ਟੁੱਕਦੀ ਰਹੀ।

ਅਜੇ ਖਾਣਾ ਖ਼ਤਮ ਨਹੀਂ ਸੀ ਹੋਇਆ ਕਿ ਬਿਸ਼ਨਦਾਸ ਨੂੰ ਅਚਾਨਕ ਕੋਈ ਕੰਮ ਯਾਦ ਆ ਗਿਆ।"ਹੁਣੇ ਆਉਂਦਾ ਹਾਂ, ਸਰ"ਕਹਿ ਕੇ ਉਹ ਜਿਉਂ-ਨਿਕਲਿਆ ਸਾਰੀ ਰਾਤ ਮੁੜ ਕੇ ਘਰ ਨਹੀਂ ਆਇਆ।

ਅਫਸਰ ਛੜਾ ਸੀ ਅਣਵਿਆਹਿਆ, ਇਕੱਲਾ। ਨੌਕਰ ਚਾਕਰ ਵੀ ਆਪਣਾ ਖਾਣਾ ਖਾ ਕੇ ਆਪਣੇ ਆਪਣੇ ਘਰ ਚਲਦੇ ਬਣੇ। ਕੌਣ ਕਦੋਂ ਤੱਕ ਇੰਤਜ਼ਾਰ ਕਰਦਾ।

ਸਵੇਰੇ ਮੂੰਹ ਹਨੇਰੇ ਜਿਹੇ ਅਫਸਰ ਆਪ ਹੀ ਗੱਡੀ ਵਿਚ ਉਸਨੂੰ ਆਪ ਡਬਲ ਸਟੋਰੀ ਕੁਆਰਟਰਜ਼ ਤੱਕ ਚੁੱਪ ਚੁਪੀਤੇ ਜਿਹੇ ਛੱਡ ਗਿਆ।

ਪਰਵੀਨ ਦਾ ਪਾਰਾ ਸੱਤਵੇਂ ਅਸਮਾਨ ਤੇ ਚੜ੍ਹਿਆ ਹੋਇਆ ਸੀ। ਚਿਹਰਾ ਤਣਿਆ ਹੋਇਆ। ਘਰ 'ਚ ਪੈਰ ਧਰਦੇ ਹੀ ਉਹ ਵਰ੍ਹਾ ਪਈ। ਬਿਸ਼ਨਦਾਸ ਦੀ ਧੌਣ ਫੜਕੇ, ਬੁੜ-ਬੁੜਾਉਂਦੀ ਬੋਲੀ,"ਤੂੰ ਮਰਦ ਨਹੀਂ, ਇਹ ਤਾਂ ਮੈਨੂੰ ਪਹਿਲੀ ਰਾਤ ਹੀ ਪਤਾ ਲੱਗ ਗਿਆ ਸੀ ਪਰ ਏਡਾ

ਨਾਮਰਦ ਤੇ ਨੀਚ ਵੀ ਹੈਂ ਇਹ ਮੈਂ ਕਦੇ ਸੋਚਿਆ ਵੀ ਨਹੀਂ ਸੀ। ਬਿਸ਼ਨੇ ਦਾਸ! ਤੂੰ ਸਮਝਿਆ ਕੀ ਮੈਨੂੰ ਕੰਜਰੀ -। ਮੈਂ ਜੇ ਆਪਣੀ ਆਈ ਤੇ ਉੱਤਰ ਆਈ ਨਾ ਤਾਂ. ਤੇਰਾ ਜਿਉਣਾ ਹਰਾਮ ਕਰ ਦਿਆਂਗੀ।"

ਬਿਸ਼ਨਦਾਸ ਥਰ ਥਰ ਕੰਬਣ ਲੱਗ ਗਿਆ।

ਮੂਰਤੀਆਂ ਲਈ ਬਣੀ ਥਾਂ ਉਸਨੇ ਤੋੜ ਦਿੱਤੀ। ਭਗਵਾਨ ਦੀਆਂ ਤਸਵੀਰਾਂ ਪਾਉ ਦਿੱਤੀਆਂ। ਮਣਕਾ ਦੇ ਦਾਣੇ ਇੱਕ ਇੱਕ ਕਰਕੇ ਬਾਹਰ ਖਿਲਾਰ ਕੇ ਸੁੱਟ ਦਿੱਤੀ।

ਉਹ ਦਿਨ ਤੇ ਆਹ ਦਿਨ।

ਲੋਕ ਕਹਿੰਦੇ ਪਰਵੀਨ ਕੌਰ ਦਾ ਦਿਮਾਗ਼ ਫਿਰ ਗਿਆ ਹੈ। ਜਦੋਂ ਦੇਖੋ ਘਰ ਮਹਿਫਲ ਜੰਮੀ ਰਹਿੰਦੀ ਹੈ। ਨਿੱਤ ਨਵੇਂ ਨਵੇਂ ਲੋਕ ਆਉਂਦੇ ਨੇ। ਕੀਰਤਨ ਚਲਦਾ ਰਹਿੰਦਾ ਹੈ।

ਹਾਲਾਤ ਹੌਲੀ ਹੌਲੀ ਇਥੋਂ ਤੱਕ ਪਹੁੰਚ ਗਏ ਕਿ ਸਰਦੀਆਂ ਦੀਆਂ ਠੰਡੀਆਂ, ਠੁਰਕਦੀਆਂ ਰਾਤਾਂ ਵਿਚ ਪੌੜੀਆਂ ਤੇ ਬੈਠਾ ਬੈਠਾ ਰਾਤ ਲੰਘਾ ਦਿੰਦਾ ਬਿਸ਼ਨਦਾਸ।

ਅੰਦਰ ਉਸਦੇ ਬਿਸਤਰੇ ਤੇ ਕੋਈ ਹੋਰ ਸੁੱਤਾ ਪਿਆ ਹੁੰਦਾ।

ਇਹਨਾਂ ਹੀ ਦਿਨਾਂ 'ਚ ਬਿਸ਼ਨਦਾਸ ਦਾ ਇੱਕ ਬੱਚਾ ਹੋਇਆ ਜਿਹੜਾ ਉਹਦੇ ਨਾਲ ਬਿਲਕੁੱਲ ਵੀ ਮਿਲਦਾ ਜੁਲਦਾ ਨਹੀਂ ਸੀ। ਲੋਕ ਕਹਿੰਦੇ ਕਿਸੇ ਹੋਰ ਦਾ ਹੈ।

ਏਸੇ ਗਮ 'ਚ ਘੁਲਦਾ ਘੁਲਦਾ ਬਿਸ਼ਨਦਾਸ ਅਧਮਰਿਆ ਹੋ ਗਿਆ। ਇੱਕ ਦਿਨ ਅਧਰੰਗ ਦਾ ਸ਼ਿਕਾਰ ਹੋ ਕੇ ਬਿਸਤਰੇ ਤੇ ਐਸਾ ਡਿੱਗਿਆ ਕਿ ਫੇਰ ਉਠ ਨਹੀਂ ਸਕਿਆ।

ਪਰਵੀਨ ਹੁਣ ਉੱਧਰ ਵੇਖਦੀ ਤੱਕ ਨਹੀਂ। ਕੰਚਨ ਨਫਰਤ ਭਰੀਆਂ ਨਿਗਾਹਾਂ ਨਾਲ ਵੇਖ ਕੇ ਚਲੀ ਜਾਂਦੀ ਹੈ। ਮੀਚੇ ਕਦੇ ਕਦੇ ਕਿਸੇ ਅਜਨਬੀ ਵਾਂਗੂੰ ਆਉਂਦਾ ਹੈ ਤਾਂ ਬਿਨਾ ਰੁਕਿਆਂ ਚਲਿਆ ਜਾਂਦਾ ਹੈ।

ਸਾਰੀ ਮੋਹ ਮਮਤਾ ਦੀ ਜੁਮੇਵਾਰੀ ਹੁਣ ਲੈ ਦੇ ਕੇ ਵਸੁਧਾ ਤੇ ਆ ਕੇ ਟਿਕੀ ਹੈ। ਕਿਸੇ ਆਦਮੀ ਦੀ ਹੋਣੀ ਏਨੀ ਤਰਸਯੋਗ ਵੀ ਹੋ ਸਕਦੀ ਹੈ, ਸੋਚ ਕੇ ਉਹ ਕੰਬ ਉੱਠਦੀ।

ਬਿਸ਼ਨਦਾਸ ਨੂੰ ਫਰਵਰੀ ਤੋਂ ਸੁਪਰਡੈਂਟ ਦੀ ਤਰੱਕੀ ਮਿਲਣੀ ਸੀ। ਅਫਸਰ ਖੁਸ਼ ਸੀ। ਬਿਸ਼ਨਦਾਸ ਦੀ ਸਲੈਕਸ਼ਨ ਹੋ ਚੁੱਕੀ ਸੀ। ਪਰ ਹੁਣ? ਇੱਕ ਬਹੁਤ ਵੱਡਾ ਸਵਾਲੀਆ ਨਿਸ਼ਾਨ ਖਿਲਾਅ 'ਚ ਤਣਿਆ ਖੜੌਤਾ ਸੀ।

ਤਿੰਨ ਚਾਰ ਵਰ੍ਹਿਆਂ 'ਚ ਹੀ ਸਾਰਾ ਕੁਝ ਬਦਲ ਗਿਆ ਸੀ। ਕੰਚਨ ਬੀ.ਏ. ਵਿੱਚੋਂ ਇਸ ਵਾਰੀ ਵੀ ਫੇਲ ਹੋ ਗਈ ਤਾਂ ਮਾਂ ਨੇ ਉਸਨੂੰ ਕਿਸੇ ਨੌਕਰੀ ਤੇ ਲਾ ਦੇਣ ਦੀ ਗੱਲ ਕੀਤੀ। ਪਰ ਵਸੁਧਾ ਨਹੀਂ ਮੰਨੀ। ਕਹਿਣ ਲੱਗੀ,"ਕਿਉਂ ਇਸ ਦੀ ਜ਼ਿੰਦਗੀ ਖ਼ਰਾਬ ਕਰਨ ਤੇ ਤੁਲੀ ਹੈਂ ਨੌਕਰੀ ਕਰਕੇ ਕੀ ਮਿਲੇਗਾ। ਸਾਰੀਆਂ ਥਾਵਾਂ ਤੇ ਇਕੋ ਹੀ ਹਿਸਾਬ ਹੈ।.ਬੀ.ਏ. ਮਗਰੋਂ ਟੀਚਿੰਗ ਦਾ ਡਿਪਲੋਮਾ ਕਰਕੇ ਕਿਤੇ ਮਾਸਟਰਨੀ ਲੱਗ ਜਾਏਗੀ। ਚੰਗਾ ਜਿਹਾ ਮੁੰਡਾ ਲੱਭ ਕੇ ਇਹਦਾ ਵਿਆਹ ਕਰ ਦਿਆਂਗੇ। ਸੁੱਖ ਦੀ ਜ਼ਿੰਦਗੀ ਜਿਉਂਵੇਗੀ।”

ਮਾਂ ਦੀਆਂ ਨਜ਼ਰਾਂ 'ਚ ਪੈਸਾ ਹੀ ਹੁਣ ਸਾਰਾ ਕੁਝ ਸੀ। ਇਸ ਲਈ ਬੜੀ ਔਖੀ ਮੰਨੀ।

ਮੀਚੇ ਦਾ ਸਕੂਲ ਠੀਕ ਚਲ ਰਿਹਾ ਸੀ।

ਪਿਤਾ ਦੇ ਰਹਿਣ ਖਾਣ ਦਾ ਵੀ ਕੁਝ ਵਧੀਆ ਪ੍ਰਬੰਧ ਹੋ ਗਿਆ ਸੀ। ਵਸੁਧਾ ਹਰ ਮਹੀਨੇ ਕੁਝ ਪੈਸੇ ਬਚਾ ਕੇ ਟਾਨਿਕ ਲੈ ਆਉਂਦੀ। ਘਰ ਮੁੜਦੇ ਸਮੇਂ ਅੱਡ ਕਰਕੇ ਕੁਝ ਫਲ ਲਿਆਉਂਣਾ ਵੀ ਨਾ ਭੁਲਦੀ।

ਪਿਤਾ ਦੇ ਪ੍ਰਾਵੀਡੈਂਟ ਫੰਡ ਦੇ ਸਾਰੇ ਰੁਪਏ ਪਹਿਲਾਂ ਹੀ ਖਤਮ ਹੋ ਚੁੱਕੇ ਸਨ ਹੁਣ ਗ੍ਰਿਹਸਥੀ ਦੀ ਸਾਰੀ ਗੱਡੀ ਵਸੁਧਾ ਦੇ ਸਿਰ ਤੇ ਹੀ ਚਲ ਰਹੀ ਸੀ।

ਪਰ ਏਨਾ ਸਾਰਾ ਕੁਝ ਹੋਣ ਤੇ ਵੀ ਮਾਂ ਸੰਤੁਸ਼ਟ ਨਹੀਂ ਸੀ। ਦਿਨ ਰਾਤ ਤਾਹਨੇ ਦਿੰਦੀ ਰਹਿੰਦੀ,"ਫਲਾਨੇ ਨੇ ਏਨੀ ਤਰੱਕੀ ਕਰ ਲਈ ਹੈ। ਕੁੜੀ ਨੇ ਆਪਣੇ ਸਿਰ ਤੇ ਬਿਲਡਿੰਗ ਖੜੀ ਕਰ ਲਈ ਹੈ। ਕਾਰਾਂ 'ਚ ਠਾਠ ਨਾਲ ਘੁੰਮਦੀ ਹੈ। ਅਸ਼ੋਕਾ ਹੋਟਲ ਤੋਂ ਘੱਟ ਗੱਲ ਨਹੀਂ ਕਰਦੀ।”

ਇਸ ਸਭ ਕੁਝ ਦੇ ਬਾਵਜੂਦ ਵੀ ਹੌਲੀ ਹੌਲੀ ਉਸਦੇ ਸੁਭਾਅ 'ਚ ਤਬਦੀਲੀ ਆਉਣ ਲੱਗ ਪਈ। ਚਿਹਰੇ ਤੇ ਵੀ ਉਹ ਨਿਖਾਰ ਨਹੀਂ ਰਿਹਾ। ਢਲਦੀ ਉਮਰ ਦੀਆਂ ਡੂੰਘੀਆਂ ਲਕੀਰਾਂ ਦੂਰੋਂ ਹੀ ਲਿਸ਼ਕਣ ਲੱਗ ਪਈਆਂ।

ਇੱਕ ਦਿਨ ਮਾਂ-ਬਿਨਾਂ ਗੱਲੋਂ ਪਿਤਾ ਨੂੰ ਝਿੜਕ ਰਹੀ ਸੀ ਤਾਂ ਵਸੁਧਾ ਬੋਲਣੋਂ ਨਾ ਰਹਿ ਸਕੀ,"ਹਰ ਵੇਲੇ ਇਉਂ ਨਫ਼ਰਤ ਦੀ ਨਿਗ੍ਹਾ ਨਾਲ ਕਿਉਂ ਦੇਖਦੇ ਹੋ, ਝਾਈ ਜੀ ! ਤੁਹਾਡੇ ਤੋਂ ਸਿੱਖ ਕੇ ਬੱਚੇ ਵੀ ਇਉਂ ਹੀ ਕਰਦੇ ਨੇ। ਪਰਸੋਂ ਗੁਆਂਢੀ ਬਿੰਦੂ ਕਹਿੰਦਾ ਸੀ, ਇਸ ਬੁੜ੍ਹੇ ਨੂੰ ਜ਼ਹਿਰ ਕਿਉਂ ਨਹੀਂ ਦੇ ਦਿੰਦੇ। ਜਿਵੇਂ ਵੀ ਹਨ, ਆਖ਼ਿਰ ਹੈ ਤਾਂ ਸਾਡੇ ਪਿਤਾ ਦੀ ਥਾਂ ਤੇ ਹੀ। ਇਹਨਾਂ ਦੇ ਸਹਾਰੇ ਹੀ ਹੁਣ ਤੱਕ ਬੈਠੇ ਹਾਂ। ਫੇਰ ਬੁੜ੍ਹਾਪਾ ਤੇ ਬਿਮਾਰੀ ਕੀਹਦੇ ਤੇ ਨਹੀਂ ਆਉਂਦੀ। ਕੱਲ੍ਹ ਨੂੰ ਤੁਸੀਂ ਵੀ ਬੁੱਢੇ ਹੋਵੋਗੇ- ਦੇਖਾਂਗੀ ਕੌਣ ਦਏਗਾ ਤੁਹਾਡਾ ਸਾਥ। ਰੱਬ ਤੋਂ ਕਦੇ ਕੁਝ ਤਾਂ ਡਰੋ।”

ਮਾਂ ਨੇ ਕੋਈ ਜੁਆਬ ਨਹੀਂ ਦਿੱਤਾ।

ਪਹਿਲਾਂ ਵਰਗੀ ਗੱਲ ਹੁੰਦੀ ਤਾਂ ਮਾਂ ਚੁਪੇੜ ਜੜ ਦਿੰਦੀ। ਪਰ ਹੁਣ ਨਾਂ ਤਾਂ ਏਨੀ ਹਿੰਮਤ ਸੀ ਨਾ ਸਮਰੱਥਾ।

ਕੰਚਨ ਉਸ ਦਿਨ ਰਾਤ ਘਰ ਨਹੀਂ ਆਈ।

ਮਾਂ ਵਾਰ ਵਾਰ ਜਾਗਦੀ ਵਾਰ ਵਾਰ ਖਿੜਕੀ ਚੋਂ ਬਾਹਰ ਝਾਕਦੀ। ਰਾਤ ਨੂੰ ਮੀਚੇ ਨੂੰ ਉਹਦੀਆਂ ਇੱਕ ਦੋ ਸਹੇਲੀਆਂ ਦੇ ਘਰ ਘੱਲਿਆ। ਪਰ ਕੁਝ ਪਤਾ ਨਹੀਂ ਲੱਗ ਸਕਿਆ।

ਪਤਾ ਲੱਗਿਆ ਕਿ ਕਾਲਜ ਤਾਂ ਅੱਜ ਉਹ ਪਹੁੰਚੀ ਹੀ ਨਹੀਂ। ਸਵੇਰੇ ਇੱਕ ਬੱਚਾ ਚਿੱਠੀ ਦੇ ਗਿਆ ਜਿਸ ਵਿਚ ਕੰਚਨ ਨੇ ਲਿਖਿਆ ਸੀ-"ਬਰਫ਼ ਵੇਖਣ ਸਹੇਲੀਆਂ ਨਾਲ ਸ਼ਿਮਲੇ ਜਾ ਰਹੀ ਹਾਂ ਦੋ ਤਿੰਨ ਦਿਨ 'ਚ ਮੁੜਾਂਗੀ।"

ਇਸ ਆਵਾਰਾ ਕੁੜੀ ਦਾ ਕੀ ਬਣੇਗਾ? ਵਸੁਧਾ ਨੂੰ ਕੁਝ ਸੁਝਦਾ ਨਹੀਂ ਸੀ। ਪਹਿਲਾਂ ਵੀ ਕਈ ਵਾਰ ਇਸੇ ਤਰ੍ਹਾਂ ਕਰ ਚੁੱਕੀ ਹੈ। ਜਦੋਂ ਜੀਅ ਕੀਤਾ,ਜਿੱਥੇ ਜੀਅ ਕੀਤਾ ਤੁਰ ਪਈ- ਨਾ ਕਿਸੇ ਤੋਂ ਪੁੱਛਣ ਦੀ ਲੋੜ, ਨਾ ਕਿਸੇ ਨੂੰ ਦੱਸਣ ਦੀ ਜ਼ਰੂਰਤ।

ਪਿਛਲੀ ਵਾਰੀ ਆਪਣੀ ਕਿਸੇ ਸਹੇਲੀ ਨਾਲ ਮੋਦੀਨਗਰ ਜਾਣ ਦੀ ਗੱਲ ਕਹਿ ਗਈ ਸੀ ਪਰ ਬਾਅਦ 'ਚ ਪਤਾ ਲੱਗਿਆ, ਉਸ ਰਾਤ ਜਨਪਥ ਦੇ ਕਿਸੇ ਹੋਟਲ ਵਿਚ ਸੀ। ਨਾ ਪੈਸੇ ਲੈਕੇ ਗਈ, ਨਾ ਕੱਪੜੇ, ਮਾਂ ਸਾਰਾ ਦਿਨ ਰੋਂਦੀ ਕਲਪਦੀ ਰਹੀ। ਖਾਣਾ ਤੱਕ ਨਹੀਂ ਖਾਧਾ ਗਿਆ ਉਸ ਤੋਂ।

ਤੀਜੇ ਦਿਨ ਸਵੇਰੇ ਜਦੋਂ ਕੰਚਨ ਘਰੇ ਮੁੜੀ ਤਾਂ ਅਜੀਬ ਰੰਗ ਰੂਪ ਸੀ। ਚਿਹਰਾ ਉਡਿਆ ਹੋਇਆ, ਅੱਖਾਂ ਜਿਵੇਂ ਨਸ਼ੇ ਨਾਲ ਲਾਲ ਹੋਣ। ਕੱਪੜੇ ਅਸਤ-ਵਿਅਸਤ।

ਚੁੱਪ ਚੁਪੀਤੇ ਵਸੁਧਾ ਨੇ ਉਸਦਾ ਪਰਸ ਵੇਖਿਆ। ਨਵੇਂ ਨੋਟਾਂ ਨਾਲ ਭਰਿਆ ਪਿਆ ਸੀ। ਸੌ ਦੋ ਸੌ ਤੋਂ ਘੱਟ ਕੀ ਹੋਣਗੇ।

“ਕੰਚੋ ਕੀਦੇ ਨਾਲ ਗਈ ਸੀ ਸ਼ਿਮਲੇ?"ਵਸੁਧਾ ਨੇ ਪੁੱਛਿਆ।

“ਆਪਣੀਆਂ ਸਹੇਲੀਆਂ ਨਾਲ।"

"ਟ੍ਰੇਨ ਤੇ ਗਈ ਸੀ?"

“ਨਹੀਂ”

“ਫੇਰ"

"ਸਟੇਸ਼ਨ ਵੈਗਨ ਸੀ ਕਿਸੇ ਦੀ!”

"ਕੁਲ ਕਿੰਨੀਆਂ ਕੁੜੀਆਂ ਸਨ?”

“ਪੰਜ-ਛੇ।”

“ਮੁੰਡੇ"

"ਮੁੰਡੇ ਨਹੀਂ ਸਨ।”

“ਖਰਚ ਦਾ ਕੀ ਕੀਤਾ- ਘਰੋਂ ਤਾਂ ਤੂੰ ਇੱਕ ਪੈਸਾ ਵੀ ਨਹੀਂ ਸੀ ਲੈ ਕੇ ਗਈ ਕੱਪੜੇ ਵੀ ਤੇਰੇ ਇਹੋ ਜਿਹੇ ਨਹੀਂ ਸਨ ਕਿ ਬਰਫ਼ ਦੇਖਣ ਜਾ ਸਕੇ।"ਕੁਝ ਸੋਚ ਕੇ ਵਸੁਧਾ ਬੋਲੀ,"ਸਹੇਲੀਆਂ ਨਾਲ ਹੀ ਸਾਰਾ ਕੁਝ ਹੋ ਗਿਆ।"

“ਅੱਛਾ ਜਿਹੜੇ ਰੁਪਈਏ ਤੇਰੇ ਪਰਸ ਵਿਚ ਭਰੇ ਪਏ ਨੇ ਉਹ ਵੀ ਉਹਨਾਂ ਨੇ ਹੀ ਦਿੱਤੇ ਹੋਣਗੇ।"ਵਿਅੰਗਾਤਮਕ ਨਜ਼ਰ ਨਾਲ ਵੇਖਦਿਆਂ ਵਸੁਧਾ ਨੇ ਕਿਹਾ,"ਸਾਨੂੰ ਠੱਗਣ ਨਾਲ ਕੀ ਹੋਏਗਾ, ਕੰਚੀ ਤੂੰ ਆਪਣੀ ਹੀ ਜਿੰਦਗੀ ਨਾਲ ਖਿਲਵਾੜ ਕਰ ਰਹੀ ਹੈਂ। ਕਦੇ ਪਛਤਾਏਂਗੀ ਸਾਨੂੰ ਕੀ?”

ਦੇਰ ਤੱਕ ਬੋਲ ਬੁਲਾਰਾ ਹੁੰਦਾ ਰਿਹਾ। ਮਾਂ ਨੇ ਵੀ ਕੰਚਨ ਦਾ ਪੱਖ ਲਿਆ,"ਜੁਆਕੜੀ ਹੈ। ਇੱਕ ਅੱਧਾ ਦਿਨ ਘੁੰਮ ਆਈ।”

## (4)

ਦੇਵੇਨ ਦਾ ਐਕਸਪੋਰਟ ਬਿਜ਼ਨਸ ਵਧੀਆ ਚਲ ਪਿਆ ਸੀ। ਪਹਿਲਾਂ ਏਧਰੋਂ ਉਧਰੋਂ ਕੱਪੜੇ ਤਿਆਰ ਕਰਵਾ ਕੇ ਬਾਹਰ ਭੇਜਦਾ ਸੀ। ਪਰ ਹੁਣ ਉਸਨੇ ਆਪਣੇ ਕਾਰੀਗਰ ਰੱਖ ਲਏ ਸਨ। ਸਿਲਾਈ ਦੀਆਂ ਵੀਹ ਪੱਚੀ ਮਸ਼ੀਨਾਂ ਦਿਨ ਰਾਤ ਚੱਲਦੀਆਂ ਰਹਿੰਦੀਆਂ। ਏਨੇ ਨਾਲ ਵੀ ਕੰਮ ਪੂਰਾ ਨਾ ਹੁੰਦਾ ਤਾਂ ਹੋਰ ਥਾਵਾਂ ਤੋਂ ਬਣੇ ਬਣਾਏ ਕੱਪੜੇ ਖਰੀਦ ਲੈਂਦਾ।

ਚੰਡੀਗੜ੍ਹ 'ਚ ਹੁਣ ਉਸਦਾ ਆਪਣਾ ਮਕਾਨ ਸੀ। ਉਸ ਦੀ ਘਰਵਾਲੀ ਜ਼ਿਆਦਾ ਪੜ੍ਹੀ ਲਿਖੀ ਨਹੀਂ ਸੀ, ਫੇਰ ਵੀ ਥੋੜ੍ਹੀ ਬਹੁਤੀ ਮਦਦ ਜ਼ਰੂਰ ਕਰ ਦਿੰਦੀ। ਕਨੇਡਾ-ਜਰਮਨੀ ਵਿਚ ਉਸਦੀ ਕੰਪਨੀ ਦੇ ਤਿਆਰ ਕੀਤੇ ਕੱਪੜਿਆਂ ਦੀ ਕਾਫੀ ਲਾਗ਼ਤ ਸੀ।

ਏਸੇ ਸਿਲਸਿਲੇ ਵਿਚ ਉਸਦੇ ਵਿਦੇਸ਼ ਜਾਣ ਦੀਆਂ ਗੱਲਾਂ ਚਲ ਹੀ ਰਹੀਆਂ ਸਨ ਕਿ ਅਚਾਨਕ ਉਸਦੀ ਸਿਹਤ ਖ਼ਰਾਬ ਹੋ ਗਈ। ਡਾਕਟਰਾਂ ਨੇ ਬਾਅਦ ਵਿਚ ਤਪਦਿਕ ਦੀ ਬਿਮਾਰੀ ਵਰਗੀ ਹੀ ਕੋਈ ਸ਼ਿਕਾਇਤ ਦੱਸੀ ਸੀ।

ਕਸੌਲੀ, ਚੈਲ ਅਤੇ ਸ਼ਿਮਲੇ ਕੁਝ ਦਿਨ ਰਹਿ ਕੇ ਉਹ ਕੁਝ ਠੀਕ ਹੋਇਆ ਤਾਂ ਦਿੱਲੀ ਆਇਆ।

“ਤੈਨੂੰ ਕੀ ਹੋ ਗਿਆ, ਵਾਸੂ?"ਹੈਰਾਨੀ ਨਾਲ ਉਸ ਨੇ ਪੁੱਛਿਆ,"ਤੂੰ ਤਾਂ ਪਛਾਣੀ ਵੀ ਨਹੀਂ ਜਾਂਦੀ।”

“ਕਿਉਂ ਇਹੋ ਜਿਹੀ ਕਿਹੜੀ ਚੀਜ ਆ ਗਈ?"ਵਸੁਧਾ ਕੁਝ ਚਹਿਕ ਕੇ ਬੋਲੀ।

“ਕਾਫੀ ਪਤਲੀ ਜਿਹੀ ਲੱਗਦੀ ਹੈਂ। ਬੀਮਾਰ ਹੋ ਗਈ ਸੀ?"ਉਹ ਉਸਦੇ ਚਿਹਰੇ ਵੱਲ ਇੱਕ ਟੱਕ ਵੇਖਦਾ ਰਿਹਾ।"ਇੱਕ ਵਾਰੀ ਵੇਖਣ ਵੀ ਨਹੀਂ ਆਈ ਚੰਡੀਗੜ੍ਹ, ਕਿ ਅਸੀ ਮਰ ਗਏ ਹਾਂ- ਕਿ ਜਿਉਂਦੇ ਹਾਂ।”

ਵਸੁਧਾ ਨੇ ਉਸ ਦੇ ਬੁੱਲਾਂ ਤੇ ਉਂਗਲੀ ਰੱਖ ਦਿੱਤੀ,"ਨਾਂ- ਇਉਂ ਨਾ ਕਹੋ। ਮੈਂ ਵੀ ਬਹੁਤ ਪ੍ਰੇਸ਼ਾਨ ਰਹੀ ਹਾਂ-ਦੇਵੇਨ!

ਫਾਦਰ ਦੀ ਤਬੀਅਤ ਬਹੁਤ ਖ਼ਰਾਬ ਰਹਿੰਦੀ ਹੈ। ਮਾਂ ਦੇ ਲਈ ਉਹਨਾਂ ਦਾ ਹੋਣਾ, ਨਾ ਹੋਣਾ ਇੱਕ ਬਰਾਬਰ ਹੈ। ਸੋਚਦੀ ਸਾਂ, ਕੰਚੀ ਦੀ ਜਿੰਦਗੀ ਹੀ ਬਣ ਜਾਏ। ਚਲੋ ਉਹਦੇ ਨਾਲ ਹੀ ਸਬਰ ਕਰ ਲਵਾਂਗੀ। ਮੈਂ ਆਪਣੀਆਂ ਮਜ਼ਬੂਰੀਆਂ ਕਾਰਨ ਵਿਆਹ ਨਹੀਂ ਕਰ ਸਕੀ- ਘਰ ਗ੍ਰਿਹਸਤੀ ਨਹੀਂ ਵਸਾ ਸਕੀ। ਪਰ ਉਹ ਤਾਂ ਸੁੱਖ ਚੈਨ ਨਾਲ ਰਹੇ। ਮੇਰੀ ਇਹੀ ਇੱਕੋ ਐਂਬੀਸ਼ਨ ਸੀ। ਪਰ ਹੁਣ ਉਹ ਉਸ ਰਸਤੇ ਤੇ ਤੁਰ ਪਈ ਹੈ। ਜਿਸਦਾ ਕੋਈ ਅੰਤ ਨਹੀ। ਹਫ਼ਤਾ ਹੋ ਗਿਆ ਅੱਜ- ਹੁਣ ਫਿਰ ਲਾਪਤਾ ਹੈ।

ਵਸੁਧਾ ਦੇ ਚਿਹਰੇ ਅਜੀਬ ਜਿਹਾ ਦਰਦ ਸੀ, ਅਸਿਹ ਵੇਦਨਾ!

“ਕਿਤੇ ਲੱਭਿਆ ਭਾਲਿਆ ਨਹੀਂ?”

“ਕੋਈ ਇੱਕ ਥਾਂ ਹੋਵੇ ਤਾਂ ਲੱਭੀਏ। ਕਾਲਜ ਵਿਚ ਕੋਈ ਐਪਲੀਕੇਸ਼ਨ ਨਹੀਂ- ਨਾ ਕਿਸੇ ਆਪਣੀ ਕਿਸੇ ਫਰੈਂਡ ਨੂੰ ਕੁਝ ਦੱਸ ਕੇ ਗਈ। ਸਵੇਰੇ ਨਾਸ਼ਤਾ ਕਰਕੇ ਕਾਲਜ ਗਈ ਤੇ ਅੱਜ ਤੱਕ ਨਹੀਂ ਮੁੜੀ।"

ਕੁਝ ਸੋਚ ਕੇ ਦੇਵੇਨ ਬੋਲਿਆ,"ਨਿਉਜ਼ ਪੇਪਰਜ਼ ਵਿਚ ਕੱਢਵਾਇਆ?”

“ਹਾਂ ਸਾਰਿਆਂ ' ਚ ਦਿੱਤਾ ਹੈ। ਰੇਡੀਉ ਤੋਂ ਵੀ ਅਨਾਂਊਸ ਕਰਵਾਇਆ ਹੈ। ਅੱਜ ਨਾਲੇ ਵਿਚ ਇੱਕ ਵੱਢੀ ਟੁੱਕੀ ਲਾਸ਼ ਮਿਲੀ ਹੈ ਹੁਣ- ਤੱਕ ਸ਼ਨਾਖਤ ਨਹੀਂ ਹੋ ਸਕੀ ਕਿ ਕਿਸਦੀ ਹੈ।"ਵਸੁਧਾ ਰੋਣਹਾਕੀ ਹੋ ਕੇ ਬੋਲੀ।

"ਕਿਤੇ ਫਿਲਮ-ਫੁਲਮ ਦਾ ਕੋਈ ਚੱਕਰ ਤਾਂ ਨਹੀਂ?”

ਦੇਵੇਨ ਨੇ ਥੋੜੀ ਗੰਭੀਰਤਾ ਨਾਲ ਪੁੱਛਿਆ,"ਅੱਜ ਕੱਲ ਇਹੋ ਜਿਹੀਆਂ ਘਟਨਾਵਾਂ ਵੀ ਵੇਖਣ 'ਚ ਆਉਂਦੀਆਂ ਨੇ।”

“ਕਹਿ ਨਹੀਂ ਸਕਦੀ। ਅਜੇ ਕੁਝ ਮਹੀਨੇ ਪਹਿਲਾਂ ਇੱਕ ਕੁੜੀ ਇਸੇ ਕਲੋਨੀ ਦੀ,ਕਿਸੇ ਨਾਲ ਭੱਜ ਕੇ ਬੰਬਈ ਚਲੀ ਗਈ ਸੀ। ਉਸਦਾ ਭਰਾ ਦੋ ਤਿੰਨ ਮਹੀਨੇ ਉਥੇ ਰਹਿ ਕੇ ਉਸਨੂੰ

ਲੱਭਦਾ ਰਿਹਾ ਅਤੇ ਅੰਤ ਖੂਨ ਨਾਲ ਭਿੱਜੇ ਕੱਪੜਿਆਂ ਦੀ ਪੋਟਲੀ ਲੈ ਕੇ ਘਰ ਮੁੜਿਆ ਸੀ। ਦਿਨ ਦਿਹਾੜੇ ਲੋਕ ਗ਼ਾਇਬ ਹੋ ਜਾਂਦੇ ਨੇ। ਉਹ ਤਾਂ ਫੇਰ ਕੁੜੀ ਹੈ।"

“ਇਸ ਤੋਂ ਪਹਿਲਾਂ ਵੀ ਇਧਰ ਉਧਰ ਜਾਂਦੀ ਸੀ?"

ਕੁਝ ਦਿਨ ਪਹਿਲਾਂ ਵੀ ਸ਼ਿਮਲੇ ਗਈ ਸੀ - ਪਰ ਜਾਣ ਵੇਲੇ ਚਿਟ ਛੱਡ ਗਈ ਸੀ। ਇਸ ਤਰ੍ਹਾਂ ਬਿਨਾਂ ਦੱਸੇ ਅੱਜ ਤੱਕ ਕਦੇ ਕਿਤੇ ਨਹੀਂ ਸੀ ਗਈ।”

ਦੇਰ ਤੱਕ ਦੋਵੇਂ ਚੁੱਪ ਰਹੇ।

“ਫਿਰ ਕਿੱਥੇ ਗਈ ਹੋਵੇਗੀ? ਤੈਨੂੰ ਕੀ ਲੱਗਦਾ ਹੈ?"

ਕੁਝ ਸਮਝ ਨਹੀਂ ਆਉਂਦਾ। ਉਸਦੇ ਕਾਲਜ ਦਾ ਇੱਕ ਮੁੰਡਾ ਉਸਦੇ ਨਾਲ ਕਦੇ ਕਦੇ ਘਰ ਆਉਂਦਾ ਸੀ। ਹੋ ਸਕਦੈ ਉਸੇ ਨਾਲ ਚਲੀ ਗਈ ਹੋਵੇ। ਕੁਝ ਨਵੀਂਆਂ ਫੋਟੋਆਂ ਕੁਝ ਦਿਨ ਪਹਿਲਾਂ ਖਿਚਵਾਈਆਂ ਹਨ। ਮੀਚੇ ਨੂੰ ਕਹਿੰਦੀ ਸੀ,"ਇਸ ਸਾੜ੍ਹੀ 'ਚ ਮੈਂ ਕਿਹੋ ਜਿਹੀ ਲਗਦੀ ਸੀ। ਕੀ ਪਤਾ ਕੋਈ ਬਹਿਕਾ ਕੇ ਬੰਬਈ ਨਾਲ ਲੈ ਗਿਆ ਹੋਵੇ। ਦਿੱਲੀ 'ਚ ਤਾਂ ਉਹ ਹੈ ਨਹੀਂ,ਏਨਾ ਪੱਕਾ ਹੈ।”

“ਕਿਤੇ ਆਤਮ ਹੱਤਿਆ-------"ਦੇਵੇਨ ਨੇ ਸ਼ੱਕ ਨਾਲ ਪੁੱਛਿਆ।"ਨਹੀਂ,ਨਹੀਂ। ਸੁਈਸਾਈਡ ਕਿਉਂ ਕਰੇਗੀ? ਮੇਰੀ ਨਾਲਿਜ਼ ਵਿਚ ਐਹੋ ਜਿਹੀ ਤਾਂ ਕੋਈ ਗੱਲ ਨਹੀਂ - ਬਾਕੀ ਰੱਬ ਜਾਣੇ। ਕਹਿੰਦੇ ਨੇ ਹੁਣ ਤਾਂ ਸੁਲਫ਼ਾ ਵੀ ਪੀਣ ਲੱਗ ਪਈ ਹੈ। ਐਲ.ਐਸ. ਡੀ. ਦੇ ਨਸ਼ੇ 'ਚ ਹਿੱਪੀ ਮੁੰਡਿਆਂ ਨਾਲ, ਕਈ ਲੋਕਾਂ ਨੇ ਰਾਤ ਨੂੰ ਵੇਖਿਆ। ਕਹਿੰਦੇ ਨੇ ਅੱਧੀ ਅੱਧੀ ਬੋਤਲ ਨੀਟ ਚੜ੍ਹਾ ਜਾਂਦੀ ਹੈ। ਘਰ 'ਚ ਵੀ ਕਿੰਨੀ ਵਾਰੀ ਨਸ਼ੇ 'ਚ ਧੁੱਤ ਕੱਪੜੇ ਲਾਹ ਕੇ ਟਹਿਲਣ ਲੱਗ ਜਾਂਦੀ ਸੀ। ‘ਖੰਨਾ ਸਟੂਡੀਓ ' ਵਾਲੇ ਦੇ ਅਕਸਰ ਪਈ ਰਹਿੰਦੀ ਸੀ।

ਦੇਵੇਨ ਨੇ ਸਿਗਰਟ ਸੁਲਗਾਈ ਤਾਂ ਵਸੁਧਾ ਨਰਾਜ਼ ਹੋ ਗਈ,“ਸਿਗਰੇਟ ਪੀਣ ਨੂੰ ਤਾਂ ਡਾਕਟਰ ਨੇ ਮਨ੍ਹਾ ਕੀਤਾ ਹੋਏਗਾ। ਫੇਰ -----?”

ਦੇਵੇਨ ਹੱਸ ਪਿਆ,"ਡਾਕਟਰਾਂ ਦੇ ਆਖੇ ਲੱਗੀਏ ਤਾਂ ਬੇੜਾ ਪਾਰ। ਇਹ ਨਾ ਖਾਓ ਇਹ ਨਾਂ ਪੀਓ। ਚਾਰ ਦਿਨਾਂ ਦੀ ਜਿੰਦਗੀ ਹੈ, ਉਹਦੇ ਵਿਚ ਵੀ ਰਿਸਟਿਕਸ਼ਨਜ਼।"

ਬੁੱਲਾਂ 'ਚ ਫਸੀ ਸਿਗਰੇਟ ਵਸੁਧਾ ਨੇ ਖੋਹ ਲਈ ਅਤੇ ਮਰੋੜ ਕੇ ਦੂਰ ਸੁੱਟ ਦਿੱਤੀ।

“ਕਿੱਥੇ ਠਹਿਰੇ ਹੋ?"ਸਿੰਧੀਆ ਹਾਊਸ ਦਾ ਕ੍ਰਾਸਿੰਗ ਪਾਰ ਕਰਕੇ ਉਹ ਹੌਲੀ ਹੌਲੀ ਜਨਪਥ ਵੱਲ ਵਧਣ ਲੱਗੇ।

“ਏਅਰਲਾਈਨਜ਼ 'ਚ, ਸਟੇਸ਼ਨ ਦੇ ਨੇੜੇ ਹੈ ਨਾ।"ਦੇਵੇਨ ਨੇ ਜੁਆਬ ਦਿੱਤਾ।

“ਕਦੋਂ ਤੱਕ ਰਹੋਗੇ ਇੱਥੇ?"

ਕੱਲ੍ਹ ਚਲਿਆ ਜਾਵਾਂਗਾ- ਵਿਦੇਸ਼ ਵਪਾਰ ਮਹਿਕਮੇ ਵਿਚ ਕੁਝ ਕੰਮ ਹੈ, ਕੱਲ ਪੂਰਾ ਹੋ ਜਾਣਾ ਚਾਹੀਦੈ।”

"ਹੁਣ ਤਾਂ ਵਧੀਆ ਚੱਲ ਰਿਹਾ ਹੋਵੇਗਾ-ਤੁਹਾਡਾ ਬਿਜ਼ਨਸ।”

“ਹਾਂ, ਹੈ ਤਾਂ ਠੀਕ, ਪਰ ਅਜੇ ਸੰਭਲ ਨਹੀਂ ਰਿਹਾ। ਏਨਾ ਪੈਸਾ ਨਹੀਂ- ਪਰ ਕੰਪੀਟੀਸ਼ਨ ਬਹੁਤ ਜਿਆਦਾ ਹੈ। ਇਟ ਵਿਲ ਟੇਕ ਸਮ ਟਾਈਮ।”

ਦੋਵੇਂ ਭੀੜ ਨੂੰ ਚੀਰਦੇ ਚੁੱਪ ਚਾਪ ਤੁਰਦੇ ਰਹੇ।

ਕੁਝ ਥੱਕੀ ਜਿਹੀ ਲੱਗ ਰਹੀ ਹੈ। ਕਾਫੀ ਕੂਫੀ ਪੀਏਂਗੀ?"ਸਨੇਹ ਨਾਲ ਉਸਦੇ ਮੋਢੇ ਤੇ ਹੱਥ ਰੱਖ ਕੇ ਦੇਵੇਨ ਬੋਲਿਆ।

“ਕਾਫੀ ਨਾਲ ਹੀ ਕੰਮ ਨਹੀਂ ਚੱਲਣਾ- ਕੁਝ ਖਾਵਾਂਗੇ ਵੀ,"ਭੁੱਖ ਵੀ ਲੱਗੀ ਹੈ ਹੁਣ ਤਾਂ। ਵਸੁਧਾ ਨੇ ਬੜੇ ਆਪਣੇਪਣ ਨਾਲ ਕਿਹਾ ਤੇ ਹੌਲੀ ਜਿਹੇ ਉਸ ਦੇ ਹੱਥ ਦਾ ਸਹਾਰਾ ਲੈ ਕੇ ਤੁਰਨ ਲੱਗੀ।

ਉਹ ਨੇੜੇ ਦੇ ਇੱਕ ਰੈਸਟੋਰੈਂਟ ਵਿਚ ਚਲੇ ਗਏ। ਦੇਵੇਨ ਨੇ ਬਹੁਤ ਸਾਰਾ ਆਰਡਰ ਦੇ ਦਿੱਤਾ। ਵਸੁਧਾ ਮਨ੍ਹਾ ਵੀ ਕਰਦੀ ਰਹੀ ਪਰ ਜੇ ਉਹ ਮੰਨੇ ਤਾਂ ਨਾਂ।

‘ਹਾਟ ਡਾਗ’ ਦਾ ਪਹਿਲਾ ਟੁਕੜਾ' ਸਾਸ' ਵਿਚ ਡੁਬੋ ਕੇ ਖਾ ਹੀ ਰਹੀ ਸੀ ਕਿ ਦੇਵੇਨ ਨੇ ਪੁੱਛਿਆ,"ਕੁਝ ਪਤਲੀ ਜਿਹੀ ਲੱਗ ਰਹੀ ਹੈਂ- ਮੈਂ ਤਾਂ ਸੋਚ ਰਿਹਾ ਸੀ ਕਿ ਕਿਤੇ ਡਾਈਟਿੰਗ ਕਰ ਰਹੀ ਹੋਵੇਂਗੀ।"

“ਡਾਈਟਿੰਗ ਹੀ ਸਮਝੋ। ਇੱਕ ਦਿਲ ਹਜ਼ਾਰ ਦੁੱਖ। ਉਹ ਹਾਟਡਾਗ ਦਾ ਟੁਕੜਾ ਚੱਬਦੀ ਹੋਈ ਬੋਲੀ।

ਦੇਵੇਨ ਹੱਸ ਪਿਆ,"ਜਾਣਦੀ ਹੈ ਅੱਜ ਕੱਲ੍ਹ ਕੁੜੀਆਂ ਡਾਈਟਿੰਗ ਦੇ ਨਾਲ ਨਾਲ ਕੀ ਕਰਦੀਆਂ ਨੇ?"ਉਸਨੇ ਵਸੁਧਾ ਵੱਲ ਮੂੰਹ ਬਣਾ ਕੇ ਵੇਖਿਆ।

"ਕੀ?"ਵਸੁਧਾ ਨੇ ਉਤਸੁਕਤਾ ਨਾਲ ਪੁੱਛਿਆ। ਦੇਵੇਨ ਉਸੇ ਤਰ੍ਹਾਂ ਹੋ ਹੋ ਕਰਕੇ ਹੱਸਦਾ ਰਿਹਾ। ਬੋਲਿਆ

'ਡੇਟਿੰਗ।'

ਸ਼ਰਮਾ ਗਈ ਵਸੁਧਾ।

"ਡੇਟਿੰਗ ਦੀ ਉਮਰ ਤਾਂ ਹੁਣ ਭੱਜਦੀ ਜਾ ਰਹੀ ਹੈ-ਦੇਵੇਨ।"ਇੱਕ ਡੂੰਘਾ ਸਾਹ ਭਰਕੇ ਬੋਲੀ,"ਰੱਬ ਨੇ ਆਪਣੀ ਕਿਸਮਤ ਵਿਚ ਇਹੋ ਲਿਖਿਆ ਹੈ ਤਾਂ ਕਿਸੇ ਦਾ ਕੀ ਦੋਸ਼?"

ਹੁਣ ਵੀ ਆਖੇ ਲੱਗ ਜਾਹ-ਕਿਤੇ ਵਿਆਹ-ਵਿਊਹ ਕਰਕੇ ਆਰਾਮ ਨਾਲ ਰਹਿ—

ਹੁਣ ਕੌਣ ਕਰੇਗਾ ਵਿਆਹ?"

"ਕੌਣ ਨਹੀਂ ਕਰੇਗਾ? ਯੂ ਆਰ ਸੋ ਚਾਰਮਿੰਗ।"ਵਸੁਧਾ ਨੇ ਸ਼ਰਮਾ ਕੇ ਵੇਖਿਆ।

"ਬਾਸ ਨਾਲ ਕਿਹੋ ਜਿਹੇ ਸਬੰਧ ਨੇ ਤੇਰੇ?"

"ਚੰਗੇ ਨੇ।"

ਦੇਵੇਨ ਗਰਮ ਕਾਫੀ ਸਿਪ ਕਰਨ ਲੱਗਿਆ। ਫੇਰ ਗਰਦਨ ਉੱਤੇ ਚੁੱਕ ਕੇ ਉਸ ਵੱਲ ਵੇਖਦਾ ਕਹਿਣ ਲੱਗਿਆ, ਤੂੰ ਆਪਣੀ ਜਿੰਦਗੀ ਵਿਚ ਬਹੁਤ ਵੱਡੀ ਗਲਤੀ ਕੀਤੀ ਹੈ-ਵਾਸੂ। ਵਿਆਹ ਕਰ ਲੈਂਦੀ ਤਾਂ ਬੜਿਆਂ ਝੰਜਟਾਂ ਤੋਂ ਬਚੀ ਰਹਿੰਦੀ। ਮੇਰੇ ਕੋਲ ਕੀ ਨਹੀਂ ਹੈ? ਤੂੰ ਹੁੰਦੀ ਤਾਂ ਸ਼ਾਇਦ ਮੇਰੀ ਜਿੰਦਗੀ ਕੁਝ ਸੰਵਰ ਜਾਂਦੀ।

"ਜਿਹੜੀ ਚੀਜ਼ ਨਹੀਂ ਹੋਈ ਅਤੇ ਨਾਂ ਹੀ ਕਦੇ ਹੋ ਸਕਦੀ ਹੈ- ਉਸਦੇ ਬਾਰੇ ਕੀ ਝੂਰਨਾ? ਮੈਨੂੰ ਕੋਈ ਮਿਲਿਆ ਨਹੀਂ। ਘਰ ਦੀ ਦੇਖ ਰੇਖ ਮੈਂ ਨਾ ਕਰਦੀ ਤਾਂ ਤੁਸੀਂ ਹੀ ਦੱਸੋ, ਕੌਣ ਕਰਦਾ?"

"ਆਪਣੀ ਦੇਖ ਰੇਖ ਦਾ ਫਰਜ਼ ਵੀ ਕੀ ਤੇਰਾ ਆਪਣਾ ਨਹੀਂ ਸੀ? ਮੈਂ ਜਾਣਦਾ ਹਾਂ,ਤੇਰੀ ਜਿੰਦਗੀ ਕੀ ਹੈ? ਉਮਰ ਢਲਦੇ ਨਾ ਇਹ ਨੌਕਰੀ ਰਹੇਗੀ-ਨਾ ਇਹ ਠਾਠ-ਬਾਠ। ਪ੍ਰਾਈਵੇਟ ਫਰਮਾਂ ਵਿਚ ਕੀ ਕੀ ਨਹੀਂ ਹੁੰਦਾ।"ਦੇਵੇਨ ਕੁਝ ਕਹਿੰਦਾ ਕਹਿੰਦਾ ਰੁਕ ਗਿਆ।

ਵਸੁਧਾ ਕਾਫ਼ੀ ਪੀਂਦੀ ਰਹੀ। ਪਾਣੀ ਦੀਆਂ ਕੁਝ ਬੂੰਦਾਂ ਮੇਜ਼ ਤੇ ਪਈਆਂ ਸਨ ਉਂਗਲੀ ਨਾਲ ਉਹਨਾਂ ਦੀਆਂ ਅੱਡੋ ਅੱਡ ਸ਼ਕਲਾ ਬਣਾਉਂਦੀ ਰਹੀ।

“ਕੰਚਨ ਦੀ ਜਿੰਦਗੀ ਤੂੰ ਸੁਧਾਰ ਨਹੀਂ ਸਕੀ। ਤੇਰੀ ਮਾਂ ਨੂੰ ਪੈਸੇ ਤੋਂ ਇਲਾਵਾ ਕਿਸੇ ਨਾਲ ਕੋਈ ਸਰੋਕਾਰ ਨਹੀਂ। ਪਿਤਾ ਕਦੇ ਵੀ-ਚਲਾਣਾ ਕਰ ਸਕਦੇ ਨੇ। ਅੰਤ 'ਚ ਤੇਰੇ ਹੱਥ ਕੀ ਆਏਗਾ- ਬੋਲੀਂ।”

"ਮੈਂ ਵਪਾਰ ਵਾਂਗੂੰ ਜਿੰਦਗੀ ਨੂੰ ਕਦੇ ਨਹੀਂ ਲਿਆ ਦੇਵੇਨ।"ਵਸੁਧਾ ਲੰਬਾ ਸਾਹ ਭਰਦੇ ਹੋਏ ਬੋਲੀ,"ਮਾਂ ਤੇ ਮੈਨੂੰ ਕ੍ਰੋਧ ਨਹੀਂ, ਦਿਆ ਆਉਂਦੀ ਹੈ। ਜਿੰਦਗੀ ਭਰ ਉਹਨਾਂ ਨੂੰ ਕਦੇ ਵੀ ਆਤਮਿਕ ਸੁੱਖ ਨਸੀਬ ਨਹੀਂ ਹੋਇਆ। ਕੰਚੋ ਦੀ ਇਹ ਭਟਕਣ ਥੁੜਾਂ ਕਰਕੇ ਹੀ ਰਹੀ, ਜਿਹੜੀ ਹੁਣ ਉਸਦੀ ਆਦਤ ਬਣ ਗਈ ਹੈ।"

"ਜਿਸ ਤਰ੍ਹਾਂ ਬੁਰੇ ਕੰਮ ਕਰਨ ਦੀ ਆਦਤ ਜਿਹੀ ਬਣ ਜਾਂਦੀ ਹੈ ਨਾਂ- ਜਿਹੜੀ ਕਦੇ ਨਹੀਂ ਛੁੱਟਦੀ। ਉਸੇ ਤਰ੍ਹਾਂ ਕੁਝ ਲੋਕਾਂ ਨੂੰ ਭਲੇ ਕੰਮ ਕਰਨ ਦਾ ਵੀ ਸੁਆਦ ਪੈ ਜਾਂਦਾ ਹੈ। ਨਤੀਜਿਆਂ ਦੀ ਪਰਵਾਹ ਕੀਤੇ ਬਗੈਰ ਉਹ ਉਸੇ ਰੌਂ 'ਚ ਨਿਰੰਤਰ ਵਹਿੰਦੇ ਤੁਰੇ ਜਾਂਦੇ ਨੇ।"

ਦੇਵੇਨ ਨੇ ਘੜੀ ਵੱਲ ਵੇਖਿਆ ਅਤੇ ਬਿੱਲ ਦੇ ਕੇ ਦੋਵੇਂ ਉੱਠ ਖੜ੍ਹੇ।

"ਚੱਲੋ ਅੱਜ ਹੋਟਲ 'ਚ ਚੱਲ ਕੇ ਖਾਣਾ ਖਾਵਾਂਗੇ।"ਦੇਵੇਨ ਨੇ ਪੌੜੀਆਂ ਉਤਰ ਕੇ ਉਸਦੇ ਮੋਢੇ ਤੇ ਹੱਥ ਰੱਖਦੇ ਕਿਹਾ।

“ਖਾਣਾ ਹੈ ਤਾਂ ਹੋਟਲ 'ਚ ਕਿਉਂ?"ਵਸੁਧਾ ਨੇ ਮੁੜ ਕੇ ਵੇਖਿਆ,"ਘਰ ਚਲੋ, ਅੱਜ ਉਥੇ ਹੀ ਰਹਿਣਾ।”

“ਉਥੇ ਥਾਂ ਕਿਥੇ ਹੋਏਗੀ?"

“ਥਾਂ ਕਮਰੇ 'ਚ ਨਹੀਂ, ਦਿਲ 'ਚ ਤਾਂ ਹੈ।"ਵਸੁਧਾ ਹੱਸ ਪਈ,"ਮੀਚੇ ਮਾਸੜ ਜੀ ਨਾਲ ਬੁਲੰਦ ਸ਼ਹਿਰ ਗਿਆ ਹੋਇਆ ਹੈ।”

ਮਾਂ ਅੰਕਲ ਜੀ ਨਾਲ ਤੀਰਥ ਯਾਤਰਾ ਤੇ ਹਰਦਵਾਰ ਗਈ ਹੋਈ ਹੈ। ਚਾਰ ਪੰਜ ਦਿਨਾਂ 'ਚ ਘੁੰਮ ਫਿਰ ਕੇ ਮੁੜ ਆਏਗੀ।

ਦੇਵੇਨ ਹੱਸ ਪਿਆ,"ਉਹਨਾਂ ਦਾ ਮੰਗਲਵਾਰ ਨੂੰ ਹਨੂਮਾਨ-ਮੰਦਰ ਜਾਣ ਦਾ ਪ੍ਰੋਗਰਾਮ ਹੁਣ ਵੀ ਚਲਦਾ ਹੈ?”

ਵਸੁਧਾ ਬੜੀ ਬੁਰੀ ਤਰ੍ਹਾਂ ਸ਼ਰਮਾ ਗਈ।

(5)

ਪਿਤਾ ਉਪਰ ਸੌਂ ਚੁੱਕੇ ਸਨ। ਉਹਨਾਂ ਲਈ ਦੁੱਧ ਦਾ ਪ੍ਰਬੰਧ ਵਸੁਧਾ ਸਵੇਰੇ ਦਫਤਰ ਜਾਂਦੇ ਵੇਲੇ, ਗੁਆਂਢਣ ਨੂੰ ਕਹਿ ਕੇ ਕਰਵਾ ਗਈ ਸੀ। ਸੁਰਾਹੀ ਵਿੱਚ ਅਜੇ ਅੱਧੇ ਤੋਂ ਜਿਆਦਾ ਪਾਣੀ ਸੀ। ਇਧਰ ਉਧਰ ਦੂਰ ਤੱਕ ਬੀੜੀਆਂ ਦੇ ਟੋਟੇ ਖਿਲਰੇ ਪਏ ਸਨ।

ਡਾਕੀਆ ਅੱਜ ਕੋਈ ਖ਼ਤ ਨਹੀਂ ਸੀ ਲੈ ਕੇ ਆਇਆ।

ਸੁੰਨਾ ਘਰ ਜਿਵੇਂ ਖਾਣ ਨੂੰ ਆਉਂਦਾ ਸੀ। ਵਸੁਧਾ ਧੜੰਮ ਕਰ ਕੇ ਕੁਰਸੀ ਤੇ ਬੈਠ ਗਈ। ਮੱਥੇ ਤੇ ਹੱਥ ਰੱਖਕੇ ਸੋਚਦੀ ਰਹੀ ਕਿ ਹੁਣ ਕੀ ਹੋਵੇਗਾ।

"ਕੀ ਹੋ ਗਿਆ?"ਦੇਵੇਨ ਨੇ ਪੁਛਿਆ।

"ਮਿਸ ਬਾਲੀ ਨੂੰ ਰਿਪਲਾਈ-ਪੇਡ ਤਾਰ ਭੇਜਿਆ ਸੀ, ਬੰਬਈ। ਉਥੋ ਵੀ ਉੱਤਰ ਨਹੀਂ ਆਇਆ। ਮੈਂ ਸੋਚ ਰਹੀ ਸੀ ਕਿ ਕਿਤੇ ਕੰਚਨ ਉਥੇ ਹੀ ਨਾ ਪਹੁੰਚ ਗਈ ਹੋਵੇ।”

ਖਾਣਾ ਉਹਨਾਂ ਨੇ ਕਨਾਟ ਪਲੇਸ ਵਿੱਚ ਹੀ ਖਾ ਲਿਆ ਸੀ। ਵਸੁਧਾ ਦੀ ਧੋਤੀ ਨੂੰ ਲੁੰਗੀ ਵਾਂਗੂ ਬੰਨ੍ਹ ਕੇ ਦੇਵੇਨ ਬਿਸਤਰੇ ਤੇ ਬੈਠ ਗਿਆ।

ਵਸੁਧਾ ਦੁੱਧ ਦਾ ਗਿਲਾਸ ਲੈ ਕੇ ਕਮਰੇ ਵਿੱਚ ਆਈ ਤਾਂ ਦੇਵੇਨ ਛੱਤ ਵੱਲ ਵੇਖ ਰਿਹਾ ਸੀ।

“ਸੌਂ ਗਏ?”

“ਨਹੀਂ”

“ਮੈਂ ਸੋਚ ਰਹੀ ਸੀ ਕਿ ਤੁਹਾਡੇ ਕੋਲ ਸਮਾਂ ਹੁੰਦਾ ਤਾਂ ਅਸੀਂ ਦੋਵੇਂ ਬੰਬਈ ਜਾ ਆਉਂਦੇ ਪਤਾ

ਨਹੀਂ ਮੈਨੂੰ ਕਿਉਂ ਲੱਗ ਰਿਹਾ ਹੈ ਕਿ ਕੰਚਨ ਉਥੇ ਹੋਏਗੀ। ਮਿਸ ਬਾਲੀ ਸਾਡੇ ਵਾਸਤੇ ਕਾਫੀ 'ਯੂਜ਼ਫੁੱਲ' ਹੋਵੇਗੀ।"

ਇਸ ਅਚਾਨਕ ਹੋਏ ਸਵਾਲ ਦਾ ਕੀ ਜੁਆਬ ਦੇਵੇ, ਦੇਵੇਨ ਹੈਰਾਨੀ 'ਚ ਡੁੱਬਿਆ ਸਾਹਮਣੇ ਵੇਖਦਾ ਰਿਹਾ। ਫੇਰ ਵਸੁਧਾ ਵੱਲ ਮੁੜ ਕੇ ਬੋਲਿਆ,"ਇਹਦੀ ਕੀ ਗਾਰੰਟੀ ਹੈ ਕਿ ਉਹ ਉਥੇ ਹੀ ਹੋਏਗੀ।"

ਪੱਕਾ ਤਾਂ ਕੁਝ ਨਹੀਂ ਫੇਰ ਵੀ ਆਪਣੇ ਵੱਲੋਂ ਕੋਸ਼ਿਸ਼ ਕਰ ਲੈਂਦੇ ਤਾਂ ਮਨ ਦਾ ਮਲਾਲ ਮਿਟ ਜਾਂਦਾ। ਫੇਰ ਜਿਵੇਂ ਉਹਦੀ ਕਿਸਮਤ। ਵਸੁਧਾ ਦੀ ਆਵਾਜ ਲੜਖੜਾ ਗਈ।

"ਤੂੰ ਪ੍ਰੇਸ਼ਾਨ ਕਿਉਂ ਹੁੰਦੀ ਹੈ ਵਸੂ?"ਦੇਵੇਨ ਬੋਲਿਆ"ਅੱਛਾ ਦੱਸ ਕਦੋਂ ਜਾਣਾ ਚਾਹੁੰਦੀ ਹੈਂ?"ਕੁੱਝ ਪਲ ਵਸੁਧਾ ਸੋਚਦੀ ਰਹੀ।"ਕੱਲ੍ਹ ਸ਼ਾਮ ਦੀ ਗੱਡੀ ਜਾ ਸਕਦੇ ਤਾਂ. .।"

"ਗੱਡੀ ਤੇ ਕਿਉਂ ਪਲੇਨ ਤੇ ਚੱਲਦੇ ਹਾਂ।"ਮੁਸਕਰਾਂਉਦਾ ਹੋਇਆ ਦੇਵੇਨ ਬੋਲਿਆ,"ਦਫਤਰ ਦਾ ਕੰਮ ਖਤਮ ਕਰ ਲੈ, ਕੱਲ੍ਹ ਰਾਤ ਨੂੰ ਬੰਬਈ ਹੋਵਾਂਗੇ-ਇਹੀ ਚਾਹੁੰਦੀ ਹੈ ਨਾ—

ਅੱਛਾ ਹੁਣ ਤਾਂ ਮੁਸਕਰਾ ਦੇ। ਹੱਸ ਕੇ ਵੇਖ ਨਾ-- ਮੇਰੇ ਵੱਲ।"

ਹਾਸੇ ਦੀ ਇੱਕ ਹਲਕੀ ਜਿਹੀ ਲਕੀਰ ਵਸੁਧਾ ਦੇ ਮੁਰਝਾਏ ਬੁੱਲ੍ਹਾਂ ਤੇ ਖਿੱਚੀ ਗਈ।

"ਇਹ ਬੰਦੇ ਕਦੋਂ ਖਰੀਦੇ ਸਨ ਬਈ? ਬੜੇ ਕੀਮਤੀ ਲੱਗਦੇ ਨੇ-ਹੀਰਿਆਂ ਦੇ।"ਗੱਲ ਦੀ ਦਿਸ਼ਾ ਬਦਲ ਕੇ ਦੇਵੇਨ ਬੋਲਿਆ,"ਪਿਛਲੀ ਵਾਰੀ ਤਾਂ ਨਹੀਂ ਸਨ।"

ਵਸੁਧਾ ਹੱਸ ਪਈ,"ਕਿਸੇ ਨੇ ਬਰਥ ਡੇ ਤੇ ਪੈਜੈਂਟ ਕੀਤੇ ਸਨ।"

"ਕੌਣ ਹੈ ਉਹ ਖੁਸ਼ਕਿਸਮਤ?"ਦੇਵੇਨ ਨੇ ਉਸਦਾ ਹੱਥ ਫੜ ਕੇ ਕਿਹਾ,"ਕੀ ਨਾਂ ਹੈ?"

"ਮੈਂ ਪਿਛਲੀ ਵਾਰੀ ਦੱਸਿਆ ਤਾਂ ਸੀ ਤੁਹਾਨੂੰ। ਕੁਮਾਰ ਹੈ-- ਸਾਡੇ ਦਫ਼ਤਰ ਵਿੱਚ। ਪਿਛਲੇ ਦੋ ਸਾਲਾਂ ਤੋਂ ਹੱਥ ਧੋ ਕੇ ਪਿਛੇ ਪਿਆ ਹੋਇਆ ਹੈ। ਉਂਜ ਬੜਾ ਸਮਾਰਟ ਹੈ। ਕਈ ਕੁੜੀਆਂ ਦੀ ਜਿੰਦਗੀ ਖਰਾਬ ਕਰ ਚੁਕਿਆ ਹੈ। ਨੌਂਕਰੀ ਛੱਡ ਛੁਡਾ ਕੇ ਲੋਨ ਲੈ ਕੇ 'ਲੋ ਬਜਟ' ਫਿਲਮ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।"

"ਤਾਂ ਹੀਰੋਇਨ ਤੈਨੂੰ ਬਨਾਉਣ ਲਈ ਕਹਿ ਰਿਹਾ ਹੋਵੇਗਾ।"ਸ਼ਰਾਰਤ ਨਾਲ ਦੇਵੇਨ ਨੇ ਕਿਹਾ।

“ਹਾਂ-ਹਾਂ-- ਖਿੜ ਖਿੜਾ ਕੇ ਹੱਸ ਪਈ ਵਸੁਧਾ,"ਬਾਈਗਾਡ, ਇਹੀ ਕਹਿ ਰਿਹਾ ਸੀ, ਕਹਿੰਦਾ ਸੀ ਜਿਹੜੀ ਕਹਾਣੀ ਸਲੈਕਟ ਕੀਤੀ ਹੈ। ਉਸਦੀ ਨਾਇਕਾ ਦੇ ਰੋਲ ਵਿੱਚ ਤੂੰ ਬਿਲਕੁੱਲ ਫਿੱਟ ਬੈਠਦੀ ਹੈ। ਤੇਰੇ ਵਰਗੀਆਂ ਉਦਾਸ ਉਦਾਸ ਅੱਖਾਂ, ਗਲੂਮੀ ਚਿਹਰਾ-ਤੇਰੇ ਵਰਗਾ ਰੰਗ ਰੂਪ। ਹੂਬਹੂ ਤੇਰੀ ਕਾਰਬਨ ਕਾਪੀ।

“ਬੈਚਲਰ ਹੈ ਤਾਂ ਵਿਆਹ ਕਿਉਂ ਨਹੀਂ ਕਰ ਲੈਂਦੀ ਉਹਦੇ ਨਾਲ?”

“ਵਿਆਹ ਕਰਨਾ ਹੁੰਦਾ ਤਾਂ ਫੇਰ ਤੁਹਾਨੂੰ ਹੀ ਕਿਉਂ ਨਾਂ ਕਰਦੀ? ਤੁਹਾਡੇ ਵਰਗਾ ਲਾਈਫ਼ ਪਾਰਟਨਰ ਮੈਨੂੰ ਸੱਤ ਜਨਮ ਨਹੀਂ ਮਿਲ ਸਕਦਾ -- ਮੈਂ ਜਾਣਦੀ ਹਾਂ ਦੇਵੇਨ।”

ਵਸੁਧਾ ਨੇ ਉਸ ਦੇ ਸੀਨੇ ਤੇ ਸਿਰ ਟਿਕਾ ਦਿੱਤਾ, ਹੁਣ ਅਗਲੇ ਜਨਮ 'ਚ ਕਰਾਂਗੇ ਆਪਾਂ ਵਿਆਹ .....।"

ਗਿੱਲੀਆਂ ਪਲਕਾਂ ਮੋਈਆਂ ਤਿਤਲੀਆਂ ਵਾਂਗੂੰ ਉਸਦੇ ਚੌੜੇ ਸੀਨੇ ਤੇ ਚਿਪਕ ਗਈਆਂ।

## (6)

ਇੱਕ ਹਫਤਾ ਬੰਬਈ ਵਿਚ ਟੱਕਰਾਂ ਮਾਰ ਕੇ ਮੁੜ ਆਈ-ਵਸੁਧਾ। ਮਿਸ ਬਾਲੀ ਨੇ ਵੀ ਘੱਟ ਭੱਜ ਦੌੜ ਨਹੀਂ ਕੀਤੀ। ਇੱਕ ਇੱਕ ਸਟੂਡੀਓ ਛਾਣ ਮਾਰਿਆ ਪਰ ਕੁਝ ਪਤਾ ਨਹੀਂ ਲੱਗਿਆ।

ਦੇਵੇਨ ਉਥੋਂ ਹੀ ਚੰਡੀਗੜ੍ਹ ਚਲਾ ਗਿਆ ਅਤੇ ਵਸੁਧਾ ਨੇ ਦਿੱਲੀ ਦਾ ਰਾਹ ਫੜ ਲਿਆ।

ਘਰ ਦੀ ਦੇਹਲੀ ਤੇ ਪੈਰ ਹੀ ਰੱਖਿਆ ਸੀ ਕਿ ਦਰਵਾਜੇ ਤੇ ਕੰਚਨ ਖੜ੍ਹੀ ਮਿਲੀ। ਵਸੁਧਾ ਇੱਕ ਟਕ ਵੇਖਦੀ ਰਹੀ।

ਤੂੰ ਕਦੋਂ ਆਈ?”

“ਪਰਸੋਂ।”

“ਕਿੱਥੇ ਗਈ ਸੀ?"ਵਸੁਧਾ ਦੀਆਂ ਅੱਖਾਂ ਅੰਗਾਰਿਆਂ ਵਾਂਗੂੰ ਭਖ ਰਹੀਆਂ ਸਨ।

“ਬੰਬਈ !"ਝਿਜਕਦੀ ਜਿਹੀ ਕੰਚਨ ਬੋਲੀ।

“ਦੱਸ ਕੇ ਕਿਉਂ ਨਹੀਂ ਸੀ ਗਈ?"ਵਸੁਧਾ ਨੇ ਡਾਂਟ ਕੇ ਕਿਹਾ,"ਤੂੰ ਜਾਣਾ ਹੀ ਸੀ ਤਾਂ ਘਰ ਇਨਫਾਰਮ ਕਰਕੇ ਨਹੀਂ ਸੀ ਜਾ ਸਕਦੀ। ਤੇਰੇ ਲਈ ਇਸ ਘਰ 'ਚ ਕਿਸੇ ਦਾ ਕੋਈ ਮਹੱਤਵ ਨਹੀਂ?”

ਵਸੁਧਾ ਨੇ ਤਾੜ ਕਰਦਾ ਇੱਕ ਚਾਂਟਾ ਜੜ ਦਿੱਤਾ,"ਬਿਨਾਂ ਪੁੱਛਿਆਂ ਜੇ ਹੁਣ ਘਰ ਤੋਂ ਬਾਹਰ ਪੈਰ ਰੱਖਿਆ ਤਾਂ ਮੇਰੇ ਤੋਂ ਬੁਰਾ ਕੋਈ ਨਹੀਂ ਹੋਏਗਾ। ਮੈਂ ਤੇਰੇ ਲਈ ਕੀ ਕੀ ਨਹੀਂ ਕਰਦੀ ਫਿਰਦੀ ਤੇ ਤੂੰ------।"

ਮਾਂ ਰੋਂਦੀ ਕੰਚਨ ਦੀ ਬਾਂਹ ਫੜਕੇ ਅੰਦਰ ਲੈ ਗਈ। ਦਰਵਾਜੇ ' ਤੇ ਆਂਢ ਗੁਆਂਢ ਦੇ ਲੋਕਾਂ ਦੀ ਭੀੜ ਜਮ੍ਹਾਂ ਹੋ ਗਈ। ਲੰਬੇ ਸਫ਼ਰ ਤੋਂ ਥੱਕੀ ਵਸੁਧਾ ਨੇ ਸੋਫੇ ਤੇ ਬੈਗ ਸੁੱਟਿਆ ਅਤੇ ਪਲੰਘ ਉੱਤੇ ਨਿਢਾਲ ਜਿਹੀ ਡਿਗ ਪਈ।

ਮਾਂ ਕੁਝ ਦੇਰ ਬਾਅਦ ਚਾਹ ਦੀ ਪਿਆਲੀ ਰੱਖ ਗਈ, ਪਰ ਵਸੁਧਾ ਨੇ ਪੀਤੀ ਨਹੀਂ।

ਪਰ੍ਹੇ ਕੋਨੇਂ 'ਚ ਬੈਠੀ ਕੰਚਨ ਸਿਸਕਦੀ ਰਹੀ।

ਭਾਰੀਆਂ ਪਲਕਾਂ ਉੱਤੇ ਚੁੱਕਦੀ, ਅਲਸਾਈ ਜਿਹੀ ਵਸੁਧਾ ਕੁਝ ਦੇਰ ਬਾਅਦ ਆਪ ਹੀ ਉੱਠੀ। ਮੇਜ਼ ਤੇ ਪਈ ਘੜ੍ਹੀ' ਤੇ ਦੇਖਿਆ, ਨੌਂ ਵੱਜ ਗਏ ਸਨ।

ਦਫਤਰ ਵੀ ਜਾਣਾ ਹੈ ਹੁਣੇ। ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਹੋਣ ਵਾਲੀ ਸੀ, ਪਤਾ ਨਹੀਂ ਉਸਦਾ ਕੀ ਹੋਇਆ। ਫੈਕਟਰੀ ਵਿਚ ਹੜਤਾਲ ਹੋਣ ਦੀ ਅਫਵਾਹ ਜੋਰਾਂ ਤੇ ਸੀ। ਅੱਜ ਵੀ ਨਾ ਗਈ ਤਾਂ ਮੁਸ਼ਕਲ ਹੋ ਜਾਏਗੀ। ਪ੍ਰਾਈਵੇਟ ਨੌਕਰੀ ਹੈ ਜੁਆਬ ਦੇ ਦਿੱਤਾ ਤਾਂ ਸਾਰੇ ਦਾਨੇ ਦਾਨੇ ਲਈ ਮੋਹਤਾਜ ਹੋ ਜਾਵਾਂਗੇ।

ਬਾਥਰੂਮ ਵੱਲ ਜਾ ਰਹੀ ਸੀ ਕਿ ਉਸਦੇ ਪੈਰ ਆਪਣੇ ਆਪ ਹੀ ਛੱਤ ਵੱਲ ਮੁੜਨ ਲੱਗੇ। ਉੱਤੇ ਜਾ ਕੇ ਵੇਖਿਆ ਪਿਤਾ ਬੇਹੋਸ਼ ਜਿਹੇ ਪਏ ਹਨ। ਉਹਨਾਂ ਦੇ ਪੈਰਾਂ ਕੋਲ ਬੈਠਾ ਮੀਚੇ ਰੋ ਰਿਹਾ ਹੈ।

“ਪਿਤਾ ਜੀ ਦੀ ਤਬੀਅਤ ਕਦੋਂ ਤੋਂ ਵਿਗੜੀ, ਮੀਚੇ-?"ਕਾਹਲੇ ਸੁਰ ਵਿਚ ਵਸੁਧਾ ਨੇ ਪੁੱਛਿਆ,"ਪਰਸੋਂ ਤੋਂ ਦੁੱਧ-ਦੱਧ ਕੁਝ ਨਹੀਂ ਪੀਤਾ। ਕੱਲ੍ਹ ਸ਼ਾਮ ਤੋਂ ਅੱਖਾਂ ਵੀ ਬੰਦ ਕਰ ਲਈਆਂ ਨੇ।"ਮੀਚੇ ਡਰਦਾ ਡਰਦਾ ਬੋਲਿਆ।

“ਮਾਂ ਨਹੀਂ ਆਈ ਉੱਤੇ?”

“ਨਹੀਂ-"ਬਾਂਹ ਨਾਲ ਨੱਕ ਸਾਫ ਕਰਕੇ ਮੀਚੇ ਨੇ ਕਿਹਾ।

ਤੂੰ ਮਾਂ ਨੂੰ ਕਿਹਾ ਵੀ ਨਹੀਂ?"ਵਸੁਧਾ ਨੇ ਹੈਰਾਨੀ ਨਾਲ ਵੇਖਿਆ।

ਬਿਮਾਰ ਪਿਤਾ ਦੀ ਦਾੜ੍ਹੀ ਘਾਹ ਵਾਂਗੂੰ ਵਧੀ ਹੋਈ ਸੀ। ਸੁੱਕੇ ਬੁੱਲਾਂ ਤੇ ਕਾਲੀ ਪੇਪੜੀ ਜੰਮੀ ਪਈ ਸੀ। ਸਾਰਾ ਸਰੀਰ ਸੁੱਕੀ ਲੱਕੜ ਵਾਂਗੂੰ ਲੱਗ ਰਿਹਾ ਸੀ-ਚਮੜੀ ਹੱਡੀਆਂ ਨਾਲ ਝੂਲ ਰਹੀ ਸੀ। ਗੰਦੀ ਚੀਕ੍ਰ ਚਾਦਰ ਵਿਛੀ ਹੋਈ ਸੀ। ਪਾਟਿਆ ਸਰ੍ਹਾਣਾ, ਤਾਰ ਤਾਰ ਹੋਇਆ ਸਤੀ ਖੇਸ।

“ਮਾਂ ਨੂੰ ਦੱਸਿਆ ਸੀ ਪਰ ਉਹ ਉੱਤੇ ਆਈ ਹੀ ਨਹੀਂ।”

“ਫੇਰ ਡਾਕਟਰ ਨੂੰ ਵੀ ਕੀ ਬੁਲਾਇਆ ਹੋਏਗਾ"ਆਪ ਹੀ ਬੁੜ ਬੁੜਾਉਂਦੀ ਵਸੁਧਾ ਨੇ ਮੱਥੇ ਤੇ ਹੱਥ ਰੱਖਿਆ। ਤਪ ਰਿਹਾ ਸੀ- ਬੁਰੀ ਤਰ੍ਹਾਂ।

ਕੋਲ ਮਾਰਕੀਟ ਵਿਚ ਹੀ ਫਾਰਮੇਸੀ ਸੀ। ਉੱਤੇ ਡਾਕਟਰ ਘੋਸ਼ ਦਾ ਘਰ ਸੀ। ਉਸੇ ਤਰ੍ਹਾਂ ਖਿੰਡੇ ਮੁੰਡੇ ਕੱਪੜਿਆਂ ਨਾਲ ਹੀ ਵਸੁਧਾ ਭੱਜੀ ਭੱਜੀ ਗਈ ਅਤੇ ਡਾਕਟਰ ਘੋਸ਼ ਨੂੰ ਬੁਲਾ ਲਿਆਈ।

ਡਾਕਟਰ ਘੋਸ਼ ਨੇ ਬੜੀ ਬਰੀਕੀ ਨਾਲ ਜਾਂਚ ਕੀਤੀ। ਇੰਜੈਕਸ਼ਨ ਦਿੱਤਾ। ਕੁਝ ਦਵਾਈ ਪਿਆਈ ਅਤੇ ਦੁਪਹਿਰ ਨੂੰ ਫੇਰ ਆਉਣ ਦੀ ਤਸੱਲੀ ਦਿੱਤੀ।

ਜਲਦੀ ਜਲਦੀ ਨਾਹ ਧੋਕੇ ਵਸੁਧਾ ਦਫ਼ਤਰ ਲਈ ਤਿਆਰ ਹੋਣ ਲੱਗੀ। ਅਜੇ ਰੋਟੀ ਦੀ ਪਹਿਲੀ ਬੁਰਕੀ ਹੀ ਤੋੜੀ ਸੀ ਕਿ ਮਾਂ ਮੱਥੇ ਤੇ ਹੱਥ ਰੱਖ ਕੇ ਸਾਹਮਣੇ ਬੈਠ ਗਈ। ਰੋਂਦੀ ਵਿਲਕਦੀ ਬੋਲੀ"ਕੀ ਕਰੀਏ ਇਸ ਕਰਮਾਂਸੜੀ ਦਾ-ਕਿਤੇ ਦਾ ਨਹੀਂ ਛੱਡਿਆ ਬੱਸੋ ! ਜਦੋਂ ਦੀ ਆਈ ਹੈ ਖਾਣਾ ਪੀਣਾ ਸਾਰਾ ਛੱਡ ਦਿੱਤਾ ਹੈ। ਕੱਲ੍ਹ ਡਾਕਟਰਨੀ ਨੂੰ ਦਿਖਾਇਆ ਤਾਂ ਉਹ ਦੋ ਮਹੀਨੇ ਦੱਸ ਕੇ ਗਈ ਹੈ।”

ਦਫ਼ਤਰ ਵਿਚ ਵੀ ਮਨ ਨਹੀਂ ਲੱਗਿਆ ਵਸੁਧਾ ਦਾ। ਪੱਥਰ ਦੇ ਇੱਕ ਇੱਕ ਟੁਕੜੇ ਨੂੰ ਚੁਣ ਕੇ ਉਸਨੇ ਜਿਹੜੇ ਹਵਾਈ ਮਹਿਲ ਖੜ੍ਹਾ ਕਰਨ ਦੇ ਸੁਪਨੇ ਸਿਰਜੇ ਸੀ, ਅੱਜ ਸਭ ਢਹਿ ਢੇਰੀ ਹੋ ਗਏ ਸਨ। ਆਪਣਾ ਹੀ ਜੀਵਨ ਉਸਨੂੰ ਵਿਅਰਥ ਲੱਗਣ ਲੱਗਿਆ। ਇਉਂਵੀ ਹੋ ਸਕਦਾ ਹੈ- ਉਸਨੇ ਕਦੇ ਨਹੀਂ ਸੀ ਸੋਚਿਆ।

ਸ਼ਾਮ ਨੂੰ ਵਸੁਧਾ ਘਰੇ ਮੁੜੀ ਤਾਂ ਘਰ 'ਚ ਮਾਤਮ ਛਾਇਆ ਹੋਇਆ ਸੀ। ਮਾਂ ਨੇ ਦੱਸਿਆ ਕਿ ਗੁੱਸੇ ਵਿਚ ਕੰਚਨ ਨੇ ਕੁਝ ਖਾ ਲਿਆ ਹੈ, ਬੜੀ ਮੁਸ਼ਕਲ ਨਾਲ ਡਾਕਟਰ ਨੇ ਜਾਨ ਬਚਾਈ ਹੈ।

ਕੰਚਨ ਬੇਹੋਸ਼ ਜਿਹੀ ਪਈ ਸੀ। ਪਿਤਾ ਨੂੰ ਇੱਕ ਸੌ ਤਿੰਨ ਬੁਖਾਰ ਸੀ।

ਸਾਰੀ ਰਾਤ ਵਸੁਧਾ ਜਾਗਦੀ ਰਹੀ। ਮੀਚੇ ਪਿਤਾ ਦੇ ਸਰ੍ਹਾਣੇ ਬੈਠਾ ਊਂਘਦਾ ਰਿਹਾ ਘੜੀ ਦੇਖ ਕੇ ਦੋ ਦੋ ਘੰਟੇ ਮਗਰੋਂ ਦਵਾਈ ਪਿਆਉਂਦਾ ਰਿਹਾ।

ਦੂਜੇ ਦਿਨ ਮਾਂ ਨੇ ਦੱਸਿਆ ਕਿ ਉਹੀ ਮੋਇਆ ਖੰਨਾ ਕੰਚਨ ਨੂੰ ਫਿਲਮਾਂ 'ਚ ਕੰਮ ਦੁਆਉਂਣ ਲਈ ਕਹਿ ਕੇ, ਬੰਬਈ ਭਜਾ ਕੇ ਲੈ ਗਿਆ ਸੀ। ਪਤਾ ਨਹੀਂ ਕਿਸ ਕਿਸ ਬੂਹੇ ਲਈ ਫਿਰਦਾ ਰਿਹਾ। ਸੁਣਿਆ ਹੈ ਇਹਦੇ ਸਹਾਰੇ ਆਪਣੇ ਕੁਝ ਕੰਮ ਕੱਢ ਕੇ ਇਹਨੂੰ ਏਥੇ ਸੁੱਟ ਗਿਆ ਹੈ।

ਹੁਣ ਕੀ ਕਰੀਏ?"ਵਸੁਧਾ ਨੇ ਮਾਂ ਵੱਲ ਵੇਖਿਆ।

“ਕਿਸੇ ਨੂੰ ਪਤਾ ਲੱਗ ਗਿਆ ਤਾਂ ਮਹੱਲੇ 'ਚ ਰਹਿਣਾ ਮੁਸ਼ਕਿਲ ਹੋ ਜਾਏਗਾ। ਫੇਰ ਇਹਦੀ ਜਿੰਦਗੀ ਜਿਹੜੀ ਖਰਾਬ ਹੋਏਗੀ ਉਹ ਅੱਡ। ਮੈਂ ਸੋਚਦੀ ਸੀ ਕਿ ਜੇ ਹੁਣ ਇਹ ਮਿਲ ਗਈ ਤਾਂ ਕਿਤੇ ਇਹਦਾ ਵਿਆਹ ਕਰ ਦਿਆਂਗੇ, ਪਰ ਇਹਨੇ ਹੁਣ ਇਹ ਚਮਤਕਾਰ ਦਿਖਾ ਦਿੱਤਾ।"

“ਦਾਈ ਨੂੰ ਏਥੇ ਬੁਲਾਕੇ --"ਮਾਂ ਨੇ ਆਪਣਾ ਸੁਝਾ ਦਿੱਤਾ।

“ਇਥੇ ਹੋ ਤਾਂ ਸਕਦਾ ਹੈ ਪਰ ਜੇ ਕਿਤੇ ਕਿਸੇ ਨੂੰ ਪਤਾ ਲੱਗ ਗਿਆ ਫੇਰ।”

ਪਤਾ ਕਿਵੇਂ ਲੱਗੇਗਾ- ਕਹਿ ਦਿਆਂਗੇ ਬੀਮਾਰ ਹੈ।”

“ਪੈਸੇ ਕਿੰਨੇ ਲੱਗਣਗੇ?"ਵਸੁਧਾ ਨੇ ਕੁਝ ਸੋਚ ਕੇ ਪੁੱਛਿਆ।

“ਸੌ ਸਵਾ ਸੌ ਤੋਂ ਘੱਟ 'ਚ ਹੀ ਸਰ ਜਾਏਗਾ। ਅਮਰ ਕਲੋਨੀ ਵਿਚ ਅਜੇ ਕੁਝ ਦਿਨ ਪਹਿਲਾਂ ਗੁਰਚਰਨ ਕੌਰ ਨੇ ਬੁਲਾਈ-ਸੀ ਆਪਣੇ ਘਰ। ਕਰੀਬ ਇੰਨੇ ਹੀ ਲੱਗੇ ਦੱਸਦੀ ਸੀ। ਇਸ ਤੋਂ ਘੱਟ 'ਚ ਵੀ ਹੋ ਜਾਂਦਾ ਹੈ, ਪਰ ਦਾਈ ਐਕਸਪਰਟ ਨਹੀਂ ਹੋਏਗੀ।”

ਮੱਥੇ ਤੇ ਹੱਥ ਰੱਖੀ ਵਸੁਧਾ ਸੋਚਦੀ ਰਹੀ- ਅੰਮ੍ਰਿਤਸਰ ਵਾਲੇ ਮਾਸੜ ਦਾ ਪਰਿਵਾਰ ਸਮੇਤ ਆਉਂਣ ਵਾਲੇ ਨੇ। ਕਿਸੇ ਵੀ ਪਲ ਪੂਰੀ ਫੌਜ ਨਾਲ ਧਮਕ ਸਕਦੇ ਨੇ। ਫਿਰ ਕੀ ਹੋਏਗਾ?”

ਰਾਤ ਇਸੇ ਉਧੇੜ ਬੁਣ ਵਿਚ ਲੰਘ ਗਈ।

ਸਵੇਰੇ ਉਹ ਜਲਦੀ ਜਾਗ ਪਈ। ਮਾਂ ਨੂੰ ਜਗਾਉਂਦੀ ਕਹਿਣ ਲੱਗੀ,"ਹਰਦਵਾਰ
ਵਾਲੀ ਗੱਡੀ ਕਦੋਂ ਜਾਂਦੀ ਹੈ?”

“ਕਿਉਂ?"ਕਿਉਂ?"ਹੜ ਬੜਾ ਕੇ ਮਾਂ ਜਾਗ ਪਈ।

“ਤੁਸੀ ਦੋਵੇਂ ਅੰਕਲ ਨੂੰ ਨਾਲ ਲੈਕੇ ਕਿਤੇ ਚਲੇ ਜਾਉ। ਦਸ ਪੰਦਰਾਂ ਦਿਨ 'ਚ ਜਦੋਂ ਠੀਕ ਸਮਝੋ ਮੁੜ ਆਉਂਣਾ।"ਕਾਹਲੀ ਨਾਲ ਪੋਟਲੀ 'ਚ ਜਰੂਰੀ ਸਮਾਨ ਬੰਨ੍ਹ ਕੇ ਜਦੋਂ ਕੰਚਨ ਤੇ ਮਾਂ ਫੋਰਸੀਟਰ ਤੇ ਬੈਠੀਆਂ ਤਾਂ ਆਂਢ ਗੁਆਂਢ ਦੀਆਂ ਜਨਾਨੀਆਂ ਨਿਕਲ ਆਂਈਆਂ।

ਦੇਖਦੇ ਦੇਖਦੇ ਫੋਰਸੀਟਰ ਧੂੜ ਉਡਾਉਂਦਾ ਦਿਸਣੋਂ ਹਟ ਗਿਆ।"ਬੱਸੋ ਕਿੱਥੇ ਗਈਆਂ ਤੇਰੀ ਮਾ ਤੇ ਭੈਣ ਏਨੇ ਤੜਕੇ?"ਵਸੁਧਾ ਉਸੇ ਤਰਾਂ, ਕੰਮ ਲੱਗੀ ਰਹੀ। ਬੋਲੀ,"ਗੰਗਾ ਨਹਾਉਂਣ ਗਈਆਂ ਨੇ, ਹਰਦੁਆਰ, ਅੰਕਲ ਜੀ ਦੇ ਨਾਲ।”

## (7)

ਅਜੇ ਗਿਆਂ ਦਸ ਗਿਆਰਾਂ ਦਿਨ ਵੀ ਨਹੀਂ ਸੀ ਹੋਏ ਕਿ ਮਾਂ ਦਿੱਲੀ ਮੁੜ ਆਈ। ਨਾਲ ਸਿਰਫ ਕੱਪੜਿਆਂ ਦੀ ਇੱਕ ਪੋਟਲੀ ਸੀ।

ਇਹਨਾਂ ਕੁਝ ਦਿਨਾਂ 'ਚ ਹੀ ਮਾਂ ਦੀ ਸ਼ਕਲ ਸੂਰਤ ਬਦਲ ਗਈ ਸੀ। ਵਾਲਾਂ 'ਚ ਸਫੈਦੀ ਦਿਸਣ ਲੱਗ ਪਈ ਸੀ। ਚੇਹਰੇ ਦੀ ਚਮਕ ਉੱਡ ਗਈ ਸੀ। ਕਮਰ ਵੀ ਝੁਕ ਗਈ ਸੀ।

"ਕੰਚਨ ਕਿੱਥੇ ਝਾਈ ਜੀ?"ਮਾਂ ਨੂੰ ਕਦੇ ਕਦੇ ਉਹ ਇਸ ਸੰਬੋਧਨ ਨਾਲ ਬੁਲਾਉਂਦੀ ਹੁੰਦੀ ਸੀ।

"ਕੰਚੋ ਮਰ ਗਈ, ਬੱਸੋ!"ਮਾਂ ਦਹਾੜ ਮਾਰ ਕੇ ਰੋ ਪਈ।

"ਕਦੋਂ,? ਕਦੋਂ? ਕੀ ਹੋਇਆ? ਕਿਵੇਂ?"ਵਸੁਧਾ ਘਬਰਾ ਕੇ ਇਕੋ ਸਾਹ ਵਿਚ ਕਈ ਸਵਾਲ ਪੁੱਛ ਗਈ।

ਮਾਂ ਰੋਂਦੀ ਰਹੀ। ਕੁਝ ਬੋਲ ਨਹੀਂ ਸਕੀ। ਆਖੀਰ ਕੱਪੜਿਆਂ ਦੀ ਪੋਟਲੀ 'ਚ ਬੰਨ੍ਹੇ, ਇੱਕ ਮੁੜੇ ਹੋਏ ਪਾਟੇ ਪੁਰਾਣੇ ਕਾਗਜ਼ ਦਾ ਟੁਕੜਾ ਉਸਨੇ ਅੱਗੇ ਕਰ ਦਿੱਤਾ।

ਵਸੁਧਾ ਨੇ ਉਲਟ ਪੁਲਟ ਕੇ ਦੇਖਿਆ। ਦੋਬਾਰਾ ਤਿਬਾਰਾ ਵੇਖਿਆ ਫਿਰ ਪ੍ਰੇਸ਼ਾਨ ਜਿਹੀ ਬੁੜਬੁੜਾਉਂਦੀ,"ਇਹ ਤਾਂ ਧਰਮਸ਼ਾਲਾ ਦੇ ਕਿਰਾਏ ਦੀ ਰਸੀਦ ਹੈ, ਝਾਈ ਜੀ !"

ਮਾਂ ਨੇ ਝਪਟ ਕੇ ਵੇਖਿਆ। ਮੱਥੇ ਤੇ ਹੱਥ ਧਰੀ ਪਲ ਕੁ ਭਰ ਸੋਚਦੀ ਰਹੀ ਫੇਰ ਉਹ ਬੋਲੀ,"ਫੇਰ ਉਹ ਕਾਗਜ਼ ਕਿਤੇ ਰਹਿ ਗਿਆ ਹੈ ਬੱਸੋ।"ਤੇ ਫੇਰ ਉਵੇਂ ਰੋਣ ਲੱਗੀ।

"ਕੀ ਲਿਖਿਆ ਸੀ ਉਹਦੇ ਵਿਚ?"ਵਸੁਧਾ ਜਾਣਨ ਲਈ ਉਤਸੁਕ ਸੀ।

ਮਠਿਆਈ ਵਾਲੇ ਹਲਵਾਈ ਤੋਂ ਪੜ੍ਹਵਾਇਆ ਸੀ। ਕਹਿੰਦਾ ਸੀ- ਲਾਪਤਾ ਹੋਣ, ਮਰਨ ਵਰਗੀ ਕੋਈ ਗੱਲ ਲਿਖੀ ਲੱਗਦੀ ਹੈ।"

"ਲਾਪਤਾ ਕਦੋਂ ਹੋਈ?"

"ਮਾਂ ਨੇ ਦੱਸਿਆ ਕਿ ਉਹ ਇੱਥੇ ਮੁੜਨ ਲਈ ਤਿਆਰ ਹੀ ਸਨ ਕਿ ਉਸ ਤੋਂ ਇਕ ਦਿਨ ਪਹਿਲਾਂ ਅੱਧੀ ਰਾਤ ਨੂੰ ਕੰਚਨ ਉੱਠੀ। ਸ਼ਾਇਦ ਜੰਗਲ ਪਾਣੀ ਜਾਣ ਲਈ ਕਮਰੇ ਤੋਂ ਬਾਹਰ ਚਲੀ ਗਈ। ਜਦੋਂ ਦੇਰ ਤੱਕ ਨਹੀਂ ਮੁੜੀ. ਤਾਂ ਮੈਂ ਬਾਹਰ ਵੇਖਿਆ ਪਰ ਉਸ ਦਾ ਕਿਤੇ ਕੁਝ ਪਤਾ ਨਹੀਂ ਸੀ। ਧਰਮਸ਼ਾਲਾ ਦੇ ਚੌਂਕੀਦਾਰ, ਮੈਨੇਜ਼ਰ, ਦੂਜੇ ਮੁਸਾਫਰਾਂ ਨੂੰ ਵੀ ਜਗਾਇਆ ਪਰ ਕੰਚੀ ਦੀ ਕਿਤੇ ਸੂਹ ਨਹੀਂ ਮਿਲੀ। ਇੱਕ ਤੀਂਵੀ ਕਹਿੰਦੀ ਸੀ ਕਿ ਹੁਣ ਹੀ ਕੋਈ ਨਦੀ ਵੱਲ ਜਾ ਰਿਹਾ ਸੀ। ਹੋ ਸਕਦੈ ਉਹੀ ਹੋਵੇ। ਪਰ ਉਥੇ ਵੀ ਨਹੀਂ ਮਿਲੀ ਉਹ।"

"ਤਾਂ ਮੈਨੂੰ ਕਿਉਂ ਨਹੀਂ ਬੁਲਾਇਆ- ਤਾਰ ਦੇ ਦਿੰਦੀ?"

"ਤੈਨੂੰ ਬੁਲਾਕੇ ਵੀ ਕੀ ਕਰਦੀ ਬੱਸੋ? ਮੇਰੀ ਤਾਂ ਕਿਸਮਤ ਹੀ ਸੜ ਗਈ।"ਮਾਂ ਫੇਰ ਜ਼ੋਰ ਜ਼ੋਰ ਨਾਲ ਰੋਣ ਲੱਗੀ।

"ਜਿਹੜੀ ਚਿਟ ਉਹ ਛੱਡ ਗਈ ਸੀ - ਉਹ ਕਿਥੋਂ ਮਿਲੀ?"

ਮਾਂ ਦੁਪੱਟੇ ਨਾਲ ਅੱਥਰੂ ਪੂੰਝ ਦੇ ਬੋਲੀ,"ਕੰਚੋ ਦੇ ਸਰ੍ਹਾਣੇ ਰੱਖੀ ਹੋਈ ਮਿਲੀ- ਅਗਲੇ ਸਵੇਰੇ।"

ਘਰ 'ਚ ਉਸ ਦਿਨ ਇੱਕ ਅਜੀਬ ਜਿਹੀ ਮੁਰਦਾਹਣੀ ਛਾਈ ਰਹੀ।

ਵਸੁਧਾ ਦੋ ਤਿੰਨ ਦਿਨ ਦਫ਼ਤਰ ਨਹੀਂ ਜਾ ਸਕੀ। ਬਿਮਾਰਾਂ ਵਾਂਗੂ ਬਿਸਤਰੇ ਤੇ ਪਈ ਰਹਿੰਦੀ। ਰਹਿ ਰਹਿ ਕੇ ਸੋਚਦੀ ਕਿਤੇ ਭੇਜਣ ਦੀ ਥਾਂ ਜੇ ਇਥੇ ਹੀ ਕੋਈ ਪ੍ਰਬੰਧ ਕਰ ਲੈਂਦੇ ਤਾਂ ਚੰਗਾ ਹੁੰਦਾ। ਏਨੇ ਦਿਨ ਲਾਪਤਾ ਰਹਿਣ ਮਗਰੋਂ ਹੁਣ ਮੁਸ਼ਕਲ ਨਾਲ ਘਰ ਮੁੜੀ ਸੀ ਤੇ ਇਹ-----।"

ਹਨੇਰਾ ਹੋਣ ਲੱਗਿਆ ਤਾਂ ਵਸੁਧਾ ਦੀਆਂ ਅੱਖਾਂ ਅੱਗੇ ਫੇਰ ਕੰਚੋ ਘੁੰਮਣ ਲੱਗੀ।

ਕੀ ਪਤਾ ਉਸਨੇ ਸ਼ਰਮ ਦੇ ਮਾਰੇ ਨਦੀ 'ਚ ਛਾਲ ਮਾਰਕੇ ਆਤਮਹੱਤਿਆ ਕਰ ਲਈ ਹੋਵੇ। ਮਾਂ ਦੱਸ ਰਹੀ ਸੀ ਕਿਸੇ ਨੇ ਨਦੀ ਵੱਲ ਇੱਕ ਔਰਤ ਨੂੰ ਹਨੇਰੇ ਵਿਚ ਜਾਂਦੇ ਵੇਖਿਆ ਸੀ। ਉਸ ਦਾ ਲਿਖਿਆ ਕਾਗਜ਼ ਕਿੱਥੇ ਹੋਏਗਾ। ਉਸ 'ਚ ਕੀ ਲਿਖਿਆ ਹੋਏਗਾ। ਹੋ ਸਕਦੈ ਮਾਂ ਦੇ ਸਮਝਣ ਵਿਚ ਕੁਝ ਭੁੱਲ ਹੋਈ ਹੋਵੇ। ਕੰਚੋ ਜਾਣ ਬੁੱਝ ਕੇ ਕਿਤੇ ਭੱਜ ਗਈ ਹੋਵੇ। ਪਰ ਕਿਥੇ? ਕਿਉਂ? ਕਾਹਦੇ ਲਈ?"

ਇਹ ਗੱਲ ਵਾਰ ਵਾਰ ਵਸੁਧਾ ਨੂੰ ਸਾੜ ਰਹੀ ਸੀ ਕਿ ਉਸਨੇ, ਉਸ ਦਿਨ ਕੰਚਨ ਦੇ ਚੁਪੇੜ ਕਿਉਂ ਮਾਰੀ। ਅੱਜ ਤੱਕ ਕਦੇ ਕਿਸੇ ਤੇ ਹੱਥ ਨਹੀਂ ਸੀ ਚੁੱਕਿਆ। ਫਿਰ ਇਹ ਸਾਰਾ ਕੁਝ ਕਿਉਂ ਹੋ ਗਿਆ।

ਵਸੁਧਾ ਨੇ ਹਰਦਵਾਰ ਜਾ ਕੇ ਕਾਫੀ ਪੜਤਾਲ ਕਰਵਾਈ ਪਰ ਕਿਤੇ ਨਾ ਕੰਚਨ ਮਿਲੀ ਤੇ ਨਾ ਕੋਈ ਉਹਦਾ ਅਤਾ ਪਤਾ।

ਪਿਤਾ ਦੀ ਸਿਹਤ ਦਿਨੋਂ ਦਿਨ ਡਿਗਦੀ ਜਾ ਰਹੀ ਸੀ-। ਇਸ ਲਈ ਉਹਨਾਂ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ। ਮੀਚੇ ਦੀ ਪੜ੍ਹਾਈ ਛੁੱਟ ਗਈ ਸੀ। ਦਿਨ ਰਾਤ ਉਸਨੂੰ

ਹਸਪਤਾਲ ਰਹਿਣਾ ਪੈਂਦਾ, ਮਾਂ ਸਿਰਫ਼ ਰੋਟੀ ਦੇਣ ਉੱਪਰ ਜਾਂਦੀ ਸੀ। ਮਾਂ ਦੇ ਲਈ ਪਿਤਾ ਦੇ ਜਿਉਂਦੇ ਹੋਣ ਦਾ ਕੋਈ ਅਰਥ ਨਹੀਂ ਸੀ।

ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਵਿਚ ਇਸ ਵਾਰੀ ਤੈਅ ਕੀਤਾ ਗਿਆ ਕਿ ਕੰਪਨੀ ਦੀ ਇੱਕ ਬ੍ਰਾਂਚ ਬੰਬਈ ਵਿਚ ਵੀ ਖੋਹਲੀ ਜਾਏ। ਤਾਂ ਕਿ ਸਾਰਾ  ਕੰਮ ਸੁਯੋਗ ਢੰਗ ਨਾਲ ਚੱਲ ਸਕੇ। ਇੱਕ ਤਾਂ ਦਿੱਲੀ ਆਫਿਸ ਕਾਫੀ ਦੂਰ ਪੈਂਦਾ, ਦੂਜਾ ਉਸ ਤੇ 'ਲੋਡ' ਵੀ ਜਿਆਦਾ ਸੀ। ਇਸ ਲਈ ਅਕਸਰ ਕੰਮ ਨੂੰ ਦੇਰ ਹੋ ਜਾਂਦੀ।

ਨਿਊ ਮੈਰੀਨ ਲਾਈਨਜ਼' ਵਿਚ ਦਫ਼ਤਰ ਲਈ ਥਾਂ ਨਿਸ਼ਚਿਤ ਕੀਤੀ ਗਈ ਅਤੇ ਪਹਿਲੀ ਤਾਰੀਕ ਤੋਂ ਉਥੇ ਕੰਮ ਸ਼ੁਰੂ ਕਰਨ ਦੀ ਘੋਸ਼ਣਾ ਕਰ ਦਿੱਤੀ ਗਈ।

ਜਿਹਨਾਂ ਕਰਮਚਾਰੀਆਂ ਦੇ ਟ੍ਰਾਂਸਫਰ ਦੇ ਆਰਡਰ ਸਨ ਉਹਨਾਂ ਵਿਚ ਵਸੁਧਾ ਵੀ ਸੀ।

ਘਰ ਦੀ ਹਾਲਤ ਏਨੀ- ਨਾਜੁਕ ਸੀ ਅਤੇ ਉਪਰੋਂ ਇਹ ਸਾਰਾ ਕੁਝ ਛੱਡ ਕੇ ਬੰਬਈ ਜਾਣਾ ਵਸੁਧਾ ਨੂੰ ਅਸੰਭਵ ਜਿਹਾ ਜਾਪਣ ਲੱਗਿਆ।

"ਮੈਨੂੰ ਇੱਥੇ ਹੀ ਕੋਈ ਕੰਮ ਦੇ ਦਿਉ ਸਰ।"ਡਾਇਰੈਕਟਰ ਮੰਗਲਮ ਮੂਹਰੇ ਇੱਕ ਦਿਨ ਉਹ ਗਿੜਗਿੜਾਉਂਦੀ ਜਿਹੀ ਕਹਿਣ ਲੱਗੀ।

ਵਸੁਧਾ ਜਦੋਂ ਤੋਂ ਇਸ ਸਰਵਿਸ ਵਿਚ ਆਈ ਹੈ। ਮੰਗਲਮ ਨਾਲ ਹੀ ਅਟੈਚਡ ਰਹੀ ਹੈ। ਮੰਗਲਮ ਉਸ ਤੋਂ ਖੁਸ਼ ਹੈ ਹਰ ਤਰ੍ਹਾਂ।

ਉਹਦੀਆਂ ਔਖਿਆਈਆਂ ਬਾਰੇ ਮੰਗਲਮ ਚੁੱਪਚਾਪ ਸੁਣਦਾ ਰਿਹਾ। ਆਖ਼ਿਰ ਸਿਗ਼ਾਰ ਦੀ ਰਾਖ ਟ੍ਰੇ ਵਿਚ ਝਾੜਦਾ ਹੋਇਆ ਬੋਲਿਆ,"ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਵਿਚ ਸਾਰੇ ਤੇਰੀ ਪੋਸਟ 'ਐਬੋਲਿਸ਼' ਕਰਕੇ, ਬੰਬਈ ਵਿਚ ਨਵੀਂ ਪੋਸਟ ‘ਕਰੀਏਟ' ਕਰਨ ਬਾਰੇ ਕਹਿੰਦੇ ਸਨ। ਚੇਅਰਮੈਨ ਕਿਸੇ ਹੋਰ ਵਿਚ ਇੰਟਰਰੈਸਟਡ ਸੀ। ਉਹ ਤਾਂ ਅਸੀਂ ਸੀ, ਜਿਹਨਾਂ ਨੇ ਤੈਨੂੰ ਰੱਖਣ ਲਈ ਕਿਹਾ। ਅਜੇ ਤੂੰ ਚੱਲ। ਟ੍ਰਾਂਸਫਰ ਬਾਅਦ 'ਚ ਦੇਖਾਂਗੇ।”

ਬੇਵਸ ਹੋਕੇ ਇੱਕ ਦਿਨ ਉਸ ਨੂੰ ਜਾਣਾ ਪਿਆ। ਬੰਬਈ ਦੀ ਜਿੰਦਗੀ ਉਸਨੂੰ * ਰਾਸ ਨਹੀਂ ਆਈ। ਜਦੋਂ ਤੋਂ ਗਈ ਉਦੋਂ ਤੋਂ ਹੀ ਬਿਮਾਰ ਰਹਿਣ ਲੱਗੀ। ਨਾਂ ਖਾਣ ਨੂੰ ਮਨ ਕਰਦਾ-ਨਾ ਸੌਣ ਨੂੰ। ਇੱਕ ਅਜੀਬ ਜਿਹੀ ਬੇਚੈਨੀ ਹਰ ਪਲ ਛਾਈ ਰਹਿੰਦੀ।

ਹਰ ਸਮੇਂ ਘਰ ਦੀ ਯਾਦ ਆਉਂਦੀ। ਕੰਚਨ ਦੇ ਲਾਪਤਾ ਹੋਣ ਦਾ ਸਦਮਾ ਉਹ . ਅਜੇ ਤੱਕ ਸਹਿ ਨਹੀਂ ਸੀ ਸਕੀ। ਮਾਂ ਤੇ ਹੁਣ ਉਸ ਨੂੰ ਖਿਝ ਨਹੀਂ ਸੀ ਆਉਂਦੀ। ਬਹੁਤ ਵਾਰ ਉਹ ਸੋਚਦੀ ਰਹਿ ਜਾਂਦੀ ਕਿ ਪਤਾ ਨਹੀਂ ਅਜਿਹੀ ਕਿਹੜੀ ਮਜ਼ਬੂਰੀ ਸੀ ਜਿਹੜੀ ਜਿੰਦਗੀ ਭਰ ਉਹ ਲਗਾਤਾਰ ਭਟਕਦੀ ਰਹੀ। ਤਨ ਦੀ ਭੁੱਖ ਹੀ ਨਹੀਂ-ਮਨ ਦੀ ਵੀ ਗੱਲ ਸੀ ਸ਼ਾਇਦ। ਕਦੇ ਕਿਤੇ ਵੀ ਉਸਨੂੰ ਪੂਰੀ ਸੰਤੁਸ਼ਟੀ ਨਹੀਂ ਮਿਲੀ।

ਘਰ ਦੇ ਹਾਲਾਤ ਚੰਗੇ ਹੁੰਦੇ ਤਾਂ ਸ਼ਾਇਦ ਕੰਚੋ ਦਾ ਵੀ ਇਹ ਹਸ਼ਰ ਨਾ ਹੁੰਦਾ। ਪੜ੍ਹਨ ਵਿਚ ਪਹਿਲਾਂ ਕਿੰਨੀ ਤੇਜ ਸੀ -। ਅੱਠਵੀਂ ਤੱਕ ਵਜ਼ੀਫਾ ਮਿਲਦਾ ਰਿਹਾ ਪਰ ਮਾੜੇ ਸੰਗ-ਸਾਥ ਨੇ ਕਿਤੇ ਦੀ ਨਹੀਂ ਛੱਡਿਆ।

ਮੀਚੇ ਆਪਣੇ ਹੀ ਘਰ ਵਿਚ ਲਾਵਾਰਸਾਂ ਵਾਂਗੂੰ ਲੱਗਦਾ ਸੀ। ਖਿਲੌਣੇ ਕਿਹੋ ਜਿਹੇ ਹੁੰਦੇ ਨੇ- ਉਸਨੂੰ ਪਤਾ ਤੱਕ ਨਹੀਂ ਸੀ। ਬੱਚੇ ਕਿੰਨਾ ਲੜਦੇ ਝਗੜਦੇ ਨੇ, ਰੁੱਸਦੇ -ਮੰਨਦੇ ਨੇ ਪਰ ਉਹ ਹਮੇਸ਼ਾਂ ਗੁੰਮਸੁੰਮ ਬੈਠਾ ਰਹਿੰਦਾ। ਮਾਂ ਨੂੰ ਪਤਾ ਨਹੀਂ ਕਿਉਂ ਉਹਦੇ

ਨਾਲ ਚਿੜ੍ਹ ਹੈ। ਉਸਨੂੰ ਆਪਣੇ ਨੇੜੇ ਫਟਕਣ ਤੱਕ ਨਹੀਂ ਦਿੰਦੀ ਉਹ-----"

ਵਸੁਧਾ ਨੂੰ ਯਾਦ ਆਇਆ ਉਸਦਾ ਚਿਹਰਾ ਉਸ ਅੰਕਲ ਨਾਲ ਕਿੰਨਾ ਮਿਲਦਾ ਜੁਲਦਾ ਹੈ ਜਿਹੜੇ ਗਾਂਧੀ ਨਗਰ ਤੋਂ ਆਇਆ ਕਰਦੇ ਸਨ। ਪਹਿਲਾਂ ਲੜਦੇ ਝਗੜਦੇ - ਫੇਰ ਘੁਲ ਮਿਲ ਕੇ ਗੱਲਾਂ ਕਰਦੇ। ਮਾਂ ਦੇ ਮੱਥੇ ਦਾ ਜ਼ਖਮ ਉਹਨਾਂ ਦਾ ਹੀ ਦਿੱਤਾ ਹੋਇਆ ਹੈ। ਇੱਕ ਦਿਨ ਅੱਧੀ ਰਾਤ ਨੂੰ ਟੇਬਲ ਲੈਂਪ ਚੁੱਕ ਕੇ ਮਾਰਿਆ ਸੀ -----"

ਜਿੰਨਾ ਜਿਆਦਾ ਤੋਂ ਜਿਆਦਾ ਬਚਾ ਸਕਦੀ ਵਸੁਧਾ ਘਰ ਭੇਜ ਦਿੰਦੀ। ਟ੍ਰੇਨ ਵਿਚ ਰੋਜ਼ ਵੀਹ ਪੱਚੀ ਮੀਲ ਦਾ ਸਫ਼ਰ ਹੋ ਜਾਂਦਾ। ਦਫਤਰ ਦੀ ਥਕਾਨ, ਰਸਤੇ ਦੀ ਬੋਰੀਅਤ।

ਉਸਦਾ ਮਨ ਕਰਦਾ ਉਹ ਨੌਕਰੀ ਛੱਡ ਕੇ ਵਾਪਸ ਚਲੀ ਜਾਵੇ। ਪਰ ਫੇਰ ਇੰਨੀ ਚੰਗੀ ਨੌਕਰੀ ਕਿੱਥੇ ਮਿਲੇਗੀ ਹੁਣ? ਨਾਲੇ ਦਫਤਰ ਦਫਤਰ ਦਾ ਚੱਕਰ। ਹਰ ਕਿਸੇ ਦੀ ਹਮਦਰਦੀ ਦੇ ਪਿਛੇ ਲੁਕਿਆ ਹੋਇਆ ਸਵਾਰਥ। ਗਿਰਝਾਂ ਵਰਗੀਆਂ ਮੁਦਰਾਵਾਂ- ਘ੍ਰਿਣਤ, ਗੰਦੀਆਂ।

ਸੋਚਦੇ ਸੋਚਦੇ ਵਸੁਧਾ ਦਾ ਮਨ ਕੰਬ ਕੰਬ ਉਠਦਾ।

“ਇਥੇ ਮੇਰਾ ਜੀਅ ਨਹੀਂ ਲੱਗਦਾ ਸਰ !"ਇੱਕ ਦਿਨ ਮੌਕਾ ਵੇਖ ਕੇ ਵਸੁਧਾ ਨੇ ਮੰਗਲਮ ਨੂੰ ਕਿਹਾ,"ਮੈਨੂੰ ਹੈਡ ਆਫਸ ਭਿਜਵਾ ਦਿਓ।”

ਦੇਖਣ ਵਿਚ ਮੰਗਲਮ ਬੜਾ ਖਤਰਨਾਕ ਲੱਗਦਾ, ਪਰ ਸੁਭਾਅ ਦਾ ਬਹੁਤ ਚੰਗਾ ਸੀ।

66 ਉਥੇ ਭੇਜ ਦੇਣ ਨਾਲ ਕੀ ਹੋ ਜਾਏਗਾ?"ਆਪਣੀ ਗੰਜੀ ਖੋਪੜੀ ਦਾ ਪਸੀਨਾ ਉਹ ਹੱਥ ਨਾਲ ਹੀ ਸਾਫ ਕਰਨ ਲੱਗਿਆ।

ਫਾਦਰ ਬਹੁਤ ਬਿਮਾਰ ਨੇ- ਲੰਬੇ ਅਰਸੇ ਤੋਂ ‘ਸਿਕ’ ------।”

"ਤਾਂ ਪਹਿਲਾਂ ਕਿਉਂ ਨਹੀਂ ਦੱਸਿਆ?"ਮੰਗਲਮ ਏਨਾ ਕਹਿ ਕੇ ਚੁੱਪ ਹੋ ਗਿਆ ਪਰ ਅਗਲੇ ਹੀ ਦਿਨ ਤੋਂ ਉਸ ਨੇ ਵਸੁਧਾ ਦੀ ਬਦਲੀ ਲਈ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਕਰੀਬ ਦੋ ਮਹੀਨੇ ਤੋਂ ਘੱਟ ਸਮਾਂ ਲੱਗਿਆ ਕਿ ਇੱਕ ਦਿਨ ਖੁਦ ਕਾਗਜ਼ ਲੈ ਕੇ ਉਸਦੇ ਕੈਬਿਨ ਵਿਚ ਆਇਆ।

“ਆਰ ਯੂ ਹੈਪੀ ਨਾਓ?"ਉਸ ਨੇ ਛਿੱਲੇ ਹੋਏ ਬਦਾਮ ਵਰਗੇ ਆਪਣੇ ਦੰਦ ਵਿਖਾਉਂਦੇ, ਉਸ ਦੇ ਝੁਕੇ ਹੋਏ ਮੋਢੇ ਤੇ ਬੜੇ ਸਨੇਹ ਨਾਲ ਹੱਥ ਰੱਖਿਆ,"ਵਨ ਵੀਕ ਦਾ ਜਾਇੰਨਗ ਟਾਈਮ ਸੈਕਸ਼ਨ ਕੀਤਾ ਹੈ। ਕਲ੍ਹ ਨੂੰ ਮੈਂ ਰਿਲੀਵ ਕਰ ਦਿਆਂਗਾ।”

ਅਹਿਸਾਨ ਦੇ ਨਾਲ ਵਸੁਧਾ ਸਾਰੀ ਦੀ ਸਾਰੀ ਭਰ ਗਈ। ਮੰਗਲਮ ਨੇ ਸੀਟ ਦਾ ਪ੍ਰਬੰਧ ਕਰਵਾ ਦਿੱਤਾ ਅਤੇ ਆਪਣੀ ਕਾਰ ਵਿਚ ਆਪ ਸਟੇਸ਼ਨ ਤੱਕ ਛੱਡਣ ਆਇਆ। ਗੱਡੀ ਤੁਰਨ ਵੇਲੇ ਜਬਰਦਸਤੀ ਕੁਝ ਨੋਟ ਉਸਦੀ ਮੁੱਠੀ 'ਚ ਦੇ ਕੇ ਬੜੀ ਭਿੱਜੀ ਹੋਈ ਆਵਾਜ਼ 'ਚ ਬੋਲਿਆ,"ਆਈ ਵਿਲ ਨੈਵਰ ਫਾਰਗੈਟ ਯੂ -----।”

(8)

ਦਿੱਲੀ ਆਕੇ ਵਸੁਧਾ ਫੇਰ ਕੰਚਨ ਦੀ ਖੋਜ ਵਿਚ ਜੁਟ ਗਈ। ਸਾਰੇ ਰਿਸ਼ਤੇਦਾਰਾਂ ਨੂੰ, ਜਾਣ-ਪਛਾਣ ਵਾਲਿਆਂ ਨੂੰ ਫੇਰ ਚਿੱਠੀਆਂ ਪਾਈਆਂ।

ਮਾਂ ਦਿਨ ਰਾਤ ਆਪਣੀ ਕਿਸਮਤ ਨੂੰ ਕੋਸਦੀ ਰਹਿੰਦੀ,"ਜਿਉਂਦੀ ਹੁੰਦੀ ਤਾਂ ਘਰ ਨਾਂ ਆਉਂਦੀ?"

ਵਸੁਧਾ ਦੀ ਸਿਹਤ ਸੁਧਰਨੀ ਤਾਂ ਕੀ ਸੀ ਦਿਨੋਂ ਦਿਨ ਵਿਗੜਦੀ ਹੀ ਗਈ। ਡਾਕਟਰ ਨੇ ਲੰਬੇ ਆਰਾਮ ਦੀ ਸਲਾਹ ਦਿੱਤੀ ਅਤੇ ਉਹ ਛੁੱਟੀ ਲੈ ਕੇ ਘਰ ਬੈਠ ਗਈ।

ਘਰ ਵਿਚ ਵੀ ਜੀਅ ਨਹੀਂ ਸੀ ਲੱਗਦਾ। ਹਰ ਵੇਲੇ ਮਨ ਉਖੜਿਆ ਉਖੜਿਆ ਜਿਹਾ ਰਹਿੰਦਾ।

ਇੱਕ ਦਿਨ ਬਿਸਤਰੇ ਤੇ ਪਏ ਪਤਾ ਨਹੀਂ ਕੀ ਕੀ ਸੋਚ ਰਹੀ ਸੀ। ਉਸਦੀਆਂ ਮੋਟੀਆਂ ਮੋਟੀਆਂ ਅੱਖਾਂ ਵਿਚੋਂ ਹੰਝੂ ਰਿਸ ਰਹੇ ਸਨ। ਦੇਵੇਨ ਨੂੰ ਲਿਖਿਆ ਖ਼ਤ ਉਸਦੀ ਮੁੱਠੀ ਵਿਚ ਘੁੱਟਿਆ ਸੀ। ਪਸੀਨੇ ਨਾਲ ਭਿੱਜ ਕੇ ਗਲ ਜਿਹਾ ਗਿਆ ਸੀ। ਜਦੋਂ ਵੀ ਉਸਨੂੰ ਬਹੁਤ ਘਬਰਾਹਟ ਮਹਿਸੂਸ ਹੁੰਦੀ- ਜਾਂ ਜਦੋਂ ਵੀ ਉਹ ਡੂੰਘੀ ਨਿਰਾਸ਼ਾ 'ਚ ਡੁੱਬਣ ਲੱਗਦੀ, ਉਦੋਂ ਹੀ ਉਸ ਦੀਆਂ ਅੱਖਾਂ ਅੱਗੇ ਇੱਕ ਆਕਾਰ ਬਣਨ ਲਗਦਾ ਹੈ। ਅਤੇ ਉਦੋਂ ਹੀ ਕਦੇ ਕਦੇ ਉਸ ਵਹਾਅ 'ਚ ਉਹ ਖ਼ਤ ਲਿਖਣ ਲਗਦੀ ਹੈ। ਜਿਹੜਾ ਕੁਝ ਵੀ ਉਸ ਦੇ ਮਨ 'ਚ ਆਉਂਦਾ - ਸਾਰਾ ਡੋਹਲ ਦਿੰਦੀ ਹੈ। ਪਰ ਖਤ ਭੇਜਦੀ ਨਹੀਂ ਕਈ ਦਿਨ ਆਪਣੇ ਕੋਲ ਸੰਭਾਲੀਂ ਰੱਖਦੀ ਹੈ। ਫੇਰ ਚੁੱਪ ਚੁਪੀਤੇ ਪਾੜ ਸੁੱਟਦੀ ਹੈ।

ਏਨੀ ਵੱਡੀ ਦੁਨੀਆਂ ਵਿਚ ਕਿਤੇ ਕੋਈ ਇਹੋ ਜਿਹਾ ਬੰਦਾ ਨਹੀਂ ਦਿਸਦਾ - ਜਿਸ ਨੂੰ ਮਨ ਦੀ ਗੱਲ ਕਹਿ ਸਕੇ। ਇੱਕ ਦੇਵੇਨ ਹੀ ਸੀ, ਉਹ ਵੀ ਹੁਣ ਹੌਲੀ ਹੌਲੀ ਦੂਰ ਹੋ ਰਿਹਾ ਹੈ। ਦੂਰ ਹੋ ਚੱਲਿਆ ਹੈ।

ਇੱਕ ਦਿਨ ਸਵੇਰੇ ਸਵੇਰੇ ਵਸੁਧਾ ਨੂੰ ਆਵਾਜ਼ ਸੁਣਾਈ ਦਿੱਤੀ,"ਝਾਈ ਜੀ, ਕੰਚੋ ਆ ਗਈ ਹੈ।"

ਵਸੁਧਾ ਜਿਵੇਂ ਸੁਪਨੇ 'ਚੋਂ ਜਾਗੀ। ਬਿਸਤਰੇ ਤੇ ਹੀ ਉਠ ਬੈਠੀ।

ਮਾਂ ਖੰਡ ਲਿਆਉਣ ਲਈ ਬਜ਼ਾਰ ਗਈ ਸੀ। ਮੀਚੇ ਅਜੇ ਹਸਪਤਾਲ ਤੋਂ ਨਹੀਂ ਸੀ ਮੁੜਿਆ। ਡਿੱਗਦੀ ਢਹਿੰਦੀ ਵਸੁਧਾ ਕਿਸੇ ਤਰ੍ਹਾਂ ਉੱਠੀ। ਬਾਹਰ ਆਈ ਤਾਂ ਹੈਰਾਨੀ ਨਾਲ ਵੇਖਿਆ ਕੰਚਨ ਖੜੀ ਹੈ।

"ਕੰਚੀ, ਤੂੰ ਆ ਗਈ?"ਵਸੁਧਾ ਲਿਪਟ ਗਈ ਉਸਨੂੰ"ਕਿੱਥੇ ਚਲੀ ਗਈ ਸੀ ਤੂੰ?"ਉਸਦਾ ਗਲਾ ਭਰ ਆਇਆ।

ਮਾਂ ਦੇ ਹੱਥ ਚੋਂ ਖੰਡ ਵਾਲਾ ਲਿਫ਼ਾਫਾ ਪਤਾ ਨਹੀਂ ਕਿੱਥੇ ਡਿਗ ਪਿਆ ਕੰਚਨ ਨੂੰ ਬਾਹਵਾਂ ਵਿਚ ਲੈ ਕੇ ਉਹ ਜ਼ੋਰ ਦੀ ਰੋ ਪਈ।

ਆਂਢ ਗੁਆਂਢ ਦੀਆਂ ਔਰਤਾਂ ਤੇ ਬੱਚੇ ਇਕੱਠੇ ਹੋ ਗਏ। ਪਲ ਭਰ 'ਚ ਸਾਰੇ ਮੁਹੱਲੇ ਵਿਚ ਇਹ ਗੱਲ ਫੈਲ ਗਈ ਕਿ ਕੰਚੋ ਜਿਉਂਦੀ ਹੈ। ਘਰ ਆ ਗਈ ਹੈ।

ਕੰਚਨ ਦੀ ਸੋਨੇ ਵਰਗੀ ਦੇਹ ਦਾ ਰੰਗ ਹੀ ਬਦਲ ਗਿਆ ਸੀ। ਬਿਲਕੁਲ ਸਾਉਲਾ ਸਾਉਲਾ ਲੱਗਦਾ। ਚੇਹਰੇ ਤੇ ਛਾਈਆਂ ਪੈ ਗਈਆਂ ਸਨ। ਸਾਰਾ ਸਰੀਰ ਮੁਰਦਾ ਜਿਹਾ, ਜਿਵੇਂ ਲੰਬੀ ਬਿਮਾਰੀ ਤੋਂ ਹੁਣੇ ਹੁਣੇ ਉਠ ਕੇ ਆਈ ਹੋਵੇ।

ਮਾਂ ਉਸਦਾ ਹੱਥ ਫੜ ਕੇ ਅੰਦਰ ਲੈ ਗਈ ਤੇ ਸੋਫ਼ੇ ਤੇ ਉਸਨੂੰ ਲਿਟਾ ਦਿੱਤਾ। ਰਾਤ ਨੂੰ ਕੰਚਨ ਨੇ ਜਿਹੜੀਆਂ ਜਿਹੜੀਆਂ ਘਟਨਾਵਾਂ ਸੁਣਾਈਆਂ ਉਹ ਲੂੰ ਕੰਡਿਆ ਦੇਣ ਵਾਲੀਆਂ ਸਨ।

ਕੰਚਨ ਨੇ ਦੱਸਿਆ ਕਿ ਉਸ ਰਾਤ ਪਤਾ ਨਹੀਂ ਕੀ ਹੋ ਗਿਆ ਸੀ ਉਸਨੂੰ। ਸਵੇਰ ਦੀ ਗੱਡੀ ਵਿਚ ਦਿੱਲੀ ਵਾਪਸ ਮੁੜਨ ਦੀ ਸਲਾਹ ਸੀ। ਮਾਂ ਨੇ ਇਧਰ ਉਧਰ ਖਿਲਰਿਆ ਸਮਾਨ ਰਾਤ ਨੂੰ ਹੀ ਇੱਕਠਾ ਕਰ ਕੇ ਰੱਖ ਲਿਆ ਸੀ ਤਾਂ ਕਿ ਸਵੇਰੇ ਜਲਦੀ ਵਿਚ ਕੁਝ ਰਹਿ ਨਾ ਜਾਏ। ਰਾਤ ਨੂੰ ਬੜੇ ਅਜੀਬ ਅਜੀਬ ਜਿਹੇ ਸੁਪਨੇ ਆਉਂਦੇ ਰਹੇ। ਸੁਪਨੇ ਵਿਚ ਹੀ ਪਤਾ ਨਹੀਂ ਕਿਵੇਂ ਤੇ ਕੀ ਹੋਇਆ। ਦਰਵਾਜ਼ਾ ਖੋਹਲ ਕੇ ਉਹ ਬਾਹਰ ਨਿਕਲ ਆਈ ਅਤੇ ਪਤਾ ਨਹੀਂ ਕਿਧਰ ਤੁਰਨ ਲੱਗ ਪਈ। ਅਗਲੇ ਦਿਨ ਅੱਖ ਖੁਲ੍ਹੀ ਤਾਂ ਉਸਨੇ ਆਪਣੇ ਆਪ ਨੂੰ ਕਿਤੇ ਰੇਤ ਤੇ ਪਈ ਵੇਖਿਆ। ਕਈ ਅਣਜਾਣੇ, ਅਜਨਬੀ ਚਿਹਰੇ ਉਸਨੂੰ ਘੇਰੀਂ ਖੜ੍ਹੇ ਸਨ। ਹੋਸ਼ ਆਉਣ ਤੇ ਉਹ ਉਸਨੂੰ ਕਿਸੇ ਖੰਡਰ ਜਿਹੇ ਅਤੇ ਉਜਾੜ ਪਏ ਇੱਕ ਪੁਰਾਣੇ ਮਕਾਨ ਵਿਚ ਲੈ ਗਏ। ਫਿਰ ਥੋੜਾ ਜਿਹਾ ਗਰਮ ਦੁੱਧ ਪਿਆ ਕੇ ਉਹਨਾਂ ਨੇ ਉਸਨੂੰ ਇੱਕ ਮੰਜੇ ਤੇ ਸੁਆ ਦਿੱਤਾ।

ਦਿਨੇਂ ਜਦੋਂ ਅੱਖ ਖੁਲ੍ਹੀ ਤਾਂ ਬਾਹਰ ਆਉਂਣ ਲਈ ਉਸਨੇ ਦਰਵਾਜਾ ਖੋਲਣ ਦੀ ਕੋਸ਼ਿਸ਼ ਕੀਤੀ ਤਾਂ ਬਾਹਰੋਂ ਦਰਵਾਜਾ ਬੰਦ ਸੀ। ਕੋਈ ਖਿੜਕੀ ਵੀ ਨਹੀਂ ਸੀ। ਟੁੱਟੇ ਪੀਪੇ ਅਤੇ ਪੁਰਾਣੀਆਂ ਮੇਜ਼ ਕੁਰਸੀਆਂ ਦੇ ਟੁਕੜੇ ਖਿਲਰੇ ਪਏ ਸਨ। ਕੰਧ ਤੇ ਕਿਰਲੀਆਂ ਰੀਂਗ

ਰਹੀਆਂ ਸਨ। ਸਾਰੇ ਕਮਰੇ ਵਿੱਚ ਸਲ੍ਹਾਬ ਭਰੀ ਪਈ ਸੀ। ਕੋਲ ਹੀ ਮੰਜੇ ਦੇ ਪਾਵੇ ਕੋਲ ਇੱਕ ਮੈਲਾ ਜਿਹਾ ਕਾਲਾ ਘੜਾ ਪਿਆ ਸੀ।

ਕੰਚਨ ਦਾ ਸਾਹ ਘੁਟਣ ਲੱਗਿਆ। ਉਹ ਟੁੱਟੇ ਮੰਜੇ ਤੇ ਨਿਢਾਲ ਹੋ ਕੇ ਡਿੱਗ ਪਈ ਸੋਚਦੀ ਰਹੀ,"ਇਹ ਕੌਣ ਲੋਕ ਨੇ? ਇਹ ਸਭ ਕੀ ਹੈ? ਕਿਥੇ ਲੈ ਆਏ ਨੇ? ਉਸਦਾ ਹੁਣ ਕੀ ਹੋਏਗਾ? ਜੇ ਚੰਗੇ ਲੋਕ ਹੁੰਦੇ ਤਾਂ ਉਸਨੂੰ ਇਥੇ ਇਸ ਤਰ੍ਹਾਂ ਉਜਾੜ ਬੀਅਬਾਨਾਂ ਵਿਚ ਕਿਉਂ ਸੁੱਟ ਦਿੰਦੇ।"

ਡਰ ਨਾਲ ਉਹ ਕੰਬਣ ਲੱਗੀ। ਬੁੱਲ ਸੁੱਕ ਗਏ। ਸਰੀਰ 'ਚ ਏਨੀ ਤਾਕਤ ਨਹੀਂ
ਸੀ ਕਿ ਸੌਖੀ ਤਰ੍ਹਾਂ ਫਿਰ ਵੀ ਸਕਦੀ।

ਉਸਨੇ ਘੜੇ ਚੋਂ ਚੁਲੀ 'ਚ ਪਾਣੀ ਭਰ ਕੇ ਪੀਣਾ ਚਾਹਿਆ ਪਰ ਅਜੀਬ ਜਿਹੀ ਬਦਬੋਂ ਆ ਰਹੀ ਸੀ। ਪਤਾ ਨਹੀਂ ਕਿੰਨੇ ਦਿਨ ਦਾ ਸੜਿਆ ਪਿਆ ਸੀ।

ਰਾਤ ਨੂੰ ਹਨੇਰੇ ਵਿਚ ਦੋ ਡਰਾਉਣੀ ਸ਼ਕਲ ਦੇ ਆਦਮੀ ਆਏ ਅਤੇ ਇੱਕ। ਥਾਲੀ ਵਿਚ ਕੁਝ ਖਾਣਾ ਸੁੱਟ ਕੇ ਚਲੇ ਗਏ। ਜਾਂਦੇ ਵੇਲੇ ਚੇਤਾਵਨੀ ਦੇ ਗਏ- ਚੀਕਣ ਦੀ ਕੋਸ਼ਿਸ਼ ਨਾ ਕਰੀਂ ਨਹੀਂ ਤਾਂ ਟੁਕੜੇ ਟੁਕੜੇ ਕਰ ਦਿਆਂਗੇ।

ਬਾਹਰ ਉਸੇ ਤਰ੍ਹਾਂ ਫੇਰ ਜਿੰਦਰਾ ਲਟਕ ਗਿਆ। ਭੁੱਖ ਨਾਲ ਉਹ ਬੇਹਾਲ ਹੋਈ ਪਈ ਸੀ। ਪਰ ਰੋਟੀ ਦੀ ਬੁਰਕੀ ਤੋੜਦੇ ਸਮੇਂ ਹੱਥ ਕੰਬਣ ਲੱਗੇ। ਬੁਰਕੀ ਗਲੇ 'ਚੋਂ ਲੰਘਦੀ ਨਹੀਂ ਸੀ। ਖਾਧਾ-ਅਣਖਾਧਾ ਕਰਕੇ ਉਹ ਉਵੇਂ ਹੀ ਮੰਜੇ ਤੇ ਬੈਠ ਗਈ। ਲਕੜੀਆਂ ਦੇ ਢੇਰ ਵਿਚੋਂ ਖੜ ਖੜ ਦੀ ਆਵਾਜ਼ ਆਉਂਦੀ। ਸ਼ਾਇਦ ਚੂਹੇ ਭੱਜ ਨੱਸ ਰਹੇ ਸਨ।

ਚਾਰੋਂ ਪਾਸੇ ਘੁੱਪ ਹਨੇਰਾ।

ਚੀਕਣ ਲਈ ਦਿਲ ਕੀਤਾ ਪਰ ਗਲੇ ਚੋਂ ਸ਼ਬਦ ਬਾਹਰ ਨਹੀਂ ਨਿਕਲਿਆ।

ਦੂਰ ਕਿਤੇ ਬਾਹਰ ਟਰੱਕਾਂ ਦੇ ਚਲਣ ਦੀ ਆਵਾਜ਼ ਸੁਣਾਈ ਦੇ ਰਹੀ ਸੀ।

ਕੰਚਨ ਬੈਠੀ ਬੈਠੀ ਊਂਘਣ ਲੱਗੀ ਕਿ ਬਾਹਰ ਵਰਾਂਡੇ ਵਿਚ ਪੈਰਾਂ ਦੀ ਆਵਾਜ਼ ਆਈ। ਫੇਰ ਕੁੰਡਾ ਖੜਕਿਆ ਅਤੇ ਕਈ ਲੋਕ ਅੰਦਰ ਵੜ ਆਏ।

ਦਰਵਾਜੇ ਤੇ ਹੁਣ ਅੰਦਰੋਂ ਜਿੰਦਰਾ ਲਾ ਦਿੱਤਾ ਗਿਆ।

ਕੁਝ ਦੇਰ ਉਹ ਲੋਕ ਖੜ੍ਹੇ ਖੜ੍ਹੇ ਗੱਲਾਂ ਕਰਦੇ ਰਹੇ। ਉਸ ਤੋਂ ਪਤਾ ਨਹੀਂ ਕੀ ਕੀ ਪੁੱਛਦੇ ਰਹੇ। ਫੇਰ ਥੋੜੀ ਦੇਰ ਬਾਅਦ ਉਹ ਪਸ਼ੂਪੁਣੇ ਤੇ ਉਤਰ ਆਏ। ਨਸ਼ੇ ਵਿਚ ਧੁੱਤ ਉਹਨਾਂ ਨੇ ਕੰਚਨ ਦੇ ਕੱਪੜੇ ਲਾਹੁਣੇ-ਪਾੜ੍ਹਨੇ ਸ਼ੁਰੂ ਕਰ ਦਿੱਤੇ। ਕੰਚਨ ਪਿਛੇ ਹਟਦੀ ਹਟਦੀ ਲੱਕੜੀਆਂ ਦੇ ਢੇਰ ਤੇ ਜਾ ਡਿੱਗੀ ਸਾਰਾ ਸਰੀਰ ਲਹੂ ਲੁਹਾਣ ਹੋ ਗਿਆ।

ਏਨੇ ਸਾਰੇ ਪਸ਼ੂਆਂ ਦਾ ਉਹ ਇਕੱਲੀ ਮੁਕਾਬਲਾ ਵੀ ਕਿਵੇਂ ਕਰਦੀ। ਆਖਿਰ ਇੱਕ ਜਾਣੇ ਨੇ ਗੁੱਸੇ 'ਚ ਆ ਕੇ ਉਸਨੂੰ ਫਰਸ਼ ਤੇ ਚੁੱਕਕੇ ਮਾਰਿਆ ਅਤੇ ਮੂੰਹ ਵਿਚ ਕੱਪੜਾ ਤੁੰਨ ਦਿੱਤਾ।

ਕੰਚਨ ਦੀ ਪਤਲੀ ਦੇਹ ਪੀਲੇ ਪੱਤੇ ਵਾਂਗੂੰ ਥਰ ਥਰ ਕੰਬਣ ਲੱਗੀ। ਉਸ ਦੇ ਹੱਥ ਪੈਰ ਹੌਲੀ ਹੌਲੀ ਢਿੱਲੇ ਪੈ ਗਏ। ਹੁਣ ਉਸ ਵਿਚ ਇੰਨੀ ਤਾਕਤ ਨਹੀਂ ਸੀ ਬਚੀ ਕਿ ਉਹ ਭੋਰਾ ਵੀ ਵਿਰੋਧ ਕਰ ਸਕੇ।

ਚੀਕਦੀ ਵਿਲਕਦੀ, ਛਟਪਟਾਉਂਦੀ -ਕੰਬਦੀ ਆਖਿਰ ਉਹ ਮਰੀ ਹੋਈ ਚਿੜੀ ਵਾਂਗੂੰ ਨਿਢਾਲ ਹੋ ਗਈ। ਅਸਹਿ ਦਰਦ ਨਾਲ ਉਸਦਾ ਰੋਮ ਰੋਮ ਦੁਖਣ ਲੱਗਿਆ ਅਤੇ ਅੰਤ ਉਹ ਬੇਹੋਸ਼ ਹੋ ਗਈ।

ਸਵੇਰੇ ਉਸਤੋਂ ਉਠਣਾ ਤਾਂ ਦੂਰ ਹਿੱਲਿਆ ਤੱਕ ਨਹੀਂ ਸੀ ਜਾ ਰਿਹਾ। ਮੰਜੇ ਦੀ ਬਾਹੀ ਤੇ ਸਿਰ ਮਾਰ ਕੇ ਉਹ ਫੁੱਟ ਫੁੱਟ ਕੇ ਰੋ ਪਈ।

ਤਿੰਨ ਚਾਰ ਦਿਨ ਉਸਨੂੰ ਉਥੇ ਰੱਖਣ ਮਗਰੋਂ ਇੱਕ ਰਾਤ ਬਾਹਰ ਇੱਕ ਟਰੱਕ ਆ ਖੜ੍ਹਾ ਹੋਇਆ। ਮੂੰਹ ਤੇ ਪੱਟੀ ਬੰਨ ਕੇ, ਦੋਵੇਂ ਹੱਥ ਰੱਸੀਆਂ ਨਾਲ ਨੂੜ ਕੇ ਅਤੇ ਉਤੋਂ ਕਾਲਾ ਬੁਰਕਾ ਪੁਆ ਕੇ ਉਹਨਾਂ ਨੇ ਟਰੱਕ ਵਿਚ, ਉਸਨੂੰ ਸਮਾਨ ਦੇ ਖਾਲੀ ਬੋਰਿਆਂ ਦੇ ਵਿਚਾਲੇ ਸੁੱਟ ਦਿੱਤਾ।

ਰਾਤ ਭਰ ਪਤਾ ਨਹੀਂ ਟਰੱਕ ਕਿਸ ਪਾਸੇ ਵੱਲ ਚੱਲਦਾ ਰਿਹਾ। ਸਵੇਰੇ ਸੂਰਜ ਉੱਗਣ ਤੋਂ ਪਹਿਲਾਂ ਟਰੱਕ ਇੱਕ ਗੰਦੀ ਬਸਤੀ ਵਿਚ ਜਾ ਕੇ ਰੁਕਿਆ ਅਤੇ ਕੰਚਨ ਨੂੰ ਉਵੇਂ ਹੀ ਕਿਸੇ ਬੋਰੇ ਵਾਂਗੂੰ ਚੁੱਕ ਕੇ ਸਲ੍ਹਾਬੇ ਅਤੇ ਹਨੇਰੇ ਜਿਹੇ ਤਹਿਖਾਨੇ ਵਿਚ ਸੁੱਟ ਦਿੱਤਾ ਗਿਆ।

ਪੰਜ ਸੱਤ ਦਿਨ ਉਸਨੂੰ ਉੱਥੇ ਰੱਖਿਆ ਗਿਆ। ਢਿੱਡ ਭਰ ਕੇ ਖਾਣਾ ਖਾਣ ਲਈ ਦਿੱਤਾ ਗਿਆ। ਨਵੀਂ ਚੁੰਨੀ ਅਤੇ ਸ਼ਾਲ ਲਿਆਂਦੀ ਗਈ। ਨੱਕ ਵਿਚ ਇਕ 'ਵੱਡੀ ਸਾਰੀ ਨੱਥ ਵੀ ਪਾ ਦਿੱਤੀ ਗਈ।

ਰੋਜ਼ ਵੰਨ ਸੁਵੰਨੇ ਲੋਕ ਆਉਂਦੇ ਅਤੇ ਦੇਖ ਕੇ ਚਲੇ ਜਾਂਦੇ।

ਰਾਤ ਨੂੰ ਸਾਰਾ ਕੁਝ ਫੇਰ ਉਵੇਂ ਦੁਹਰਾਇਆ ਜਾਂਦਾ। ਛਾਂਟਿਆਂ ਦੀ ਮਾਰ ਨਾਲ ਸਰੀਰ ਤੇ ਨੀਲੀਆਂ ਧਰੀਆਂ ਉਭਰ ਆਈਆਂ ਸਨ।

ਕੁਝ ਦਿਨਾਂ ਮਗਰੋਂ ਇਥੋਂ ਫੇਰ ਰਾਤੋ ਰਾਤ ਕਿਸੇ ਦੂ ਜੇ ਕਸਬੇ ਵਿਚ ਲਿਜਾਇਆ ਗਿਆ। ਪਤਾ ਨਹੀਂ ਇਸ ਤਰ੍ਹਾਂ ਕਿੰਨੇ ਸ਼ਹਿਰਾਂ ਵਿਚ ਉਸਨੂੰ ਘੁਮਾਉਂਦੇ ਰਹੇ।

ਬਦਬੂਦਾਰ-ਗੰਦੀਆਂ ਕੋਠੜੀਆਂ, ਤਹਿਖਾਨੇ, ਬਚਿਆ ਖੁਚਿਆ ਜੂਠਾ ਖਾਣਾ- ਉਹ ਵੀ ਠੀਕ ਸਮੇ ਤੇ ਨਹੀਂ। ਉਪਰੋਂ ਵੇਲੇ ਕੁਵੇਲੇ ਛੁਰੇ ਵਿਖਾ ਵਿਖਾ ਕੇ ਬਲਾਤਕਾਰ।

ਕੰਚਨ ਦਾ ਚਿਹਰਾ ਹੀ ਬਦਲ ਗਿਆ ਸੀ। ਉਹ ਸਮਝ ਗਈ ਸੀ ਕਿ ਉਹ ਔਰਤਾਂ ਦਾ ਵਪਾਰ ਕਰਨ ਵਾਲੇ ਗ੍ਰੋਹ ਵਿਚ ਆ ਫਸੀ ਹੈ-ਜਿਸ ਦੀ ਚੁੰਗਲ 'ਚੋਂ ਬਚ ਕੇ ਭੱਜਣ ਦਾ ਹੁਣ ਕੋਈ ਰਾਸਤਾ ਨਹੀਂ ਸੀ।

ਅੰਤ ਵਿਚ ਉਸਨੂੰ ਉਹ ਲੋਕ ਹਾਪੁੜ ਲੈ ਆਏ। ਕਿਥੇ ਠੀਕ ਮੁੱਲ -ਭਾਅ ਹੋਣ ਤੋਂ ਬਾਅਦ ਉਸਨੂੰ ਭੁਪਾਲ ਭੇਜਣ ਦੀ ਯੋਜਨਾ ਬਣ ਰਹੀ ਸੀ ਕਿ ਮੌਕਾ ਮਿਲਦੇ ਹੀ ਉਸਨੇ ਰਾਤ ਨੂੰ ਖਿੜਕੀ ਦਾ ਢਿੱਲਾ ਸਰੀਆ ਕੱਢ ਕੇ ਹਨੇਰੇ ਵਿਚ ਬਾਹਰ ਛਾਲ ਮਾਰੀ ਅਤੇ ਲੁਕਦੀ ਲੁਕਾਉਂਦੀ ਕਿਸੇ ਤਰ੍ਹਾਂ ਇੱਥੇ ਆ ਪੁੱਜੀ।

ਵਸੁਧਾ ਦੀਆਂ ਅੱਖਾਂ ਚੋਂ ਅੱਥਰੂ ਵਹਿ ਰਹਿ ਸਨ। ਮਾਂ ਸਿਸਕ ਰਹੀ ਸੀ। ਥੱਲੇ ਫਰਸ਼ ਤੇ ਬੈਠਾ ਮੀਚੇ ਰੋ ਰਿਹਾ ਸੀ।

"ਫਿਰ ਉਹ ਚਿਟ ਕਿਉਂ ਲਿਖਕੇ ਰੱਖ ਗਈ ਸੀ ਸਰ੍ਹਾਣੇ?"ਵਸੁਧਾ ਨੇ ਪੁੱਛਿਆ ਤਾਂ ਕੰਚਨ ਹੈਰਾਨੀ ਨਾਲ ਬੋਲੀ,"ਮੈਂ ਤਾਂ ਕੋਈ ਚਿਟ ਨਹੀਂ ਸੀ ਰੱਖੀ। ਸਰ੍ਹਾਣੇ ਤਾਂ ਸਿਰਫ ਡਾਕਟਰ ਦਾ ਪ੍ਰੈਸਕ੍ਰਿਪਸ਼ਨ ਸੀ।”

"ਜੋ ਹੋ ਗਿਆ ਉਸਨੂੰ ਹੁਣ ਭੁੱਲਣ ਦੀ ਕੋਸ਼ਿਸ਼ ਕਰ, ਕੰਚੋ।"ਵਸੁਧਾ ਬਾਹਰ ਸੜਕ ਉਤੇ ਖੰਭੇ ਤੇ ਬਲਦੇ ਬਲਬ ਵੱਲ ਵੇਖਦੀ, ਉਦਾਸੀ ਵਿਚ ਡੁੱਬਦੀ ਤੈਰਦੀ ਬੋਲੀ,

"ਅਤੇ ਹੁਣ ਸਭ ਕੁਝ ਨਵੇਂ ਸਿਰੇ ਤੋਂ ਸੋਚ। ਇਹ ਗੱਲ ਬਾਹਰ ਕਿਸੇ ਨੂੰ ਨਾ ਦੱਸੀ। ਕੋਈ ਪੁੱਛੇ ਤਾਂ ਕਹਿ ਦੇਵੀਂ ਕਿ ਡੇਹਰਾਦੂਨ ਆਪਣੀ ਸਹੇਲੀ ਦੇ ਘਰੇ ਗਈ ਸੀ, ਝਾਈ ਜੀ ਨਾਲ ਰੁੱਸ ਕੇ। ਉਥੋਂ ਹੀ ਬਿਮਾਰ ਹੋ ਗਈ ਸੀ, ਹੁਣ ਕੁਝ ਠੀਕ ਹੋਣ ਤੇ ਸਹੇਲੀ ਨੇ ਸਮਝਾ ਬੁਝਾ ਕੇ ਵਾਪਸ ਘੱਲਿਆ ਹੈ।

000

ਇਸ ਘਟਨਾ, ਯਾਨੀ ਦੁਰਘਟਨਾ ਤੋਂ ਮਗਰੋਂ ਕੰਚਨ ਬੜਾ ਬਦਲ ਗਈ। ਪੁਰਾਣੇ ਸਾਰੇ ਰੰਗ ਢੰਗ ਹੀ ਬਦਲ ਗਏ। ਕਾਲਜ ਚੋਂ ਨਾ ਕੱਟਿਆ ਗਿਆ ਸੀ। ਹਾਜ਼ਰੀਆਂ ਵੀ ਬਹੁਤ ਘਟ ਗਈਆਂ ਸਨ। ਇਸ ਲਈ ਉਹ ਪ੍ਰਾਈਵੇਟ ਇਮਤਿਹਾਨ ਦੇਣ ਦੀ ਤਿਆਰੀ ਕਰਨ ਲੱਗੀ। ਦਿਨ ਰਾਤ ਆਪਣੇ ਕਮਰੇ ਵਿਚ ਬੰਦ ਰਹਿੰਦੀ। ਬਾਹਰ ਨਿਕਲਣਾ ਤੱਕ ਉਸਨੇ ਤਿਆਗ ਦਿੱਤਾ ਵਸੁਧਾ ਦੀ ਸਿਹਤ ਵਿਚ ਵੀ ਕੁਝ ਸੁਧਾਰ ਆਇਆ ਸੀ। ਉਸਨੇ ਦਫਤਰ ਜਾਣਾ ਸ਼ੁਰੂ ਕਰ ਦਿੱਤਾ ਸੀ। ਮਾਂ ਨੂੰ ਵੀ ਉਸਨੇ ਕਹਿ ਦਿੱਤਾ ਸੀ ਕਿ ਕਿਤੇ ਕੋਈ ਚੰਗਾ ਜਿਹਾ ਮੁੰਡਾ ਮਿਲ ਜਾਏ ਤਾਂ ਕੰਚੋ ਦਾ ਵਿਆਹ ਕਰ ਦੇਣਾ ਠੀਕ ਹੈ। ਨਹੀਂ ਤਾਂ ਅੱਗੇ ਹੋਰ ਸਿਆਪੇ ਖੜ੍ਹੇ ਹੋ ਜਾਣਗੇ। ਕੱਚੀ ਉਮਰ ਵਿਚ ਗਲਤੀ ਨਾਲ ਜੋ ਹੋ ਗਿਆ, ਹੋ ਗਿਆ। ਵਿਆਹ ਤੋਂ ਮਗਰੋਂ ਔਰਤ ਦੀ ਨਵੀਂ ਜਿੰਦਗੀ ਸ਼ੁਰੂ ਹੁੰਦੀ ਹੈ। ਇਹ ਨੂੰ ਚੰਗਾ ਜਿਹਾ ਘਰ ਮਿਲ ਜਾਏ, ਸਾਡੇ ਲਈ ਇਹੀ ਬੜਾ ਹੈ।

ਬਠਿੰਡੇ ਮਾਮਾ ਜੀ ਨੂੰ ਲਿਖ ਦਿੱਤਾ ਸੀ। ਰਾਜੌਰੀ ਗਾਰਡਨ ਵਿਚ ਮਾਸੜ ਜੀ ਵੀ ਕੋਸ਼ਿਸ਼ ਵਿਚ ਲੱਗੇ ਸਨ। ਬੁਲੰਦ ਸ਼ਹਿਰ ਵਿਚ ਵੀ ਕੁਝ ਦੂਰ ਦੇ ਰਿਸ਼ਤੇਦਾਰ ਸਨ।

ਭੱਜ ਦੌੜ ਕਾਫ਼ੀ ਹੋ ਰਹੀ ਸੀ ਪਰ ਕਿਤੇ ਵੀ ਠੀਕ ਢੰਗ ਨਾਲ ਗੱਲ ਬਣ ਨਹੀਂ ਸੀ ਰਹੀ।

ਸਰਦੀਆਂ ਵਿਚ ਮਾਮਾ ਜੀ ਬਠਿੰਡਾ ਤੋਂ ਛੱਬੀ ਜਨਵਰੀ ਵੇਖਣ ਪਰਿਵਾਰ ਸਮੇਤ ਆਏ। ਸੱਤ ਅੱਠ ਦਿਨ ਦਿੱਲੀ ਰਹੇ। ਉਹਨਾਂ ਨੇ ਦੱਸਿਆ ਕਿ ਲਾਹੌਰ ਦੇ ਰਾਇਬਹਾਦਰ ਰੱਤੀ ਰਾਮ ਦੇ ਖਾਨਦਾਨ ਦੇ ਕੁਝ ਲੋਕ ਲਖਨਊ ਵਿਚ ਹਨ। ਬਿਜ਼ਨਸ ਕਰਦੇ ਨੇ ਉਹਨਾਂ ਨਾਲ ਵਿਆਹ ਸ਼ਾਦੀ ਵੰਡ ਤੋਂ ਪਹਿਲਾਂ ਦੀ ਚਲਦੀ ਹੈ। ਜੇ ਉਹ ਲੋਕ ਰਾਜ਼ੀ ਹੋ ਜਾਣ ਤਾਂ ਬੜਾ ਵਧੀਆ ਰਹੇ। ਅਮੀਨਾਬਾਦ ਵਿਚ ਆਪਣੀ ਦੁਕਾਨ ਹੈ।

ਡਾਲੀਗੰਜ ਵਿਚ ਆਪਣਾ ਮਕਾਨ। ਉਹਨਾਂ ਦੇ ਪਰਿਵਾਰ ਦੇ ਕੁਝ ਲੋਕ ਗੰਗਾਨਗਰ ਰਹਿੰਦੇ ਨੇ। ਇਹਨਾਂ ਨੂੰ ਵਿਚ ਪਾ ਕੇ ਗੱਲ ਚਲਾਈ ਜਾ ਸਕਦੀ ਹੈ।

ਦਿੱਲੀ ਤੋਂ ਮੁੜਨ ਮਗਰੋਂ ਉਹਨਾਂ ਨੇ ਕਈ ਥਾਂ ਲਿਖਾ-ਪੜ੍ਹੀ ਵੀ ਸ਼ੁਰੂ ਕਰ ਦਿੱਤੀ।

ਤਿੰਨ ਚਾਰ ਮਹੀਨੇ ਮਗਰੋਂ ਉਹਨਾਂ ਦਾ ਖਤ ਆਇਆ ਕਿ ਕੰਚੋ ਨੂੰ ਨਾਲ ਲੈ ਕੇ ਲਖਨਊ ਆ ਜਾਉ। ਕੁੜੀ ਮੁੰਡਾ ਇੱਕ ਦੂਜੇ ਨੂੰ ਦੇਖ ਲੈਣ ਤਾਂ ਠੀਕ ਰਹੇਗਾ।

ਵਸੁਧਾ ਕੰਚਨ ਨੂੰ ਨਾਲ ਲੈ ਕੇ ਲਖਨਊ ਗਈ। ਕੁੜੀ ਸਾਰਿਆਂ ਨੂੰ ਪਸੰਦ ਆ ਗਈ ਅਤੇ ਛੇਤੀ ਗਰਮੀਆਂ ਵਿਚ ਹੀ ਇੱਕ ਤਰੀਕ ਪੱਕੀ ਕਰ ਦਿੱਤੀ ਗਈ।

ਵਿਆਹ ਪੱਕਾ ਹੋ ਜਾਣ ਦੀ ਗੱਲ ਨਾਲ ਜਿੱਥੇ ਵਸੁਧਾ ਨੂੰ ਖੁਸ਼ੀ ਸੀ ਉਥੇ ਪ੍ਰੇਸ਼ਾਨੀ ਵੀ ਘੱਟ ਨਹੀਂ ਸੀ। ਹਜ਼ਾਰਾਂ ਦਾ ਖਰਚਾ ਸੀ ਤੇ ਕੋਲ ਧੇਲਾ ਨਹੀਂ।

ਘਰ ਵੀ ਇਹੋ-ਜਿਹਾ ਕੁਝ ਨਹੀਂ ਸੀ ਜਿਹੜਾ ਮਾੜੇਵੇਲੇ ਕੰਮ ਆ ਸਕਦਾ। ਉਲਟਾ ਪਿਤਾ ਜੀ ਦੀ ਬਿਮਾਰੀ ਅਤੇ ਕੰਚਨ ਦੇ ਲਾਪਤਾ ਹੋਣ ਨਾਲ ਹਜ਼ਾਰ-ਪੰਜ ਸੌ ਦਾ ਸਿਰ ਕਰਜ਼ਾ ਹੀ ਚੜ੍ਹ ਗਿਆ ਸੀ।

ਦਫ਼ਤਰ ਵਿਚ ਪ੍ਰਾਈਡੈਂਟ ਫੰਡ ਚੋਂ ਕੁਝ ਰੁਪਏ ਉਸਨੇ ਕਿਸੇ ਤਰ੍ਹਾਂ ਕਢਵਾਏ ਸਨ, ਪਰ ਉਨੇ ਨਾਲ ਕੀ ਬਣਦਾ ਹੈ?

ਇੱਕ ਦਿਨ ਉਸਨੇ ਕੁਮਾਰ ਨਾਲ ਗੱਲ ਕੀਤੀ ਤਾਂ ਉਹ ਬੋਲਿਆ,"ਚਾਵਲਾ ਤੋਂ ਕਿਉਂ ਨਹੀਂ ਲੈ ਲੈਂਦੀ? ਇੰਟਰੈਸਟ ਤੇ ਉਸਨੇ ਕਿੰਨਿਆਂ ਨੂੰ ਦਿੱਤਾ ਹੈ। ਇੰਸਟਾਲਮੈਂਟਸ ਤੇ ਹੌਲੀ ਹੌਲੀ ਲਾਹੁੰਦੀ ਰਹੀਂ।"

ਚਾਵਲਾ ਉਸੇ ਦਫ਼ਤਰ ਵਿਚ ਐਸਟੇਬਲਿਸ਼ਮੈਂਟ ਅਫਸਰ ਸੀ। ਕਾਂ ਵਰਗੀਆਂ ਛੋਟੀਆਂ ਛੋਟੀਆਂ ਅੱਖਾਂ। ਘੁੱਟ ਕੇ ਮੀਚੇ ਬੁੱਲ੍ਹ। ਦੇਖਣ ਨੂੰ ਹੀ ਲੱਗਦਾ ਕਿ ਮੱਕਾਰ ਹੈ। ਉਤੋਂ ਦਿਨ ਰਾਤ ਕਾਲੀ ਐਨਕ ਲਾਉਂਦਾ ਤਾਂ ਹੋਰ ਵੀ ਰਹੱਸਮਈ ਲੱਗਦਾ।

ਇੱਕ ਦਿਨ ਲੰਚ ਵੇਲੇ ਵਸੁਧਾ ਉਸ ਦੇ ਕੋਲ ਗਈ। ਸਾਰੀ ਸਥਿਤੀ ਉਸਨੇ ਵਿਸਤਾਰ ਨਾਲ ਦੱਸੀ।

'ਇਸ ਸਮੇਂ ਤਾਂ ਸਿੰਗਲ ਪੈਨੀ ਨਹੀਂ ਮਿਸ"ਡੂੰਘੀ ਹਮਦਰਦੀ ਦੇ ਭਾਵ ਚਿਹਰੇ ਤੇ, ਲਿਆਕੇ ਚਾਵਲਾ ਬੋਲਿਆ, ਤੁਹਾਨੂੰ ਬਹੁਤ ਹੀ ਜ਼ਰੂਰਤ ਹੈ ਤਾਂ ਮੈਂ ਕਿਸੇ ਤੋਂ ਆਪਣੇ ਬਿਹਾਫ ਤੋਂ ਲੈਕੇ ਅਰੈਂਜ ਕਰ ਦਿਆਂਗਾ। ਮੇਰਾ ਫਾਈਨਾਂਸਰ ਇਸ ਵੇਲੇ ਸ਼ਿਮਲਾ ਵਿਚ ਹੈ। ਚਾਹੋ ਤਾਂ ਤੁਸੀਂ ਮੇਰੇ ਨਾਲ ਉੱਥੇ ਚੱਲੋ। ਹੱਥੋ ਹੱਥੀ ਚੈਕ ਮਿਲ ਜਾਏਗਾ।"

“ਤੁਸੀਂ ਚਲੇ ਜਾਉ ਨਾ? ਉਥੋਂ ਬਾਈ ਪੋਸਟ ਡਿਸਪੈਚ ਕਰ ਦੇਣਾ।"ਵਸੁਧਾ ਹੈਰਾਨੀ ਨਾਲ ਬੋਲੀ,ਜਿਹੜਾ ਇੰਟਰੈਸਟ ਤੁਸੀਂ ਤੈਅ ਕਰੋਗੇ ਮੈਂ ਦੇ ਦਿਆਂਗੀ। ਇੰਸਟਾਲਮੈਂਟਸ ਦਾ ਵੀ ਡਿਸਾਈਡ ਕਰ ਲੈਣਾ। ਆਪਣੀ ਪੇ ਵਿਚੋਂ ਮੰਥਲੀ ਉਨਾ ਉਤਾਰ ਦਿਆਂਗੀ।

“ਪਰ ਕੀ ਇਉਂ ਨਹੀਂ ਹੋ ਸਕਦਾ ਤੁਸੀਂ ਮੈਰਿਜ ਹੀ ਬਿਲਕੁਲ ਸਿੰਪਲ ਕਰੋ। ਜਦੋਂ ਕੋਲੇ ਪੈਸੇ ਨਹੀਂ ਤਾਂ ਕੀ ਲੋੜ ਹੈ ਫਾਲਤੂ ਤੜਕ ਭੜਕ ਦੀ। ਹੁਣ ਤਾਂ ਦੋ ਚਾਰ ਰੁਪਏ ਦੀ ਕੋਰਟ ਫੀਸ ਉਤਾਰ ਕੇ ਅਦਾਲਤ ਵਿਚ ਵਿਆਹ ਹੋ ਰਹੇ ਨੇ।"ਇੱਕ ਦਮ ਪਾਸਾ ਬਦਲ ਕੇ ਚਾਵਲਾ ਬੋਲਿਆ।

ਤੁਹਾਡੀ ਗੱਲ ਠੀਕ ਹੈ ਮਿਸਟਰ ਚਾਵਲਾ ! ਮੈਂ ਵੀ ਫਾਲਤੂ ਖਰਚ ਦੇ ਹੱਕ ਵਿਚ ਨਹੀਂ ਪਰ ਕੀ ਕਰਾਂ ਮੁੰਡੇ ਵਾਲੇ ਸਿੰਪਲ ਮੈਰਿਜ ਦੀ ਗੱਲ ਮੰਨ ਹੀ ਨਹੀਂ ਰਹੇ। ਅਮੀਰ ਘਰਾਣਾ ਹੈ ਮੈਂ ਵੀ ਸੋਚਦੀ ਹਾਂ, ਮੇਰੇ ਥੋੜਾ ਜਿਹਾ ਦੁੱਖ ਸਹਿਣ ਨਾਲ ਸਿਸਟਰ ਦੀ ਜਿੰਦਗੀ ਬਣਦੀ ਹੈ ਤਾਂ ਚੰਗਾ ਹੈ। ਪੈਸੇ ਦਾ ਕੀ ਹੈ ਫੇਰ ਵੀ ਮੁੜਿਆ ਜਾ ਸਕਦਾ ਹੈ। ਪਰ ਚੰਗਾ ਮਨਪਸੰਦ ਘਰ ਮਿਲਣਾ ਅੱਜ ਕਲ੍ਹ ਕਿੰਨਾ ਔਖਾ ਹੈ-ਤੁਸੀਂ ਜਾਣਦੇ ਹੀ ਹੋ। ਔਖਾ ਨਹੀਂ ਬਲਕਿ ਸਮਝੋ, ਰਾਦਰ ਇੰਮਾਪਾਸੀਬਲ।"ਵਸੁਧਾ ਇਕੋ ਸਾਹ ਬੋਲ ਗਈ।

"ਜਦੋਂ ਸਿਸਟਰ ਲਈ ਏਨਾ ਕੁਝ ਕਰ ਰਹੇ ਹੋ ਤਾਂ ਕੁਝ ਹੋਰ ਵੀ ਕਸ਼ਟ ਕਰੋ।

ਮੈਨੂੰ ਇਕੱਲੇ ਜਾਣ ਵਿਚ ਕੋਈ ਇਤਰਾਜ਼ ਨਹੀਂ ਪਰ ਸਵਾਲ ਇਹ ਹੈ ਕਿ ਉਹ ਮੈਨੂੰ ਦਏਗਾ ਨਹੀਂ। ਮੈਂ ਉਸਤੇ ਪਹਿਲਾਂ ਬੜੇ ਪੈਸੇ ਲੈ ਚੁੱਕਿਆ ਹਾਂ। ਹੁਣ ਜਾਵਾਂਗਾ ਤਾਂ ਉਹ ਮੇਰੀ ਗੱਲ ਮੰਨਗਾ ਨਹੀਂ ਹਾਂ ਤੁਸੀਂ ਨਾਲ ਹੋਵੇਗੇ ਤਾਂ ਸ਼ਾਇਦ ਯਕੀਨ ਕਰ ਲਏਗਾ।"ਚਾਵਲਾ ਇੰਨਾ ਕਹਿ ਕੇ ਚੁੱਪ ਕਰ ਗਿਆ।

ਕੋਈ ਵੀ ਜੁਆਬ ਦਿੱਤੇ ਬਿਨਾ ਵਸੁਧਾ ਉਸ ਵੇਲੇ ਆ ਗਈ। ਬਾਅਦ ਵਿਚ ਸਾਰੀਆਂ ਗੱਲਾਂ ਬਾਰੇ ਦੇਰ ਤੱਕ ਸੋਚਦੀ ਰਹੀ। ਕਿਤੇ ਕੋਈ ਕਿਨਾਰਾ ਨਾ ਮਿਲਿਆ ਤਾਂ ਅਖੀਰ ਜਾਣਾ ਹੀ ਪਿਆ ਉਸਨੂੰ।

ਉਸਨੂੰ ਪਤਾ ਸੀ ਕਿ ਪੈਸੇ ਚਾਵਲਾ ਕੋਲ ਇਥੇ ਹੀ ਬੈਂਕ ਵਿਚ ਪਏ ਹਨ।

ਇਸ 'ਪਰ' ਦਾ ਉਸ ਕੋਲ ਕੋਈ ਉੱਤਰ ਨਹੀਂ ਸੀ। ਚਾਵਲਾ ਉਸਤੋਂ ਕੀ ਚਾਹੁੰਦਾ ਸੀ ਉਹ ਜਾਣਦੀ ਸੀ। ਰੁਪਏ ਲੈਣ ਦਾ ਅਰਥ ਸੀ ਚਾਵਲਾ ਦੀਆਂ ਸ਼ਰਤਾਂ ਪੂਰੀਆਂ ਕਰਨਾ।

ਵਸੁਧਾ ਪੂਰੇ ਚਾਰ ਦਿਨਾਂ ਮਗਰੋਂ ਸ਼ਿਮਲੇ ਤੋਂ ਵਾਪਸ ਮੁੜੀ। ਉਸਦੇ ਕੋਲ ਪਰਸ ਵਿਚ ਪੰਜ ਹਜ਼ਾਰ ਦੇ ਨੋਟ ਸਨ।

ਪਰ ਮਨ ਬੜਾ ਹੀ ਭਾਰਾ ਸੀ ਉਸਦਾ। ਦੁਨੀਆਂ ਤੋਂ ਹੀ ਇੱਕ ਤਰ੍ਹਾਂ ਦਿਲ ਮੁੜ ਜਿਹਾ ਗਿਆ ਸੀ। ਕੀ ਕੀ ਨਹੀਂ ਕਰਨਾ ਪੈਂਦਾ ਜਿਊਂਣ ਲਈ- ਸਾਰੇ ਢਾਂਚੇ ਨਾਲ ਹੀ ਉਸਨੂੰ ਨਫਰਤ ਹੋ ਗਈ ਸੀ। ਪਰ ਕੀ ਕਰਦੀ। ਕੰਚੋ ਦਾ ਭਵਿੱਖ ਹਮੇਸ਼ਾਂ ਸਾਹਮਣੇ ਆ ਜਾਂਦਾ।

ਪੀ.ਐਫ ਦੇ ਰੁਪਏ ਮਿਲਾ ਕੇ ਹੁਣ ਏਨਾ ਪ੍ਰਬੰਧ ਹੋ ਗਿਆ ਸੀ ਕਿ ਵਿਆਹ ਦਾ ਖਰਚਾ ਚਲ ਸਕਦਾ ਸੀ।

ਵਸੁਧਾ ਸਾਰੀਆਂ ਚੀਜ਼ਾਂ ਆਪ ਹੀ ਖਰੀਦ ਖਰੀਦ ਕੇ ਲਿਆ ਰਹੀ ਸੀ। ਜੇ ਉਸਦਾ ਆਪਣਾ ਵਿਆਹ ਹੁੰਦਾ ਤਾਂ ਉਹ ਠੀਕ ਇਹੋ ਜਿਹੀ, ਨਹੀਂ ਨਹੀਂ ਇਹੋ ਜਿਹੀ ਸਾੜ੍ਹੀ ਲੈਂਦੀ। ਗਹਿਣੇ ਵੀ ਉਸਨੂੰ ਕੁਝ ਖਾਸ ਤਰ੍ਹਾਂ ਦੇ ਪਸੰਦ ਸਨ। ਕੰਚਨ ਤੋਂ ਪੁੱਛੇ ਬਿਨਾਂ ਹੀ ਉਹ ਲੈ ਆਈ। ਸ਼ਾਇਦ ਆਪਣੇ ਵਿਆਹ ਤੇ ਵੀ ਇਹੋ ਜਿਹੇ ਹੀ ਖਰੀਦਦੀ।

ਕੰਚਨ ਜਦੋਂ ਸਜ ਸੰਵਰ ਕੇ ਬੈਠੀ ਤਾਂ ਵਸੁਧਾ ਨੂੰ ਲੱਗਿਆ ਜਿਵੇਂ ਸ਼ੀਸ਼ੇ ਵਿਚ ਉਹ ਆਪਣਾ ਹੀ ਪ੍ਰਛਾਵਾਂ ਦੇਖ ਰਹੀ ਹੈ।

ਕੰਚਨ ਡੋਲੀ 'ਚ ਬੈਠ ਕੇ ਜਦੋਂ ਚਲੀ ਗਈ ਤਾਂ ਉਸਨੂੰ ਲੱਗਿਆ ਕਿ ਉਸਦੇ ਅੰਦਰੋਂ ਵੀ ਇੱਕ ਵਸੁਧਾ ਘਰ ਛੱਡ ਕੇ ਚਲੀ ਗਈ ਸੀ। ਹੁਣ ਉਹ ਇੱਕਲੀ ਰਹਿ ਗਈ ਹੈ ਬਿਲਕੁਲ ਇੱਕਲੀ।

ਕਰਜ਼ੇ ਦੇ ਭਾਰ ਥੱਲੇ ਦੱਬੀ ਵੀ ਉਹ ਕਿੰਨਾ ਹਲਕਾਪਣ ਮਹਿਸੂਸ ਕਰ ਰਹੀ ਸੀ।

ਕਰੀਬ ਇਕ ਮਹੀਨੇ ਮਗਰੋਂ, ਕਸ਼ਮੀਰ ਵਿਚ ਹਨੀਮੂਨ ਮਨਾ ਕੇ ਜਦੋਂ ਕੰਚਨ ਦਿੱਲੀ ਹੋ ਕੇ ਵਾਪਸ ਮੁੜ ਰਹੀ ਸੀ ਤਾਂ ਵਸੁਧਾ ਉਸਨੂੰ ਸਟੇਸ਼ਨ ਤੇ ਮਿਲਣ ਗਈ ਸੀ। ਹੁਣ ਕੋਈ ਦੂਜੀ ਹੀ ਕੰਚਨ ਉਸਦੇ ਸਾਹਮਣੇ ਸੀ। ਚਮਕਦੇ ਚਿਹਰੇ ਵਿਚੋਂ ਖੁਸ਼ੀਆਂ ਡੁੱਲ ਡੁੱਲ ਪੈ ਰਹੀਆਂ ਸਨ। ਬੁੱਲ੍ਹਾਂ ਚੋਂ, ਅੱਖਾਂ ਚੋਂ, ਖੁਸ਼ੀ ਝਰ ਰਹੀ ਸੀ। ਕੰਚੋ ਦਾ ਰੋਮ ਰੋਮ ਮਹਿਕ ਰਿਹਾ ਸੀ। ਝਿਲਮਲਾਉਂਦੇ ਰੇਸ਼ਮੀ ਕੱਪੜਿਆਂ ਵਿਚੋਂ ਉਹ ਪਰੀਆਂ ਦੇ ਦੇਸ਼ ਦੀ ਰਾਜਕੁਮਾਰੀ ਵਾਂਗੂ ਲੱਗ ਰਹੀ ਸੀ।

ਦੇਰ ਤੱਕ ਉਸਨੂੰ ਰੱਜ ਕੇ ਵੇਖਦੀ ਰਹੀ ਵਸੁਧਾ। ਉਸਨੂੰ ਲੱਗਿਆ ਸ਼ਾਇਦ ਇਕ ਸੁਪਨਾ ਸੱਚ ਹੋ ਗਿਆ ਹੈ। ਅਤੇ ਉਸਦੀਆਂ ਅੱਖਾਂ ਖੁਸ਼ੀ ਦੇ ਅੱਥਰੂ ਭਰ ਆਏ।

000

ਦੀਵਾਲੀ ਦੇ ਦਿਨਾਂ ਵਿਚ ਵਸੁਧਾ ਨੇ ਉਸਨੂੰ ਘਰੇ ਬੁਲਾਇਆ,ਉਹ ਆਈ। ਉਸਨੂੰ ਬਾਹਾਂ ’ਚ ਲਈ ਵਸੁਧਾ ਕਿੰਨੀਆਂ ਸ਼ਿਕਾਇਤਾਂ ਕਰਦੀ ਰਹੀ।,“ਤੂੰ ਸਮੇਂ ਤੇ ਚਿੱਠੀ ਕਿਉਂ ਨਹੀਂ ਪਾਉਂਦੀ। ਕਦੇ ਦਫਤਰ ਵਿਚ ਟਰੰਕ ਕਾਲ ਹੀ ਕਰ ਲਿਆ ਕਰ। ਤੂੰ ਸੁਖੀ ਤਾਂ ਹੈਂ ਨਾ ! ਮੈਨੂੰ ਸਾਰਾ ਕੁਝ ਹੀ ਮਿਲ ਗਿਆ ਕੰਚੀ !"

“ਸਾਡਾ ਘਰ ਵੀ ਕਾਹਦਾ ਹੈ ਦੀਦੀ! ਪੂਰਾ, ਚਿੜੀਆ ਘਰ।"ਫਿਰ ਗੱਲਾਂ ਗੱਲਾਂ ਵਿਚ ਕੰਚਨ ਬੋਲੀ,"ਸੱਚੀ ਕਿਸੇ ਕੋਲ ਗੱਲ ਨਹੀਂ ਕਰਨੀ- ਮੇਰੇ ਸਹੁਰੇ ਦੇ ਸਬੰਧ ਜਠਾਣੀ ਨਾਲ ਨੇ। ਇੱਕ ਦਿਨ ਦੁਪਹਿਰ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਸੀ--------।"

'ਚੁੱਪ ਚੁੱਪ ਵਸੁਧਾ ਨੇ ਟੋਕਿਆ।'

“ਹਾਂ ਹਾਂ ਤੇਰੀ ਸੌਂਹ।"ਕੀ ਹੋਲ 'ਚੋਂ ਦੇਖਿਆ ਤੇ ਹਾਂ !"ਜਿਵੇਂ ਅਚਾਨਕ ਕੁਝ ਯਾਦ ਆ ਗਿਆ।"ਸਾਡੇ ਨਈਅਰ ਸਾਹਬ ਦਾ ਤਾਂ ਹਿਸਾਬ ਹੀ ਹੋਰ ਹੈ। ਸ਼ਰਾਬ ਪੀਣ ਅਤੇ ਕਲੱਬਾਂ ਵਿਚ ਘੁੰਮਣ ਤੋਂ ਹੀ ਉਹਨਾਂ ਨੂੰ ਫੁਰਸਤ ਨਹੀਂ। ਉਥੇ ਡਾਲੀਗੰਜ ਵਿਚ ਉਹਨਾਂ ਦੇ ਦੂਰ ਦੇ ਰਿਸ਼ਤੇ ਦੀ ਕੋਈ ਭਾਬੀ ਹੈ ਬੜੀ ਸੋਹਣੀ ਹੈ। ਪਤਾ ਲੱਗਿਆ ਹੈ ਕਿ ਸਾਹਬ ਦੀ ਅੱਧੀ ਆਮਦਨ ਤਾਂ ਉਥੇ ਚਲੀ ਜਾਂਦੀ ਹੈ। ਕਲੱਬਾਂ 'ਚ ਸੁਣਿਆ ਹੈ-ਛੋਕਰੀਆਂ ਪਾਲੀਆਂ ਹੋਈਆਂ ਨੇ। ਘਰ ਵਿਚ ਸਾਰਾ ਦਿਨ ਪਿਸਣ ਵਾਸਤੇ ਮੈਂ ਹਾਂ।

ਕਸ਼ਮੀਰ ਵਿਚ ਹੀ ਜਿੰਨਾ ਘੁਮਾ ਦਿੱਤਾ ਘੁਮਾ ਦਿੱਤਾ ਬਸ। ਹੁਣ ਤਾਂ ਕਿਤੇ ਲੈ ਕੇ ਜਾਣ ਦਾ ਨਾਂ ਤੱਕ ਨਹੀਂ ਲੈਂਦੇ-----।"

“ਚੁੱਪ, ਇਉਂ ਨਹੀਂ ਕਹਿੰਦੇ ਕੰਚੀ,"ਵਸੁਧਾ ਨੇ ਉਸ ਦੇ ਬੁੱਲਾਂ ਤੇ ਉਂਗਲੀਆਂ ਰੱਖ ਦਿੱਤੀਆਂ,"ਖੋਟ ਕੀਹਦੇ ਵਿਚ ਨਹੀਂ ਹੁੰਦਾ ਪਾਗਲ? ਕਿਸੇ ਦੀ ਬੁਰਾਈ ਨਹੀਂ, ਅੱਛਾਈ ਦੇਖ ਕੇ ਹੀ ਜਿੰਦਗੀ ਕੱਟਦੀ ਹੈ।”

ਕੰਚਨ ਚੁੱਪ ਹੋ ਗਈ ਪਰ ਵਸੁਧਾ ਉਸੇ ਤਰ੍ਹਾਂ ਸਮਝਾਉਂਦੀ ਰਹੀ,“ਤੂੰ ਨਹੀਂ ਜਾਣਦੀ ਸਹਿਣਸ਼ੀਲਤਾ ਨਾਲ ਹੀ ਜਿੰਦਗੀ ਚਲਦੀ ਹੈ। ਘਰ 'ਚ ਸਾਰਿਆਂ ਨਾਲ ਬਣਾ ਕੇ ਰੱਖਣੀ ਚਾਹੀਦੀ ਹੈ। ਬਜ਼ਾਰ 'ਚ ਘੁੰਮਣ ਫਿਰਨ ਦੀ ਤੈਨੂੰ ਕੀ ਲੋੜ ਹੈ। ਔਰਤ ਲਈ ਘਰ ਹੀ ਸਵਰਗ ਅਤੇ ਪਤੀ ਹੀ ਪ੍ਰਮਾਤਮਾ ਹੁੰਦਾ ਹੈ। ਕਦੇ ਵੀ ਏਧਰ ਉਧਰ ਨਾ ਵੇਖੀਂ ਕੌਣ ਕੀ ਕਰਦਾ ਹੈ ਤੈਨੂੰ ਇਹਦੇ ਨਾਲ ਕੀ -? ਹੁਣ ਕਦੇ ਤੇਰੇ ਬਾਰੇ ਕੁਝ ਸੁਣਿਆ ਤਾਂ ਯਾਦ ਰੱਖੀ ਮੈਂ ਜ਼ਹਿਰ ਖਾ ਲਵਾਂਗੀ।"

ਵਸੁਧਾ ਦਾ ਮਨ ਭਰ ਆਇਆ। ਵਸੁਧਾ ਨੇ ਹੁਣ ਆਪਣੇ ਸਾਰੇ ਖਰਚਾਂ ਵਿਚ ਕਮੀ ਕਰ ਦਿੱਤੀ ਸੀ। ਕਾਂਟੇ, ਗਲੇ ਦੀ ਚੈਨ, ਸਾਰੇ ਪਤਾ ਨਹੀਂ ਕਿਥੇ ਚਲੇ ਗਏ ਸਨ।

ਹਮੇਸ਼ਾਂ ਸਾਦੇ ਸਫੈਦ ਕੱਪੜਿਆਂ 'ਚ ਰਹਿੰਦੀ। ਘਰ ਦਾ ਖਰਚ ਅੱਧੇ ਤੋਂ ਵੀ ਘਟਾ ਦਿੱਤਾ। ਟੂਰ ਤੇ ਵੀ ਹੁਣ ਪਹਿਲਾਂ ਨਾਲੋਂ ਜਿਆਦਾ ਰਹਿੰਦੀ। ਆਏ ਦਿਨ ਦਫਤਰ ਵਿਚ ਓਵਰ ਟਾਈਮ ਲਾਉਂਦੀ। ਜਰੂਰਤ ਪੈਣ ਤੇ ਛੁੱਟੀ ਦੇ ਦਿਨ ਵੀ ਦਫਤਰ ਚਲੀ ਜਾਂਦੀ।

ਅੱਧੀ ਤੋਂ ਜ਼ਿਆਦਾ ਤਨਖਾਹ ਕਰਜ਼ਾ ਲਾਹੁਣ ਵਿਚ ਲੱਗ ਜਾਂਦੀ। ਪਰ ਇਹ ਸਭ ਕੁਝ ਦਾ ਉਹ ਨੂੰ ਭੋਰਾ ਵੀ ਰੰਜ ਨਹੀਂ ਸੀ। ਨਾ ਹੀ ਕਿਸੇ ਤਰ੍ਹਾਂ ਦਾ ਕੋਈ ਦੁੱਖ ਉਹਨੂੰ ਸਾੜਦਾ। ਸਾਰਾ ਦਿਨ ਹੱਸਦੀ ਖੇਡਦੀ ਉਹ ਕੰਮ ਵਿਚ ਲੱਗੀ ਰਹਿੰਦੀ।

(10)

ਡਾਲੀਗੰਜ ਦਾ ਇਹ ਦੋ ਮੰਜ਼ਲਾ ਮਕਾਨ ਨਵਾਂ ਨਵਾਂ ਹੀ ਖਰੀਦਿਆ ਸੀ-ਨਈਅਰ ਪਰਿਵਾਰ ਨੇ। ਥੱਲੜਾ ਹਿੱਸਾ ਕਿਰਾਏ ਤੇ ਚੜ੍ਹਾ ਦਿੱਤਾ ਸੀ। ਪਿਛਲੇ ਪਾਸੇ ਅੰਬ ਦੇ ਪੁਰਾਣੇ ਦਰਖਤ ਸਨ, ਜਿਹਨਾਂ ਨੂੰ ਅੰਬ ਲੱਗਦੇ ਸਨ ਪਰ ਖੱਟੇ, ਅਚਾਰ ਦੇ ਕੰਮ ਆਉਣ ਵਾਲੇ।

ਜਿਹੜੇ ਕਮਰੇ ਵਿਚ ਕੰਚਨ ਰਹਿੰਦੀ ਸੀ। ਉਸ ਦੇ ਠੀਕ ਸਾਹਮਣੇ ਨਿੰਮ ਦਾ ਇੱਕ ਬਹੁਤ ਵੱਡਾ ਦਰਖਤ ਸੀ। ਛਤਰੀ ਵਰਗਾ, ਬਹੁਤ ਉਚਾ। ਤਣਾ ਬਹੁਤ ਮੋਟਾ ਨਹੀਂ ਸੀ। ਫੇਰ ਵੀ ਹਵਾ ਵਿਚ ਝੂਲਦਾ। ਇੰਨਾ ਵੱਡਾ ਦਰਖਤ ਕਿਵੇਂ ਖੜਾ ਹੋਵੇਗਾ? ਉਸਦੀ ਸਮਝ ਵਿਚ ਨਹੀਂ ਸੀ ਆਉਂਦਾ।

ਜਦੋਂ ਵੀ ਉਹ ਖਿੜਕੀ ਖੋਹਲਦੀ ਉਸਦੀਆਂ ਨਜ਼ਰਾਂ ਇਸ ਦਰਖਤ ਨਾਲ ਟਕਰਾਉਂਦੀਆਂ ਅਤੇ ਉਸਨੂੰ ਘਰ ਦੀ ਯਾਦ ਆ ਜਾਂਦੀ। ਘਰ ਦੇ ਵਿਹੜੇ ਵਿਚ ਵੀ ਅਜਿਹਾ ਹੀ ਇੱਕ ਬਿਰਖ ਸੀ।

ਚੰਗਾ ਖਾਂਦਾ ਪੀਂਦਾ ਟੱਬਰ ਸੀ। ਆਮਦਨੀ ਵੀ ਘੱਟ ਨਹੀਂ ਸੀ ਪਰ ਘਰ 'ਚ ਇੱਕ ਇੱਕ ਪੈਸੇ ਦਾ ਹਿਸਾਬ ਰੱਖਿਆ ਜਾਂਦਾ। ਅਸ਼ਰਫੀਆਂ ਦੀ ਲੁੱਟ ਅਤੇ ਕੋਇਲਿਆਂ ਤੇ ਮੋਹਰ ਸੀ।

ਕੰਚਨ ਦਿਨ ਰਾਤ ਕੰਮ 'ਚ ਲੱਗੀ ਰਹਿੰਦੀ। ਖਾਣਾ ਬਣਾਉਣਾ, ਕੱਪੜੇ ਧੋਣੇ, ਪੋਚਾ ਲਾਉਣਾ, ਵਿਹਲੇ ਵੇਲੇ ਜਠਾਣੀ ਦੇ ਬੱਚਿਆਂ ਨੂੰ ਪੜ੍ਹਾਉਣਾ। ਇੱਕ ਪਲ ਵੀ ਆਰਾਮ ਨਹੀਂ ਸੀ ਮਿਲਦਾ। ਉਤੋਂ ਸਾਰੀ ਸਾਰੀ ਰਾਤ ਪਤੀ ਕਲੱਬ ਤੋਂ ਹੀ ਨਾ ਆਉਂਦੇ। ਉਹ ਉਦਾਸ

ਇੱਕਲੀ ਖਿੜ੍ਹਕੀ ਤੇ ਬੈਠੀ-ਨਿੰਮ ਤੇ ਉਸ ਕਾਲੇ ਡਰਾਉਣੇ ਬਿਰਖ ਵੱਲ ਵੇਖਦੀ ਰਹਿੰਦੀ-ਫੇਰ ਪਤੀ ਦਾ ਨਸ਼ੇ ਵਿਚ ਚੂਰ ਹੋ ਕੇ ਆਉਣਾ ਅਤੇ ਮਾਰਨਾ ਕੁੱਟਣਾ ਚੱਲਦਾ। ਇਹ ਸਭ ਕੁਝ ਜਿਵੇਂ ਰੋਜ਼ ਦਾ ਨੇਮ ਹੋ ਗਿਆ ਸੀ।

ਕੰਚਨ ਚੁੱਪਚਾਪ ਸਭ ਕੁਝ ਸਹਿੰਦੀ। ਸੋਚਦੀ ਹੌਲੀ ਹੌਲੀ ਠੀਕ ਹੋ ਜਾਏਗਾ। ਰੌਲਾ ਪਾ ਕੇ ਹੱਥ ਕੀ ਆਉਂਦਾ।

ਇਕ ਦਿਨ ਰਾਤ ਨੂੰ ਨਈਅਰ ਪੌੜੀਆਂ ਤੋਂ ਹੀ ਰੌਲਾ ਪਾਉਂਦਾ ਆਇਆ ਅਤੇ ਕਮਰੇ ਵਿਚ ਵੜਦੇ ਹੀ ਕੰਚਨ ਦਾ ਜੂੜਾ ਫੜ ਕੇ ਉਸਨੂੰ ਮਾਰਨ ਲੱਗਿਆ। ਮੂੰਹ ਚੋਂ * ਸ਼ਰਾਬ ਦੀ ਬਦਬੋਂ ਦੀਆਂ ਲਪਟਾਂ ਨਿਕਲ ਰਹੀਆਂ ਸਨ। ਪੈਰ ਲੜਖੜਾ ਰਹੇ ਸਨ। ਉਹ ਗੰਦੀਆਂ ਗੰਦੀਆਂ ਗਾਲ੍ਹਾਂ ਬਕ ਰਿਹਾ ਸੀ ਬਕੀ ਜਾ ਰਿਹਾ ਸੀ।

ਕੰਚਨ ਨੇ ਸਮਝਿਆ ਕਿ ਅੱਜ ਸ਼ਾਇਦ ਨਸ਼ੇ ਵਿਚ ਆਪਣੇ ਹੋਸ਼ ਗੁਆ ਬੈਠਾ,

“ਇੱਥੇ ਕਿਉਂ ਆਈ ਤੂੰ ਇਸ ਘਰੇ? ਕਿਸੇ ਕੋਠੇ ਤੇ ਕਿਉਂ ਨਹੀਂ ਚਲੀ ਗਈ?"

ਨਈਅਰ ਨੇ ਉਸਦੇ ਕੱਪੜੇ ਫੜ ਕੇ ਲੀਰੋ ਲੀਰ ਕਰ ਦਿੱਤੇ ਅਤੇ ਜੋਰ ਨਾਲ ਇੱਕ ਥੱਪੜ ਮਾਰਿਆ।

“ਮੇਰੀ ਕੋਈ ਗਲਤੀ ਤਾਂ--।"ਕੰਚਨ ਰੋਂਦੀ ਅਤੇ ਗਿੜਗੜਾਉਂਦੀ ਬੋਲੀ।

"ਗਲਤੀ"ਨਾਈਅਰ ਕੜਕ ਕੇ ਬੋਲਿਆ,"ਗਲਤੀ ਦੀ ਬੱਚੀ ! ਸਾਰੀ ਬਰਾਦਰੀ ਵਿਚ ਕਿਤੇ ਦਾ ਰਹਿਣ ਦਿੱਤਾ ਹੈ ਤੂੰ ਮੈਨੂੰ? ਮੇਰੀ ਜਿੰਦਗੀ ਬਰਬਾਦ ਕਰ ਦਿੱਤੀ।"

"ਐਹੋ ਜਿਹਾ ਕੀ ਹੋ ਗਿਆ ਮੈਥੋਂ----ਹੇ ਭਗਵਾਨ।"ਉਹ ਚੀਕ ਪਈ। ਸਹੁਰਾ, ਜਠਾਣੀ, ਨੌਕਰ ਚਾਕਰ ਸਾਰੇ ਇੱਕਠੇ ਹੋ ਗਏ। ਅੱਧੀ ਰਾਤ ਦਾ ਵੇਲਾ ਸੀ।

"ਕੀ ਗੱਲ ਹੈ? ਕੀ ਗੱਲ ਹੈ?"ਸਹੁਰੇ ਨੇ ਵਿਚ ਬਚਾਅ ਕਰਦੇ ਕਿਹਾ,"ਬੱਬਣ! . ਕਿਉਂ ਮਾਰ ਰਿਹਾ ਹੈਂ- ਵਹੁਟੀ ਨੂੰ?”

“ਤੁਸੀਂ ਚੁੱਪ ਰਹੋ ਭਾਪਾ ਜੀ---।"ਪਿਤਾ ਨੂੰ ਇਕ ਪਾਸੇ ਧੱਕਦਾ ਹੋਇਆ। ਨਈਅਰ ਬੋਲਿਆ,"ਮੈਂ ਹੁਣੇ ਹੀ ਇਸ ਨੂੰ ਦੱਸਦਾ ਹਾਂ----। ਮੈਂ ਖੂਨ ਪੀ ਲਵਾਂਗਾ ਇਹਦਾ।”

ਕੰਚਨ ਨੂੰ ਬਾਹਰ ਖਿੱਚਣ ਲੱਗਿਆ ਨਈਅਰ। ਬਾਹਰ ਟੈਕਸੀ ਖੜੀ ਸੀ। ਕੰਚਨ ਨੂੰ ਉਸ ਅੰਦਰ ਧੱਕ ਕੇ ਉਹ ਆਪ ਵੀ ਬੈਠ ਗਿਆ।

ਰਾਤ ਦੀ ਡੂੰਘੀ ਖਾਮੋਸ਼ੀ ਵਿਚ ਟੈਕਸੀ ਭੱਜੀ ਜਾ ਰਹੀ ਸੀ। ਬਾਹਰ ਛਮ ਛਮ ਮੀਂਹ ਵਰ੍ਹ ਰਿਹਾ ਸੀ। ਥੋੜੀ ਥੋੜੀ ਦੇਰ ਬਾਅਦ ਬਿਜਲੀ ਕੜਕ ਰਹੀ ਸੀ।

ਤੂੰ ਕਦੇ ਬੰਬਈ ਗਈ ਸੀ---?"ਤੈਸ਼ 'ਚ ਆਕੇ ਨਈਅਰ ਨੇ ਖਾਮੋਸ਼ੀ ਤੋੜਦਿਆਂ ਕਿਹਾ।

ਕੰਚਨ ਨੇ ਅੱਥਰੂਆਂ ਨਾਲ ਭਰੀਆਂ ਅੱਖਾਂ ਨਾਲ ਪਤੀ ਵੱਲ ਵੇਖਿਆ ਅਤੇ ਸਿਰ ਹਿਲਾ ਦਿੱਤਾ।

ਤਾਂ ਨਈਅਰ ਨੇ ਗੰਦੀ ਜਿਹੀ ਗਾਲ੍ਹ ਕੱਢੀ।

ਇੱਕ ਵੱਡੀ ਸਾਰੀ ਕੋਠੀ ਦੇ ਅੱਗੇ ਟੈਕਸੀ ਰੁਕੀ-।

ਤੜਾਕ ਕਰਕੇ ਨਈਅਰ ਨੇ ਦਰਵਾਜ਼ਾ ਖੋਹਲਿਆ ਅਤੇ ਅੰਦਰ ਵੜ ਗਿਆ।

ਪਿੱਛੇ ਪਿੱਛੇ ਡਰੀ-ਡਰੀ, ਸਹਿਮੀ ਸਹਿਮੀ ਕੰਚਨ ਵੀ ਲੜਖੜਾਉਂਦੀ ਤੁਰ ਰਹੀ ਸੀ।

ਪੌੜੀਆਂ ਵਿਚੋਂ ਹੀ ਨਈਅਰ ਨੇ ਆਵਾਜ ਮਾਰੀ,"ਸ਼੍ਰੀ ਵਾਸਤਵ,"

ਸ਼੍ਰੀ ਵਾਸਤਵ ਹੁਣ ਤੱਕ ਸ਼ਾਇਦ ਸੌਂ ਚੁਕਿਆ ਸੀ। ਅੱਖਾਂ ਮਲਦਾ ਝਟਪਟ ਕਮਰੇ ਦਾ ਦਰਵਾਜਾ ਖੋਹਲ ਕੇ ਬਾਹਰ ਆਇਆ,

ਕੀ?"“ਕੀ ਗੱਲ ਹੈ ਬੱਬਣ! ਫਿਰ ਕਿਵੇਂ? ਹੁਣ ਹੀ ਤਾਂ ਗਿਆ ਸੀ-- ਇਹ ਸ਼੍ਰੀ ਵਾਸਤਵ ਦੀ ਘਰਵਾਲੀ ਵੀ ਖਿੜਕੀ ਚੋਂ ਝੁਕ ਵੇਖਣ ਲੱਗੀ।

ਨਈਅਰ ਸ਼੍ਰੀ ਵਾਸਤਵ ਦੇ ਮੋਢੇ ਤੇ ਹੱਥ ਰੱਖ ਕੇ ਦਲਾਣ ਵੱਲ ਵਧਿਆ।

ਯਾਰ ! ਇਕ ਵਾਰੀ ਫੇਰ ਵਿਖਾ ਦੇ। ਇਹਦੇ ਨਾਲ ਕੁਝ ਜ਼ਿਦ ਹੋ ਗਈ ਹੈ।”

“ਤੇਰਾ ਦਿਮਾਗ ਤਾਂ ਠੀਕ ਹੈ---?"ਸ਼੍ਰੀ ਵਾਸਤਵ ਹੈਰਾਨੀ ਨਾਲ ਬੋਲਿਆ।

"ਮੈਂ ਬਿਲਕੁਲ ਠੀਕ ਹਾਂ ਯਾਰ! ਨਸ਼ੇ 'ਚ ਨਹੀਂ ਬੋਲ ਰਿਹਾ, ਕੁਝ ਇਹੋ ਜਿਹੀ ਹੀ ਗੱਲ ਹੈ।
ਨਾਂਹ ਨਾ ਕਰ, ਪਲੀਜ਼---।"

ਉਹ ਸ੍ਰੀ ਵਾਸਤਵ ਦੇ ਗੋਡੇ ਫੜਨ ਲੱਗਿਆ। ਮਿੰਨਤਾਂ ਕਰਦਾ।

“ਬਾਲ ਬੱਚੇ ਸਾਰੇ ਜਾਗ ਪਏ ਨੇ, ਯਾਰ----।”

“ਡਰਾਇੰਗ ਰੂਮ ਵਿਚ ਹੁਣ ਕੌਣ ਆਏਗਾ? ਪ੍ਰਾਜੈਕਟਰ ਮੈਂ ਆਪ ਚਲਾ ਲਵਾਂਗਾ, ਤੂੰ ਦੇ ਦੇ ਬੱਸ !”

ਸ੍ਰੀ ਵਾਸਤਵ ਦੀ ਸਮਝ ਵਿਚ ਕੁਝ ਨਹੀਂ ਆਇਆ ਕਿ ਮਾਜਰਾ ਹੈ ਤਾਂ ਕੀ ਹੈ।

ਹੁਣ ਥੋੜੀ ਦੇਰ ਪਹਿਲਾਂ ਸ੍ਰੀ ਵਾਸਤਵ ਦੇ ਘਰ ਕਾਕਟੇਲ ਪਾਰਟੀ ਸੀ। ਜਿਗਰੀ ਦੋਸਤਾਂ ਦਾ ਵਾਹਵਾ ਇੱਕਠ ਸੀ। ਖਾਣੇਂ ਤੋਂ ਮਗਰੋਂ ਛੋਟੇ ਜਿਹੇ ਪ੍ਰਜੈਕਟਰ ਉਤੇ ਇੱਕ ਰੰਗੀਨ"ਬਲਿਊ ਫਿਲਮ"ਵਿਖਾਈ ਗਈ ਸੀ-ਸੰਭੋਗ ਕਰਦੇ ਮੁੰਡੇ ਕੁੜੀਆਂ ਦੀ। ਨਈਅਰ ਉਸੇ ਵਾਸਤੇ ਜ਼ਿਦ ਕਰ ਰਿਹਾ ਸੀ।

ਆਪਣਾ ਖਹਿੜਾ ਛੁਡਾਉਣ ਲਈ ਸ੍ਰੀ ਵਾਸਤਵ ਨੇ ਫਿਲਮ ਕੱਢ ਕੇ ਦੇ ਦਿੱਤੀ ਸੋਚਣ ਲੱਗਿਆ ਦਸ ਵੀਹ ਮਿੰਟ ਦੀ ਹੀ ਤਾਂ ਗੱਲ ਹੈ। ਬਲਾ ਟਲ ਜਾਏਗੀ। ਸਾਲਾ, ਘਰਵਾਲੀ ਨੂੰ ਦਿਖਾਉਣ ਲਿਆਇਆ ਹੈ।

ਸਮਾਨ ਥੱਲੇ ਭਿਜਵਾ ਕੇ ਸ੍ਰੀ ਵਾਸਤਵ ਸੌਣ ਚਲਿਆ ਗਿਆ। ਚੌਕੀਦਾਰ ਨੂੰ ਕਹਿ ਗਿਆ ਕਿ ਸਾਹਬ ਦੇ ਜਾਣ ਮਗਰੋਂ ਬੱਤੀ ਬੁਝਾ ਕੇ ਕਮਰਾ ਲਾਕ ਕਰ ਦੇਣਾ।

ਘਰਰ-ਘਰਰ ਰੀਲ ਚੱਲਣ ਲੱਗੀ। ਸਫੈਦ ਕੰਧ ਤੇ ਦੋ ਨੰਗੇ ਰੰਗ ਬਰੰਗੇ ਆਕਾਰ ਚਮਕਣ ਲੱਗੇ।

ਪਲ ਭਰ ਵਿਚ ਹੀ ਕੰਚਨ ਦੀਆਂ ਅੱਖਾਂ ਫੈਲ ਕੇ ਪਾਟਣ ਤੇ ਆ ਗਈਆਂ। ਖੰਨੇ ਨਾਲ ਭੱਜ ਕੇ ਜਦੋਂ ਬੰਬਈ ਗਈ ਸੀ ਤਾਂ ਉਦੋਂ ਕੁਝ ਇਸ ਤਰ੍ਹਾਂ ਦਾ ਹੋਇਆ ਤਾਂ ਸੀ। ਪਰ ਆਪਣੇ ਆਪ ਨੂੰ ਇਸ ਡਰਾਉਣੇ ਰੂਪ ਵਿਚ, ਇਸ ਤਰ੍ਹਾਂ ਦਿਸਣ ਜਾਂ ਦਿਖਾਉਣ ਦੀ ਉਸਨੇ ਸੁਪਨੇ ਵਿਚ ਵੀ ਕਲਪਨਾ ਨਹੀਂ ਸੀ ਕੀਤੀ।

ਉਸਦੀਆਂ ਅੱਖਾਂ ਆਪਣੇ ਆਪ ਬੰਦ ਹੋਣ ਲੱਗਿਆਂ। ਮੇਜ਼ ਕੁਰਸੀਆਂ, ਕੰਧਾਂ ਸਭ ਕੁਝ ਤੇਜ਼ੀ ਨਾਲ ਘੁੰਮਣ ਲੱਗਿਆ।

“ਹੇ ਰੱਬਾ----।"ਕੰਨਾਂ ਤੇ ਆਪਣੀਆਂ ਕੰਬਦੀਆਂ ਹਥੇਲੀਆਂ ਰੱਖ ਕੇ ਉਸ ਨੇ ਗਲਾ ਪਾੜ ਕੇ ਚੀਕ ਮਾਰੀ ਅਤੇ ਬੇਹੋਸ਼ ਹੋ ਕੇ ਡਿੱਗ ਪਈ।

ਨਈਅਰ ਚੁੱਕ ਕੇ ਉਸਨੂੰ ਘਰ ਲੈ ਆਇਆ ਅਤੇ ਧੱਕਾ ਦੇ ਕੇ ਕਮਰੇ ਦੇ ਫਰਸ਼ ਤੇ ਸੁੱਟ ਦਿੱਤਾ।

000

ਦਿਨ ਚੜ੍ਹਦੇ ਨੂੰ ਘਰ ਦਾ ਸਾਰਾ ਮਾਹੌਲ ਹੀ ਬਦਲਿਆ ਹੋਇਆ ਸੀ। ਸਾਰਿਆਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਸੀ ਕਿ ਛੋਟੀ ਵਹੁਟੀ ਨੇ ਨੰਗੀ ਫਿਲਮ ਬਣਵਾਈ ਹੈ। ਬੱਬਣ ਨੇ ਆਪ ਵੇਖੀ ਹੈ।

ਸਵੇਰੇ ਸਵੇਰੇ ਨਈਅਰ ਘਰ ਤੋਂ ਇਹ ਕਹਿਕੇ ਨਿੱਕਲ ਪਿਆ ਕਿ ਜਦੋਂ ਤੱਕ ਇਹ ਰੰਡੀ ਇਸ ਘਰ 'ਚ ਰਹੇਗੀ ਮੈਂ ਇਥੇ ਮੁੜ ਕੇ ਨਹੀਂ ਅਵਾਂਗਾ।

ਦੋ ਤਿੰਨ ਦਿਨ ਤੱਕ ਰੌਲਾ ਰੱਪਾ ਪੈਂਦਾ ਰਿਹਾ। ਸੱਸ ਸਮਝਦਾਰ ਸੀ। ਕਹਿਣ ਲੱਗੀ,"ਕੱਚੀ ਉਮਰ ਵਿਚ ਕਿਤੇ ਭੁੱਲ ਹੋ ਗਈ ਹੋਣੀ ਹੈ। ਜਦੋਂ ਦੀ ਇਸ ਘਰ 'ਚ ਆਈ ਹੈ ਅੱਖਾਂ ਚੁੱਕ ਕੇ ਕਿਸੇ ਨਾਲ ਗਲ ਕਰਦੀ ਨੂੰ ਵੀ ਨਹੀਂ ਵੇਖਿਆ।"

"ਮੈਂ ਤਾਂ ਇਸ ਨੂੰ ਸਾਖਸ਼ਾਤ ਲਕਸ਼ਮੀ ਸਮਝਦੀ ਸੀ। ਇਸ ਦੇ ਕਰਮ ਇਹੋ ਜਿਹੇ ਖੋਟੇ ਹੋਣਗੇ- ਕੀ ਪਤਾ ਸੀ।"ਮੋਟੇ ਮੋਟੇ, ਥੁਲ ਥੁਲ ਕਰਦੇ ਹੱਥਾਂ ਨੂੰ ਮਟਕਾਉਂਦੀ ਜਠਾਣੀ ਬੋਲੀ,"ਇਸ ਦਾ ਛੂਹਿਆ ਤਾਂ ਮੈਂ ਪਾਣੀ ਵੀ ਨਹੀਂ ਪੀ ਸਕਦੀ।"ਕੰਚਨ ਗਠੜੀ ਵਾਂਗੂੰ ਜਮੀਨ ਤੇ ਨਿਰਜੀਵ ਪਈ ਸੀ। ਰਹਿ ਰਹਿ ਕੇ ਹਾਇ ਹਾਇ ਕਰ ਰਹੀ ਸੀ। ਮੱਥਾ ਪਾਟ ਗਿਆ ਸੀ। ਜੰਮੇ ਹੋਏ ਲਹੂ ਦੀ ਲਕੀਰ ਪੈ ਗਈ ਸੀ ਮੱਥੇ ਤੇ। ਗੋਡਿਆਂ ਤੇ ਵੀ ਜਖ਼ਮ ਸਨ। ਮੰਜੇ ਦਾ ਇੱਕ ਪਾਵਾ ਵਰਾਂਡੇ ਵਿਚ ਪਿਆ ਸੀ। ਨਸ਼ੇ ਵਿਚ ਉਸ ਨਾਲ ਹੀ ਕੰਚਨ ਨੂੰ ਮਾਰਦਾ ਚਲਿਆ ਗਿਆ ਸੀ ਨਈਅਰ।

ਚੌਥੇ ਦਿਨ, ਸਵੇਰ ਦੀ ਗੱਡੀ ਤੇ ਵਸੁਧਾ ਆਈ ਤਾਂ ਨਈਅਰ ਨੇ 'ਬਲਿਊ ਫਿਲਮਾਂ' ਦੀ ਰੀਲ ਉਸਦੇ ਹੱਥਾਂ ਤੇ ਰੱਖ ਦਿੱਤੀ।

ਵਸੁਧਾ ਨੇ ਇਕ ਸ਼ਬਦ ਵੀ ਨਹੀਂ ਬੋਲਿਆ। ਭੈਣ ਦਾ ਹੱਥ ਫੜਿਆ ਤੇ ਚੁਪ ਚਾਪ ਸਟੇਸ਼ਨ ਵਲ ਤੁਰ ਪਈ।

## (11)

ਕੰਚਨ ਦਿਨ ਰਾਤ ਰੋਂਦੀ ਰਹੀ। ਉਸਨੂੰ ਲੱਗਦਾ ਜਿਵੇਂ ਇਹ ਸਾਰਾ ਕੁਝ ਇਕ ਸੁਪਨਾ ਹੈ। ਕਈ ਵਾਰ ਆਤਮਹੱਤਿਆ ਦਾ ਵਿਚਾਰ ਵੀ ਆਇਆ ਪਰ ਪਤਾ ਨਹੀਂ ਕਿਉਂ। ਉਸਨੂੰ ਹੁਣ ਆਪਣੇ ਵਿਚ ਏਨੀ ਹਿੰਮਤ ਹੀ ਨਾ ਲੱਗਦੀ ਕਿ ਉਹ ਕੁਝ ਕਰ ਸਕਦੀ ਹੈ।

“ਜੋ ਹੋ ਗਿਆ- ਸੋ ਹੋ ਗਿਆ ਕੰਚੋ। ਇਹ ਸਾਰਾ ਕੁਝ ਵੀ ਭੁੱਲ ਜਾਹ ਹੁਣ। ਫੇਰ ਨਵੇਂ ਸਿਰੇ ਤੋਂ ਸੋਚ ਕੁਝ।"ਇੱਕ ਦਿਨ ਉਸਨੂੰ ਸਮਝਾਉਂਦੀ ਹੋਈ ਵਸੁਧਾ ਬੋਲੀ, ਪੜ੍ਹਨਾ ਚਾਹੁੰਦੀ ਹੈ ਤਾਂ ਫੇਰ ਕਾਲਜ ਚਲੀ ਜਾ। ਪੜ੍ਹਨ ਵਿਚ ਮਨ ਨਾ ਲੱਗਦਾ ਹੋਵੇ ਤਾਂ ਤੇਰੇ ਲਈ ਕਿਤੇ ਸਰਵਿਸ ਦਾ ਅਰੇਂਜਮੈਂਟ ਕਰ ਦਿੰਦੀ ਹਾਂ। ਜਿਹਦੇ ਨਾਲ ਤੈਨੂੰ ਖੁਸ਼ੀ ਹੁੰਦੀ ਹੋਵੇ, ਜਿਵੇਂ ਤੂੰ ਠੀਕ ਸਮਝਦੀ ਹੋਵੇ ਉਵੇਂ ਕਰ। ਮੈਂ ਹੁਣ ਕਦੇ ਵੀ ਤੇਰੇ ਰਸਤੇ ਵਿਚ ਨਹੀਂ ਆਵਾਂਗੀ।”

ਪੜ੍ਹਨ ਵੱਲ ਹੁਣ ਕੰਚਨ ਦਾ ਝੁਕਾਅ ਨਹੀਂ ਸੀ ਰਿਹਾ। ਉਂਜ ਬੀ.ਏ. ਫਾਈਨਲ ਦੇ ਇਮਤਿਹਾਨ ਦੇਣ ਦੀ ਤਿਆਰੀ ਕਰ ਰਹੀ ਸੀ। ਇਹਨਾਂ ਹੀ ਦਿਨਾਂ ਵਿਚ ਵਸੁਧਾ ਦੀ ਇਕ ਸਹੇਲੀ ਕੁੰਦਨਿਕਾ ਨੇ ਦੱਸਿਆ ਕਿ ਦਿਲੀ ਵਿਚ 'ਨਿਊ ਵੇਵ ਥਿਏਟਰਜ਼' ਨਾਂ ਦੀ ਇਕ ਨਵੀਂ ਨਾਟਕ ਸੰਸਥਾ, ਕੁਝ ਕਲਾਕਾਰ ਮਿਲ ਕੇ ਖੋਹਲ ਰਹੇ ਹਨ। ਕੰਚਨ ਦੀ ਇੱਛਾ ਹੋਵੇ ਤਾਂ ਉਸ ਗਰੁੱਪ 'ਚ ਸ਼ਾਮਲ ਹੋ ਜਾਵੇ।

ਇਸ ਨਾਟਕ ਸੰਸਥਾ ਦਾ ਸਾਰਾ ਪ੍ਰਬੰਧ ਕੁੰਦਨਿਕਾ ਦੇ ਹੱਥ ਵਿਚ ਹੀ ਸੀ। ਘਰ ਵਿਚ ਵਿਹਲੇ ਬੈਠਣ ਦੀ ਬਜਾਏ ਕੰਚਨ ਨੇ ਉਸੇ ਵਿਚ ਸ਼ਾਮਲ ਹੋਣ ਦਾ ਨਿਸ਼ਚਾ ਕਰ ਲਿਆ।

ਸ਼ਕਲ ਸੂਰਤ ਤਾਂ ਚੰਗੀ ਸੀ ਉਸਦੀ ਦਿਲ ਖਿਚਵੀਂ। ਥੋੜੀ ਬਹੁਤੀ ਕਲਾ ਦੀ , ਪ੍ਰਤਿਭਾ ਵੀ ਹੋਵੇਗੀ। ਇਸ ਲਈ ਰੰਗਮੰਚ ਤੇ ਉਹ ਜੰਮ ਗਈ।

ਨੱਕ ਵਿਚ ਨਿੱਕਾ ਜਿਹਾ ਉਹ ਲੌਂਗ ਉਸਨੇ ਫੇਰ ਪਾ ਲਿਆ-ਜਿਹੋ ਜਿਹਾ ਵਿਆਹ ਤੋਂ ਪਹਿਲਾਂ ਕਾਲਜ ਦੇ ਦਿਨਾਂ ਵਿਚ ਪਾਉਂਦੀ ਹੁੰਦੀ ਸੀ।

ਘਰ ਦੀ ਹਾਲਤ ਹੌਲੀ ਹੌਲੀ ਕਾਫ਼ੀ ਬਦਲ ਗਈ ਸੀ। ਮਾਂ ਵਿਚ ਤਾਂ ਹੁਣ ਹੋਰ ਵੀ ਤਬਦੀਲੀ ਆ ਗਈ ਸੀ। ਘਰ ਦੇ ਕਿਸੇ ਵੀ ਕੰਮ 'ਚ ਉਹ ਦਖਲ ਨਹੀਂ ਸੀ ਦਿੰਦੀ। ਕਰੋਲਬਾਗ ਦੇ ਦੂਰ ਦੇ ਰਿਸ਼ਤੇ ਚੋਂ ਇਕ ਅੰਕਲ ਸਨ- ਉਹਨਾਂ ਦੀ ਪਤਨੀ ਸਵਰਗਵਾਸ ਹੋ ਗਈ ਸੀ। ਮਾਂ ਉਹਨਾਂ ਦੇ ਨਾਲ ਇਕ ਦੋ ਵਾਰੀ 'ਤੀਰਥ ਯਾਤਰਾ' ਤੇ ਹੋ ਆਈ ਸੀ। ਘਰ ਆ ਕੇ ਕਦੇ ਕਦੇ ਉਹ ਮਾਂ ਨੂੰ ਮੰਗਲਵਾਰ ਦੇ ਦਿਨ ਹਨੂਮਾਨ ਮੰਦਰ ਵੀ ਲੈ ਜਾਂਦੇ ਹਨ। ਉਹਨਾਂ ਦੀਆਂ ਦੋਵੇਂ ਬੇਟੀਆਂ ਜਦੋਂ ਕਨੇਡਾ ਚਲੀਆਂ ਗਈਆਂ ਤਾਂ ਉਹ ਘਰ ਵਿਚ ਬਿਲਕੁਲ ਇਕੱਲੇ ਰਹਿ ਗਏ ਤਾਂ ਸਿਹਤ ਖਰਾਬ ਹੋਣ ਕਾਰਨ ਉਹਨਾਂ ਨੇ ਆਪਣੀ ਦੇਖ ਭਾਲ ਲਈ ਕੁਝ ਦਿਨਾਂ ਲਈ ਮਾਂ ਨੂੰ ਆਪਣੇ ਕੋਲ ਕਰੋਲ ਬਾਗ ਵਿਚ ਹੀ ਬੁਲਾ ਲਿਆ ਸੀ। ਲੁਧਿਆਣੇ ਵਾਲੀ ਦਾਦੀ ਹੁਣ ਬੁੱਢੀ ਹੋ ਚੱਲੀ ਸੀ। ਤੁਰਨਾ ਫਿਰਨਾ ਤਾਂ ਦੂਰ ਰਿਹਾ,ਨਿਗ੍ਹਾ ਵੀ ਨਾ ਰਹੀ ਸ਼ੁਭਚਿੰਤਕ ਉਸਨੂੰ ਇਲਾਜ ਵਾਸਤੇ ਲਾਜਪਤ ਨਗਰ ਵਿਚ ਵਸੁਧਾ ਕੋਲ ਛੱਡ ਗਏ ਸਨ।

ਪਿਤਾ ਦੀ ਸਿਹਤ ਦਿਨੋਂ ਦਿਨ ਡਿਗਦੀ ਜਾ ਰਹੀ ਸੀ। ਯਾਦ ਸ਼ਕਤੀ ਵੀ ਹੁਣ ਨਹੀਂ ਸੀ ਰਹੀ। ਕਦੇ ਹਸਪਤਾਲ ਕਦੇ ਘਰ। ਜ਼ਿੰਦਗੀ ਦੇ ਅੰਤਿਮ ਦਿਨ ਗਿਣ ਰਹੇ ਸਨ।

ਮੀਚੇ ਸਕੂਲ ਵਿਚ ਪੜ੍ਹ ਰਿਹਾ ਸੀ ਪਰ ਪੜ੍ਹਨ ਲਈ ਸਮਾਂ ਹੀ ਨਹੀਂ ਸੀ ਮਿਲਦਾ। ਕਦੇ ਘਰ ਦਾ ਕੰਮ, ਕਦੇ ਪਿਤਾ ਦੀ ਦੇਖਭਾਲ--ਸਾਰਾ ਦਿਨ ਭੱਜ ਦੌੜ ਵਿਚ ਹੀ ਨਿਕਲ ਜਾਂਦਾ ਸੀ।

(12)

ਸਿਆਲੂ ਦਿਨ ਸਨ। ਚਾਰੋਂ ਪਾਸੇ ਸੰਘਣੀ ਧੁੰਦ ਛਾਈ ਹੋਈ ਸੀ। ਰਾਤ ਨੂੰ ਦੇਰ ਤੱਕ ਲਗਾਤਾਰ ਮੀਂਹ ਪਿਆ ਸੀ। ਇਸ ਲਈ ਅੱਜ ਬਹੁਤ ਠੰਡ ਸੀ। ਲੋਕ ਕਹਿੰਦੇ ਸਨ ਸਰਦੀਆਂ ਵਿਚ ਦਿੱਲੀ ਦਾ ਤਾਪਮਾਨ ਕਦੇ ਏਨਾ ਘੱਟ ਨਹੀਂ ਸੀ ਹੋਇਆ। ਪਿਛਲੇ ਚਾਲੀ ਸਾਲਾਂ ਦਾ ਇਹ ਰਿਕਾਰਡ ਸੀ।

ਏਧਰ ਕੰਚਨ ਦੇ ਭਵਿਖ ਬਾਰੇ ਵੀ ਵਸੁਧਾ ਲਗਾਤਾਰ ਸੋਚਦੀ ਰਹੀ। ਕਿਵੇਂ ਇਹ ਆਪਣੀ ਜਿੰਦਗੀ ਗੁਜ਼ਾਰੇਗੀ? ਉਸਦੀ ਸਮਝ ਵਿਚ ਨਹੀਂ ਸੀ ਆਉਂਦਾ। ਦਿਨ ਰਾਤ ਉਹ ਨਾਟਕਾਂ ਵਿਚ ਲੱਗੀ ਰਹਿੰਦੀ ਪਰ ਉਹਦੇ ਨਾਲ ਕੀ ਹੋਣ ਵਾਲਾ ਸੀ? ਜੇਬ ਖਰਚ ਵੀ ਬੜੀ ਮੁਸ਼ਕਿਲ ਨਾਲ ਨਿਕਲ ਸਕਦਾ ਸੀ।

ਸਵੇਰੇ ਖਾਣਾ ਖਾਕੇ ਇੱਕ ਦਿਨ ਉਹ ਬਾਹਰ ਨਿਕਲ ਗਈ। ਸ੍ਰੀ ਨਿਵਾਸ ਪੁਰੀ ਨੂੰ ਜਾਣ ਵਾਲੀ ਸੜਕ ਦੇ ਕਿਨਾਰੇ ਤਿੰਨ ਪਹੀਆਂ ਵਾਲਾ ਸਕੂਟਰ ਖੜ੍ਹਾ ਸੀ। ਵਸੁਧਾ ਉਸ ਵਿਚ ਬੈਠ ਗਈ।

ਕਿਧਰ ਜਾਣਾ ਹੈ ਬੀਬੀ ਜੀ?"ਉਸਨੇ ਪੁੱਛਿਆ ਤਾਂ ਉਸਦੀ ਅਜਿਹੀ ਤਰਸਯੋਗ ਸ਼ਕਲ ਵੇਖ ਕੇ ਵਸੁਧਾ ਹੱਸ ਪਈ।"ਜਿਧਰ ਮਰਜੀ ਲੈ ਚੱਲ।"ਉਸਨੇ ਉਵੇਂ ਹੀ ਕਿਹਾ।

ਉਹ ਹੈਰਾਨੀ ਨਾਲ ਵੇਖਦਾ ਰਿਹਾ।"ਗ੍ਰੇਟਰ ਕੈਲਾਸ਼!"ਕਹਿਕੇ ਵਸੁਧਾ ਫੇਰ ਇਕ ਕਿਨਾਰੇ 'ਚ ਸੁੰਗੜ ਕੇ ਬੈਠ ਗਈ। ਕਨਾਟ ਪਲੇਸ ਵਿਚ ਉਨੀ ਦਿਸਣ ਵਾਲੀਆਂ, ਸੂਤੀ, ਰੰਗ ਬਰੰਗੀਆਂ ਚਾਦਰਾਂ ਵਿਕ ਰਹੀਆਂ ਸਨ, ਉਥੋਂ ਹੀ ਵਸੁਧਾ ਵੀ ਇਕ ਚੁੱਕ ਲਿਆਈ ਸੀ। ਚਾਦਰ ਲਈ ਹੋਈ ਹੈ। ਦੂਰੋਂ ਦੇਖਣ ਤੇ ਇੰਨਾ ਲੱਗਦਾ ਜਰੂਰ ਸੀ ਪਰ ਠੰਡ ਉਸ ਨਾਲ ਰੁਕਦੀ ਨਹੀਂ ਸੀ। ਠੰਡ ਨਾਲ ਠੁਰਕਦੀ ਵਸੁਧਾ ਕੰਬ ਰਹੀ ਸੀ। ਪਾਰਕ ਵਾਲੇ ਚੌਰਾਹੇ ਦੇ ਕੋਨੇ ਦੇ ਮਕਾਨ ਅੱਗੇ ਉਸਨੇ ਆਪਣਾ ਸਕੂਟਰ ਰੁਕਵਾ ਲਿਆ।

"ਵਾਹ ਬਈ ਵਾਹ ਤੂੰ ਕਿਵੇਂ?"ਕੁਮਾਰ ਉਪਰੋਂ ਹੀ ਚੀਕਿਆ।

"ਕਿਉਂ? ਮੈਨੂੰ ਆਉਣਾ ਮਨ੍ਹਾ ਹੈ? ਵਸੁਧਾ ਮੁਸਕਰਾਈ, ਫੇਰ ਪੌੜੀਆਂ ਚੜ੍ਹਦੀ ਬੋਲੀ"ਮਹਿੰਗਾ ਜ਼ਮਾਨਾ ਹੈ, ਰਾਸ਼ਨ ਮਿਲਦਾ ਹੀ ਨਹੀਂ ਸੋਚਿਆ ਇੱਕ ਅੱਧਾ ਦਿਨ ਤੁਹਾਡੇ ਹੀ ਸਹੀ।"

"ਧੰਨ ਭਾਗ ! ਧੰਨ ਭਾਗ!"ਕੁਮਾਰ ਹੋ ਹੋ ਕਰਕੇ ਹੱਸਦਾ, ਮੂੰਹ ਪਾੜ ਕੇ ਬੋਲਿਆ।

ਕੁਮਾਰ ਸਹੀ ਅਰਥਾਂ ਵਿਚ ਕੁਮਾਰ ਸੀ ਚਿਰ ਕੁਮਾਰ। ਐਕਟਰਾਂ ਵਾਂਗੂੰ ਬਣ ਠਣ ਕੇ ਰਹਿੰਦਾ ਸੀ। ਸਧਾਰਣ ਕਲਰਕ ਦੇ ਤੌਰ ਤੇ ਭਰਤੀ ਹੋਇਆ ਸੀ ਪਰ ਹੁਣ ਬਹੁਤ ਚੰਗੀ ਪੋਜੀਸ਼ਨ ਤੇ ਪਹੁੰਚ ਗਿਆ ਸੀ।

ਉਹ ਚਾਹ ਬਣਾਉਣ ਲੱਗਿਆ ਤਾਂ ਵਸੁਧਾ ਆਪ ਰਸੋਈ ਵਿਚ ਚਲੀ ਗਈ ਅਤੇ ਸਟੋਵ ਤੇ ਚਾਹ ਦਾ ਪਾਣੀ ਰੱਖ ਕੇ ਬਾਹਰ ਆਈ।

"ਬੜੀ ਕੀਮਤੀ ਚਾਦਰ ਲਈ ਹੋਈ ਹੈ?"ਵਿਅੰਗ ਨਾਲ ਕੁਮਾਰ ਨੇ ਕਿਹਾ ਤਾਂ ਵਸੁਧਾ ਹੱਸ ਪਈ।

"ਬਈ ਗਰੀਬ ਆਦਮੀ ਹਾਂ। ਗਰੀਬਾਂ ਦੇ ਐਹੋ ਜਿਹੇ ਹਾਲ ਹੀ ਹੁੰਦੇ ਨੇ। ਕਦੇ ਖਾਣਾ ਨਹੀਂ ਕਦੇ ਕੱਪੜਾ ਨਹੀਂ।"ਵਸੁਧਾ ਗੰਭੀਰਤਾ ਨਾਲ ਬੋਲੀ।

ਅਸੀਂ ਤਾਂ ਤੈਨੂੰ ਹੀਰੋਇਨ ਬਣਾਉਣ ਦੇ ਸੁਪਨੇ ਵੇਖਦੇ ਰਹਿ ਗਏ- ਤੂੰ ਹੀ ਨਹੀਂ ਮੰਨੀ ਤਾਂ ਅਸੀਂ ਕੀ ਕਰੀਏ? ਸਾਡਾ ਸਕਰਿਪਟ ਧਰਿਆ ਧਰਾਇਆ ਰਹਿ ਗਿਆ। ਇੱਕ ਦੋ ਸੇਠ ਲੋਨ ਦੇਣ ਨੂੰ ਵੀ ਤਿਆਰ ਸਨ।"ਕੁਮਾਰ ਸਿਗਰਟ ਸੁਲਗਾਉਣ ਲੱਗਿਆ,"ਫਿਲਮਾਂ ਵਿਚ ਚਲੀ ਗਈ ਹੁੰਦੀ ਤਾਂ ਅੱਜ ਇੰਪਾਲਾਂ 'ਚ ਬੈਠ ਕੇ ਆਉਂਦੀ। ਪਲੇਨ 'ਚ ਘੁੰਮਦੀ-ਤੇਰੀ ਤਾਂ ਥਿਕਿੰਗ ਹੀ ਕੁਝ ਅਜੀਬ ਹੈ।"

ਜੋ ਤੁਸੀਂ ਕਹਿ ਰਹੇ ਹੋ ਬਿਲਕੁਲ ਠੀਕ ਹੈ। ਜੋ ਸੋਚਿਆ ਉਸਨੂੰ ਵੀ ਮੈਂ ਗਲਤ ਨਹੀਂ ਕਹਿੰਦੀ, ਕੁਮਾਰ ! ਜਦੋਂ ਕੋਈ ਮੈਨੂੰ ਇਸ ਗੱਲ ਤੋਂ ਟੋਕਦਾ ਹੈ ਤਾਂ ਹਰ ਕਿਸੇ ਨੂੰ ਮੇਰਾ ਇਹੀ ਜੁਆਬ ਹੁੰਦਾ ਹੈ। ਮੈਂ ਨਹੀਂ ਮੰਨਦੀ ਕਿ ਮੈਂ ਕੋਈ ਗਲਤ ਫੈਸਲਾ -ਲਿਆ ਹੈ।"ਵਸੁਧਾ ਨੇ ਕੁਝ ਸੋਚਦੇ ਹੋਏ ਕਿਹਾ।

ਉਦੋਂ ਹੀ ਕੁਮਾਰ ਭੱਜਿਆ ਭੱਜਿਆ ਕਿਚਨ ਵਿਚ ਗਿਆ। ਪਾਣੀ ਉਬਲਣ ਲੱਗ ਗਿਆ ਸੀ। ਕੁਝ ਹੀ ਦੇਰ ਮਗਰੋਂ ਉਹ ਦੋ ਕੱਪ ਚਾਹ ਦੋਹਾਂ ਹੱਥਾਂ ਵਿਚ ਲਈਂ ਬਾਹਰ ਆਇਆ।

ਚਾਵਲਾ ਦਾ ਲੋਨ ਮੋੜ ਦਿੱਤਾ?"ਉਸਨੇ ਪੁੱਛਿਆ।"ਅਜੇ ਰਹਿੰਦਾ ਹੈ। ਇੰਟਰੈਸਟ ਬਹੁਤ ਤਕੜਾ ਲੈ ਲਿਆ ਸੀ ਨਾ ਉਸਨੇ।”

"ਡਾਇਰੈਕਟਰ ਮੇਰੀ ਟ੍ਰਾਂਸਫਰ ਬਾਰੇ ਕਹਿ ਰਿਹਾ ਸੀ ਕੱਲ੍ਹ-----।"ਗਰਮ ਚਾਹ ਦੀ ਚੁਸਕੀ ਲੈਂਦਾ ਕੁਮਾਰ ਬੋਲਿਆ।

“ਟ੍ਰਾਂਸਫਰ ਆਨ ਪ੍ਰਮੋਸ਼ਨ?”

“ਚ ' ਚ ' ਨਹੀਂ।"ਕੁਮਾਰ ਨੇ ਹੱਥ ਇਸ ਤਰ੍ਹਾਂ ਝਟਕੇ ਨਾਲ ਹਵਾ 'ਚ ਮਾਰਿਆ ਜਿਵੇਂ ਮੱਖੀ ਭਜਾ ਰਿਹਾ ਹੋਵੇ,"ਇਹ ਸਾਲੇ ਕੀ ਕਰਨਗੇ ਪ੍ਰੋਮੋਸ਼ਨ? ਡਾਇਰੈਕਟਰ ਸੁਣਾ ਕੇ ਕੱਲ ਮੈਂ ਛਾਬੜੇ ਨੂੰ ਕਹਿ ਰਿਹਾ ਸੀ ਕਿ 'ਲੱਕ ਨੇ ਸਾਥ ਦਿੱਤਾ ਹੁੰਦਾ ਤਾਂ ਵੀ ਕਦੇ ਤਾਂ ਡਾਇਰੈਕਟਰ ਬਣ ਗਿਆ ਹੁੰਦਾ। ਫਿਲਮ ਡਾਇਰੈਕਟਰ ਕੀ ਇਨ੍ਹਾਂ ਤੋਂ ਘੱਟ ਹੁੰਦਾ ਹੈ।"

“ਅੱਛਾ, ਠੀਕ ਠੀਕ ਦੱਸੋ? ਹੁਣ ਪੁਜੀਸ਼ਨ ਕੀ ਹੈ?"ਦਿਲਚਸਪੀ ਨਾਲ ਵਸੁਧਾ ਨੇ ਪੁੱਛਿਆ।

“ਕਹਾਣੀ ਫੇਰ ਸੁਣਾਈ ਹੈ, ਕੁਝ ਚੇਂਜ ਕਰਕੇ। ਲੋਨ ਮਿਲ ਜਾਏਗਾ। ਉਂਜ ਕੁਝ ਹੋਰ ਫਾਈਨਸਰਾਂ ਨੇ ਵੀ ਪ੍ਰਸਿੱਧ ਕੀਤਾ ਹੈ। ਪਹਿਲੀ ਫਿਲਮ ਸਕਸੈਸਫੁਲ ਹੋ ਗਈ ਤਾਂ ਆਪਣੀ ਕਿਸਮਤ ਚਮਕ ਜਾਏਗੀ, ਮਿਸ ਵਾਸੂ!"

“ਹੀਰੋਇਨ ਕਿਸ ਨੂੰ ਰੱਖ ਰਹੇ ਹੋ?”

“ਕਿਉਂ ਤੂੰ ਤਾਂ ਹੈਂ---।' ਸਾਡੀ ਹੀਰੋਇਨ ਬਣਨਾ ਤੈਨੂੰ ਮੰਜੂਰ ਨਹੀਂ?”

ਵਸੁਧਾ ਹੱਸਣ ਲਗੀ,“ਮੈਨੂੰ ਤਾਂ ਕੋਈ ਇੰਟਰੈਸਟ ਨਹੀਂ ਕੁਮਾਰ ! ਹਾਂ ਤੁਸੀਂ ਕਹੋ ਤਾਂ ਤੁਹਾਨੂੰ ਇੱਕ ਜੋਰਦਾਰ ਹੀਰੋਇਨ ਸੁਝਾਅ ਸਕਦੀ ਹਾਂ।”

ਇਉਂ ਹੀ ਕਰ ਦੇਹ -ਸਾਡੀ ਫਿਲਮ ਦੇ ਫਿੱਟ ਹੋਈ ਤਾਂ ਉਸਨੂੰ ਰੱਖ ਲਵਾਂਗੇ।"ਕੁਮਾਰ ਚਾਹ ਪੀਂਦਾ ਰਿਹਾ।

ਆਪਣੇ ਪਰਸ ਚੋਂ ਵਸੁਧਾ ਨੇ ਦੋ ਤਿੰਨ ਫੋਟੋਆਂ ਕੱਢੀਆਂ। ਉਹਨਾਂ ਨੂੰ ਕੁਮਾਰ ਵੱਲ ਵਧਾ ਦਿੱਤਾ। ਅਤੇ ਉਸਦਾ ਪ੍ਰਤੀ ਕਰਮ ਜਾਣਨ ਵਾਸਤੇ ਬੜੀ ਬੇਸਬਰੀ ਨਾਲ ਉਸਦਾ ਚਿਹਰਾ ਵੇਖਣ ਲੱਗੀ।

ਵਾਹ-"ਕੁਮਾਰ ਜ਼ੋਰ ਦੀ ਹੱਸਿਆ,"ਇਹ ਤਾਂ ਤੇਰੀ ਸਿਸਟਰ ਹੈ।"

"ਮੇਰੀ ਸਿਸਟਰ ਹੋਣਾ ਕੀ ਗੁਨਾਹ ਹੈ?"

ਕੁਮਾਰ ਉਸੇ ਤਰਾਂ ਹੱਸਦਾ ਰਿਹਾ,"ਇਹ ਕਿਸਨੇ ਕਿਹਾ ਕਿ ਗੁਨਾਹ ਹੈ? ਬੜਾ ਅਟੈਕਟਿਵ ਫੇਸ ਹੈ। ਪਰ ਜਿਸ ਰੋਲ ਲਈ ਅਸੀਂ ਤੈਨੂੰ ਲੈਣਾ ਚਾਹੁੰਦੇ ਸਾਂ ਉਸ ਵਿਚ ਠੀਕ ਨਹੀਂ ਰਹੇਗੀ।"ਦੁਬਿਧਾ ਜਿਹੀ ਵਿਚ ਵਸੁਧਾ ਬੋਲੀ।

"ਗੱਲ ਅਸਲ 'ਚ ਇਹ ਹੈ ਕਿ ਮਿਸ ਵਸੁਧਾ, ਜਿਸ ਕਹਾਣੀ ਦਾ ਜਿਕਰ ਮੈਂ ਕਰ ਰਿਹਾ ਹਾਂ ਉਸ ਦੇ ਕਾਫੀ ਕੰਮ ਹੋ ਚੁੱਕਿਆ ਹੈ। ਨਵੇਂ ਸਕਰਿਪਟ ਦਾ ਅਰਥ ਹੈ, ਸਾਰੀਆਂ ਗੱਲਾਂ ਨਵੇਂ ਸਿਲਸਿਲੇ ਤੋਂ ਸ਼ੁਰੂ ਕੀਤੀਆਂ ਜਾਣ। ਫਿਰ ਇਹੋ ਜਿਹੀ ਕਹਾਣੀ ਲੱਭਣਾ ਜਿਹੜੀ ਰੀਅਲੀ ਆਰਟ ਫਿਲਮ ਦੇ ਦਾਇਰੇ 'ਚ ਫਿੱਟ ਬੈਠ ਸਕੇ- ਸੌਖਾ ਕੰਮ ਨਹੀਂ ਹੈ। ਤੂੰ ਨਹੀਂ ਜਾਣਦੀ ਫਿਲਮ ਬਣਾਉਣਾ ਕਿੰਨੇ ਝੰਜਟ ਅਤੇ ਖਤਰੇ ਦਾ ਕੰਮ ਹੈ। ਫਿਲਮ ਫਲਾਪ ਹੋਈ ਨਹੀਂ ਕਿ ਸਭ ਦਾ ਬੇੜਾ ਗਰਕ।"

"ਕਹਾਣੀ ਤੁਸੀਂ ਲੱਭ ਲਉ- ਜਿਹੜਾ ਕੰਮ ਮੇਰੇ ਲਾਇਕ ਹੋਵੇਗਾ ਮੈਂ ਕਰ ਦਿਆਂਗੀ ਕੀ ਕਰਾਂ, ਡਰਾਮੇ ਵਿਚ ਉਸਦਾ ਕੁਝ ਬਣ ਨਹੀਂ ਰਿਹਾ।"ਡੂੰਘੀ ਚਿੰਤਾ ਦੇ ਭਾਵ ਉਸਦੇ ਚਿਹਰੇ ਤੇ ਝਲਕ ਪਏ।

ਤੂੰ ਵਰੀ ਕਿਉਂ ਕਰਦੀ ਹੈਂ?"ਹਮਦਰਦੀ ਜਤਾਉਂਦਾ ਕੁਮਾਰ ਬੋਲਿਆ,"ਤੇਰਾ ਥੋੜਾ ਜਿਹਾ ਕੋਆਪਰੇਸ਼ਨ ਮਿਲੇ ਤਾਂ ਸਭ ਕੁਝ ਹੋ ਸਕਦਾ ਹੈ----।"

ਉਸ ਦਿਨ ਕੁਮਾਰ ਨੇ ਵਸੁਧਾ ਨਾਲ ਬੈਠ ਕੇ ਸਾਰੀ ਯੋਜਨਾ ਤਿਆਰ ਕਰ ਲਈ। ਤੈਅ ਇਹ ਹੋਇਆ ਕਿ ਪਹਿਲੀ ਤਾਰੀਕ ਨੂੰ ਉਹ ਕੁਮਾਰ ਦੇ ਨਾਲ ਬੰਬਈ ਜਾਏਗੀ। ਅਤੇ ਕੰਚਨ ਨੂੰ ਵੀ ਨਾਲ ਲੈ ਜਾਏਗੀ।

ਫੇਰ ਮਹੀਨਿਆਂ ਤੱਕ ਕੁਮਾਰ ਵਸੁਧਾ ਨੂੰ ਮਨਚਾਹੇ ਢੰਗ ਨਾਲ ਘੁਮਾਉਂਦਾ ਫਿਰਾਉਂਦਾ ਰਿਹਾ। ਵਸੁਧਾ ਚਾਹੁੰਦੀ ਹੋਈ ਵੀ ਮਨ੍ਹਾ ਨਾ ਕਰ ਸਕੀ। ਦੋ ਵਾਰੀ ਉਸ ਨਾਲ ਇੱਕਲੀ ਵੀ ਬੰਬਈ ਜਾ ਆਈ ਸੀ। ਇਕ ਵਾਰੀ ਪੂਨਾ ਵੀ।

ਪਰ ਫਿਲਮ ਦਾ ਕੰਮ ਅਜੇ ਸ਼ੁਰੂ ਨਹੀਂ ਸੀ ਹੋਇਆ। ਕੇਵਲ ਕੁਝ ਆਰੰਭਕ ਤਿਆਰੀਆਂ ਹੋ ਸਕੀਆਂ ਸਨ, ਏਨੀ ਭੱਜ ਦੌੜ ਦੇ ਮਗਰੋਂ ਵੀ।

ਕਦੇ ਕਦੇ ਤਾਂ ਹੁਣ ਵਸੁਧਾ ਰਾਤ ਨੂੰ ਮੁੜਨ ਵਿੱਚ ਵੀ ਦੇਰ ਹੋ ਜਾਂਦੀ।

ਪਰ ਹੌਲੀ ਹੌਲੀ ਕੁਮਾਰ ਵਿਚ ਪਰਿਵਰਤਨ ਆਉਂਣ ਲੱਗਿਆ। ਵਸੁਧਾ ਦੀ ਬਜਾਏ ਹੁਣ ਉਹ ਕੰਚਨ ਨੂੰ ਵਧੇਰੇ, ਫਿਲਮ ਨਿਰਮਾਤਾਵਾਂ ਅਤੇ ਫਾਈਨਾਂਸਰਾਂ ਕੋਲ ਲੈ ਕੇ ਘੁੰਮਦਾ। ਕੰਚਨ ਪ੍ਰਛਾਵੇਂ ਵਾਂਗੂੰ ਦਿਨ ਰਾਤ ਉਸ ਦੇ ਨਾਲ ਚਿੰਬੜੀ ਰਹਿੰਦੀ। ਨਈਅਰ ਪ੍ਰਵਾਰ ਚੋਂ ਕੱਢੇ ਜਾਣ ਮਗਰੋਂ ਹੁਣ ਉਸ ਵਿਚ ਬਦਲੇ ਦੀ ਭਾਵਨਾ ਜਾਗਣ ਲੱਗ ਪਈ ਸੀ। ਇਸ ਲਈ ਹੁਣ ਉਹ ਸਭ ਕੁਝ ਦਾਅ ਦੇ ਲਾ ਦੇਣ ਲਈ ਤਿਆਰ ਸੀ।

ਕੁਮਾਰ ਕੋਲ ਅਜੇ ਏਨਾ ਪੈਸਾ ਨਹੀਂ ਸੀ ਕਿ ਜ਼ਰੂਰੀ ਕੰਮਾਂ ਤੋਂ ਬਿਨਾਂ ਕਿਤੇ ਹੋਰ ਕੁਝ ਵੀ ਖਰਚ ਕਰ ਸਕਦਾ। ਇਸ ਲਈ ਉਸਨੇ ਕੰਚਨ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਜਦੋਂ ਤੱਕ ਫਿਲਮ ਪੂਰੀ ਨਹੀਂ ਹੋ ਜਾਂਦੀ ਉਹ ਉਸਨੂੰ ਇੱਕ ਪੈਸਾ ਨਹੀਂ ਦੇ ਸਕੇਗਾ। ਅਜੇ ਤਾਂ ਹਜਾਰਾਂ ਜਰੂਰੀ ਖਰਚੇ ਸਿਰ ਤੇ ਸਨ। ਜਿਨ੍ਹਾਂ ਨੂੰ ਪੂਰਾ ਕੀਤੇ ਬਿਨਾ ਇਕ ਪੈਰ ਵੀ ਅੱਗੇ ਵਧਣਾ ਵੀ ਸੰਭਵ ਨਹੀਂ ਸੀ।

ਪਿਛਲਾ ਕਰਜ਼ਾ ਸਿਰ ਤੋਂ ਪੂਰਾ ਉਤਰਿਆ ਨਹੀਂ ਸੀ ਕਿ ਵਸੁਧਾ ਨਵਾਂ ਕਰਜ਼ਾ ਲੈਣ ਦੀ ਸੋਚਣ ਲੱਗੀ। ਕੰਚਨ ਲਈ ਨਵੀਂਆਂ ਸਾੜ੍ਹੀਆਂ ਚਾਹੀਦੀਆਂ ਹਨ। ਕੰਚਨ ਨੇ ਬੰਬਈ ਜਾਣਾ ਹੈ। ਉਸਦੇ ਖਰਚ ਦਾ ਪ੍ਰਬੰਧ ਕਰਨਾ ਹੈ। ਸੈਂਕੜੇ ਰੁਪਏ ਉਸਦੇ ਸਾਜ ਸ਼ਿੰਗਾਰ ਦਾ ਸਮਾਨ ਲੈਣ ਲਈ ਲੱਗ ਗਏ।

ਅੱਠ ਨੌ ਮਹੀਨੇ ਇਸ ਤਰ੍ਹਾਂ ਲੰਘੇ ਕਿ ਕੁਮਾਰ ਦੀ ਬਦਲੀ ਬੰਬਈ ਹੋ ਗਈ। ਬੰਬਈ ਵਿਚ ਕੁਝ ਹੋਰ ਕੰਮ ਵੀ ਮਿਲ ਗਿਆ ਤਾਂ ਉਸਨੇ ਫਰਮ ਦੀ ਪੁਰਾਣੀ ਨੌਕਰੀ ਛੱਡ ਦਿੱਤੀ।

ਕੰਚਨ ਵੀ ਉਸਦੇ ਨਾਲ ਬੰਬਈ ਚਲੀ ਗਈ। ਨਵੀਂ ਬਣਨ ਵਾਲੀਆਂ ਕੁਝ ਦੂਜੀਆਂ ਫਿਲਮਾਂ ਵਿਚ ਵੀ ਉਸਨੂੰ ਰੋਲ ਮਿਲਣ ਦੀ ਸੰਭਾਵਨਾ ਸੀ।

ਅਤੇ ਇੱਕ ਦਿਨ ਕੁਮਾਰ ਦੇ ਨਿਰਦੇਸ਼ਨ ਵਿਚ ਬਣਨ ਵਾਲੀ ਫਿਲਮ ਦਾ 'ਮਹੂਰਤ' ਹੋਇਆ ਅਤੇ ਕੰਮ ਤੇਜ਼ੀ ਨਾਲ ਚੱਲ ਪਿਆ।

(13)

ਵਸੁਧਾ ਦੀ ਰੋਜ਼ ਦੀ ਜਿੰਦਗੀ ਉਹੀ ਸੀ। ਦਫਤਰ ਦਾ ਬੋਝ, ਘਰ ਦੀ ਚਿੰਤਾ, ਜੀਵਨ 'ਚ ਕੋਈ ਰਸ ਹੀ ਨਹੀਂ ਸੀ ਰਹਿ ਗਿਆ। ਪਰ ਅਖਬਾਰਾਂ ਰਿਸਾਲਿਆਂ ਦੇ ਫਿਲਮੀ ਕਾਲਮਾਂ ਵਿਚ ਕਦੇ ਕੰਚਨ ਦੀਆਂ ਤਸਵੀਰਾਂ ਵੇਖਦੀ ਤਾਂ ਉਸਨੂੰ ਬੜੀ ਖੁਸ਼ੀ ਹੁੰਦੀ ਅਤੇ ਉਹ ਆਪਣੀਆਂ ਸਾਰੀਆਂ ਨਿੱਜੀ ਚਿੰਤਾਵਾਂ ਭੁੱਲ ਜਾਂਦੀ। ਉਸਨੂੰ ਲੱਗਦਾ ਜੀਵਨ ਇੰਨਾ ਨਿਰਾਰਥਕ ਨਹੀਂ ਜਿੰਨਾ ਉਹ ਸਮਝ ਬੈਠੀ ਹੈ।

ਇਸ ਵਾਰੀ ਉਹ ਮਦਰਾਸ ਦੇ ਲੰਬੇ ਟੂਰ ਤੋਂ ਮੁੜੀ। ਬਹੁਤ ਹੀ ਰੁਝੇਵੇਂ ਭਰਿਆ ਟੂਰ ਸੀ। ਤਿੰਨ ਹਫਤੇ ਦਾ ਕੰਮ ਪੰਦਰਾਂ ਦਿਨਾਂ ਵਿਚ ਪੂਰਾ ਕਰ ਦਿੱਤਾ ਸੀ ਉਹਨੇ। ਡਾਇਰੈਕਟਰ ਸਰੀਨ ਖੁਸ਼ ਸੀ। ਉਸਦੀ ਚੁਸਤੀ ਦੀ ਵੇਲੇ ਕੁਵੇਲੇ ਪ੍ਰਸ਼ੰਸਾ ਕਰ ਦਿੰਦਾ ਸੀ ਉਸਨੂੰ ਖੁਸ਼ ਕਰਨ ਲਈ।

ਕੋਈ ਜਲੂਸ ਨਿਕਲ ਰਿਹਾ ਸੀ, ਸ਼ਾਇਦ ਏਸੇ ਲਈ ਮੇਨ ਰੋਡ ਦੀ ਟ੍ਰੈਫਿਕ ਰੋਕ ਦਿੱਤੀ ਗਈ ਸੀ। ਉਹ ਡਬਲਸਟੋਰੀ ਵਾਲੇ ਕੁਆਰਟਰਾਂ ਵਿਚੋਂ ਸਕੂਟਰ ਘੁਮਾਉਂਦੀ ਮੁਹੱਲੇ 'ਚ ਪਹੁੰਚੀ ਤਾਂ ਆਪਣੇ ਘਰ ਦੇ ਵਿਹੜੇ 'ਚ ਇੱਕਠੀ ਹੋਈ ਭੀੜ ਵੇਖਕੇ। ਉਸਦਾ ਦਿਲ ਬੈਠ ਗਿਆ।

ਕੋਲ ਜਾ ਕੇ ਵੇਖਿਆ, ਮੀਚੇ ਰੋ ਰਿਹਾ ਹੈ। ਸਾਹਮਣੇ ਜਮੀਨ ਤੇ ਚਿੱਟੀ ਚਾਦਰ ਵਿਚ ਲਿਪਟੀ ਪਿਤਾ ਜੀ ਦੀ ਲਾਸ਼ ਪਈ ਸੀ।

"ਕੀ ਹੋਇਆ ਮੀਚੇ?"

ਭਾਪਾ ਜੀ ਗੁਜਰ ਗਏ।"ਮੀਚੇ ਫਿਸ ਪਿਆ। ਹੌਲੀ ਹੌਲੀ ਉਸਨੇ ਦੱਸਿਆ ਕਿ ਮੈਂ ਫੁੱਫੜ ਜੀ ਦੇ ਨਾਲ ਬੁਲੰਦ ਸ਼ਹਿਰ ਬਿੱਟੋ ਦੇ ਮੁੰਡਨ ਤੇ ਗਿਆ ਸੀ। ਸਵੇਰੇ ਜਾ ਕੇ ਸ਼ਾਮ ਨੂੰ ਮੁੜ ਆਉਣਾ ਸੀ-ਪਰ ਉਥੇ ਮੇਰੀ ਤਬੀਅਤ ਖਰਾਬ ਹੋ ਗਈ। ਦੋ ਦਿਨ ਹਸਪਤਾਲ 'ਚ ਰਿਹਾ ਅੱਜ ਸਵੇਰੇ ਮੁੜਿਆ ਤਾਂ ਭਾਪਾ ਜੀ ਦੀ ਲਾਸ਼ ਦੇਖੀ।

"ਝਾਈ ਜੀ ! ਕਿਥੇ ਨੇ? ਤੇ ਦਾਦੀ ਜੀ----"

“ਉਹ ਕਰੋਲਬਾਗ ਗਏ ਸਨ, ਤੁਹਾਡੇ ਜਾਣ ਤੋਂ ਇੱਕ ਦਿਨ ਮਗਰੋਂ, ਹੁਣ ਤੱਕ ਉਥੋਂ ਨਹੀਂ ਮੁੜੇ।”

ਜਾਣ ਵੇਲੇ ਗੁਆਂਢ 'ਚ ਕਿਸੇ ਨੂੰ ਕਹਿ ਤਾਂ ਜਾਂਦਾ।”

"ਚਰਨੀ ਨੂੰ ਕਹਿ ਕੇ ਗਿਆ ਸੀ-ਉਹ ਸ਼ਾਇਦ ਭੁੱਲ ਗਈ।"ਮੱਥਾ ਫੜ ਕੇ ਬੈਠ ਗਈ ਵਸੁਧਾ।

ਇਹ ਸਭ ਕੁਝ ਕੀ ਹੋ ਗਿਆ, ਉਸਦੀ ਸਮਝ ਵਿਚ ਕੁਝ ਨਹੀਂ ਸੀ ਆ ਰਿਹਾ ਹੱਡੀਆਂ ਦਾ ਪਿੰਜਰ ਪਿਆ ਸੀ ਬਾਹਰ। ਬਦਬੂ ਆ ਰਹੀ ਸੀ। ਲਾਸ਼ ਪਈ ਪਈ ਸੜ ਗਈ ਸੀ।

ਖੁਲ੍ਹੇ ਮੂੰਹ ਤੇ ਮੱਖੀਆਂ ਭੀ ਭੀ ਕਰ ਰਹੀਆਂ ਸਨ।

ਵਸੁਧਾ ਨੇ ਚਾਦਰ ਨਾਲ ਮੂੰਹ ਉਪਰੋਂ ਢਕ ਦਿੱਤਾ। ਮੁਹੱਲੇ ਵਾਲਿਆਂ ਦੀ ਮਦਦ ਨਾਲ ਕਿਸੇ ਤਰ੍ਹਾਂ ਸ਼ਾਮ ਤੱਕ ਸੰਸਕਾਰ ਕੀਤਾ ਜਾ ਸਕਿਆ।

000

ਭਾਂ ਭਾਂ ਕਰਦਾ ਘਰ ਹੁਣ ਜਿਵੇਂ ਖਾਣ ਨੂੰ ਆਉਂਦਾ। ਪਿਤਾ ਦੀ ਮੌਤ ਨਿਸ਼ਚਿਤ ਸੀ, ਪਰ ਇਸ ਤਰ੍ਹਾਂ ਇਹ ਸਾਰਾ ਕੁਝ ਹੋ ਜਾਏਗਾ-ਇਸਦੀ ਵਸੁਧਾ ਨੇ ਕਦੇ ਕਲਪਨਾ ਵੀ ਨਹੀਂ ਸੀ ਕੀਤੀ।

ਉੱਪਰ ਉਹਨਾਂ ਦਾ ਮੰਜਾ ਉਵੇਂ ਦਾ ਉਵੇਂ ਪਿਆ ਸੀ-। ਸੁਰਾਹੀ ਦਾ ਪਾਣੀ ਸੁੱਕ ਗਿਆ ਸੀ। ਬੀੜੀਆਂ ਦਾ ਟੁੱਟਿਆ ਬੰਡਲ ਸਰਾਹਣੇ ਤੋਂ ਥੱਲੇ ਡਿਗ ਪਿਆ ਸੀ। ਕੋਲੇ ਹੀ ਸੁੱਕੀ ਹੋਈ ਥਾਲੀ ਪਈ ਸੀ - ਜੂਠੀ।

ਮਾਂ ਰਾਤ ਨੂੰ ਦੇਰ ਨਾਲ ਘਰ ਮੁੜੀ ਪਰ ਉਸ ਦੇ ਚਿਹਰੇ ਤੇ ਕੋਈ ਭਾਵ ਨਹੀਂ ਸੀ।

“ਆਖਿਰ ਉਹਨਾਂ ਨੇ ਜੀ ਕੇ ਵੀ ਕਰਨਾ ਕੀ ਸੀ?"ਬੁੜਬੁੜਾ ਕੇ ਉਹ ਚੁੱਪ ਹੋ ਗਈ।

"ਜੀ ਕੇ ਅਸੀਂ ਕਿਹੜਾ ਪਹਾੜ ਤੋੜਨਾ ਹੈ ਝਾਈ ਜੀ- ਪਰ ਕਿਸ ਤਰ੍ਹਾਂ ਇਹ ਮੌਤ ਹੋਈ ਹੈ, ਉਸਦੇ ਬਾਰੇ ਸੋਚਦੇ ਹੀ ਮੇਰਾ ਕਲੇਜਾ ਕੰਬ ਕੰਬ ਉਠਦਾ ਹੈ। ਕਿਸੇ ਨੂੰ ਕੁਝ ਕਹਿ ਵੀ ਨਹੀਂ ਸਕਦੀ ਲੋਕ ਕੀ ਸੋਚਣਗੇ।?"

ਉਸ ਰਾਤ ਕਿਸੇ ਤੋਂ ਪਾਣੀ ਤੱਕ ਨਹੀਂ ਪੀਤਾ ਗਿਆ। ਛੇਤੀ ਛੇਤੀ ਬੱਤੀਆਂ ਬੁਝਾ ਕੇ ਸਾਰੇ ਜਿਵੇਂ ਕਿਵੇਂ ਪੈ ਗਏ।

ਵਸੁਧਾ ਨੂੰ ਰਹਿ ਰਹਿ ਕੇ ਧੱਕਾ ਜਿਹਾ ਵੱਜਦਾ। ਪਿਤਾ ਦੀ ਛਾਂ ਅੱਜ ਸਚਮੁਚ ਸਿਰ ਤੋਂ ਅਲੋਪ ਹੋ ਗਈ ਅਤੇ ਅਸੀਂ ਅਨਾਥ ਹੋ ਗਏ।

(14)

ਕੰਚਨ ਨੂੰ ਆਪਣੇ ਸਾਹਮਣੇ ਹੁਣ ਇੱਕ ਨਵਾਂ ਸੰਸਾਰ ਦਿਸਣ ਲੱਗਿਆ। ਪਤੀ ਹੱਥੋਂ ਅਪਮਾਨਿਤ ਹੋਣ ਮਗਰੋਂ ਉਸ ਵਿਚ ਜਿਉਂਣ ਦੀ ਲਾਲਸਾ ਸਮਾਪਤ ਹੋ ਚੁੱਕੀ ਸੀ। ਉਸਨੂੰ ਚਾਰੇ ਪਾਸੇ ਨਿਰਾਸ਼ਾ ਹੀ ਨਿਰਾਸ਼ਾ, ਦੁੱਖ ਹੀ ਦੁੱਖ, ਹਨੇਰਾ ਹੀ ਹਨੇਰਾ ਦਿਸਦਾ। ਪਰ ਹੁਣ ਉਸਨੂੰ ਲੱਗਦਾ ਕਿ ਇਹ ਹਨੇਰਾ ਚਾਨਣ 'ਚ ਵਟਦਾ ਜਾ ਰਿਹਾ ਹੈ। ਅੰਦਰ ਵਸੀ ਗਹਿਰੀ ਹੀਣ ਭਾਵਨਾ ਹੌਲੀ ਹੌਲੀ ਖਤਮ ਹੁੰਦੀ ਜਾ ਰਹੀ ਹੈ। ਕੰਮ ਦਾ ਸ਼ੰਤੋਸ਼ ਉਸਨੂੰ ਲਗਾਤਾਰ ਅੱਗੇ ਧੱਕ ਰਿਹਾ ਸੀ।

ਹਰ ਸਵਾਲ ਬਾਰੇ ਹੁਣ ਉਸਨੇ ਨਵੇਂ ਸਿਰੇ ਤੋਂ ਸੋਚਣਾ ਸ਼ੁਰੂ ਕਰ ਦਿੱਤਾ। ਆਪਣੇ ਨਿਰਾਰਥਕ ਜੀਵਨ ਵਿਚ ਸਾਰਥਕਤਾ ਦੀ ਸਿੱਧੀ ਲਈ ਉਸਨੇ ਦ੍ਰਿੜ ਸੰਕਲਪ ਧਾਰ ਲਿਆ ਸੀ। ਜਿੰਦਗੀ ਦੇ ਰਾਹ ਵਿਚ ਸੰਭਾਵਿਤ ਖਤਰਿਆਂ ਦਾ ਦ੍ਰਿੜਤਾ ਨਾਲ ਸਾਹਮਣਾ ਕਰਨ ਦੀ ਅਦਭੁਤ ਸ਼ਕਤੀ ਆ ਗਈ ਸੀ, ਉਸ ਵਿਚ।

ਹੁਣ ਉਹ ਕੋਈ ਹੋਰ ਹੀ ਕੰਚਨ ਸੀ, ਮਰ ਜਾਣ ਤੋਂ ਮਗਰੋਂ ਜਿਸਦਾ ਪੁਨਰ ਜਨਮ ਹੋਇਆ ਸੀ। ਉਸਦੀ ਇਕ ਹੀ ਲਾਲਸਾ ਸੀ- ਨਈਅਰ ਪਰਿਵਾਰ ਵਾਲਿਆਂ ਨੇ-ਉਸ ਦੇ ਘਰ ਦੀ

ਤਰਸਯੋਗ ਹਾਲਤ ਕਾਰਨ ਜਿਵੇਂ ਤੁੱਛ ਸਮਝ ਕੇ ਉਸਨੂੰ ਘਰੋਂ

ਕੱਢ ਦਿੱਤਾ ਸੀ- ਉਹ ਕਿਸੇ ਦੂਸਰੇ ਢੰਗ ਨਾਲ ਉਸਦਾ ਬਦਲਾ ਲੈਣਾ ਚਾਹੁੰਦੀ ਸੀ। ਕੁਮਾਰ ਨੂੰ ਹੁਣ ਤੱਕ ਸ਼ੱਕ ਸੀ ਕਿ ਉਹ ਫਿਲਮ ਵਿਚ ਕੰਮ ਕਰ ਸਕੇਗੀ ਜਾਂ ਨਹੀਂ। ਉਸਦੇ ਲਈ ਫਿਲਮ ਅਸਫਲ ਹੋਣੀ ਆਤਮ ਹੱਤਿਆ ਤੋਂ ਵੀ ਭਿਅੰਕਰ ਸੀ। ਕਿਸੇ ਵੀ ਕੀਮਤ ਤੇ ਉਹ ਇਹ ਬਾਜ਼ੀ ਹਾਰਨਾ ਨਹੀਂ ਸੀ ਚਾਹੁੰਦਾ।

ਕੰਚਨ ਦੇ ਵਿਚ ਆਏ ਇਸ ਅਚਾਨਕ ਬਦਲਾਅ ਨਾਲ ਉਸਨੂੰ ਬੜੀ ਸੁਖ ਭਰੀ ਹੈਰਾਨੀ ਹੋ ਰਹੀ ਸੀ। ਲੱਗਦਾ ਸੀ ਕਿ ਸ਼ਾਇਦ ਫਿਲਮ ਦੀ ਸਫਲਤਾ ਦਾ ਬਹੁਤ ਸਿਹਰਾ ਇਸੇ ਦੇ ਸਿਰ ਜਾਏਗਾ।

ਕੰਚਨ ਕੰਮ 'ਚ ਏਨੀ ਡੁੱਬੀ ਰਹਿੰਦੀ ਕਿ ਉਸਨੂੰ ਸਮੇਂ ਦਾ ਧਿਆਨ ਹੀ ਨਾ ਰਹਿੰਦਾ ਕਈ ਕਈ ਘੰਟੇ ਉਹ ਅਭਿਆਸ ਕਰਦੀ ਆਪਣੇ ਪਾਤਰਾਂ ਨਾਲ ਗੱਲਾਂ ਕਰਦੀ, ਲੜਦੀ ਝਗੜਦੀ। ਦਿਨ ਰਾਤ ਜਿਵੇਂ ਉਹਨਾਂ ਦਾ ਹੀ ਜੀਵਨ ਜਿਊਂਦੀ। ਕਹਾਣੀ ਦੀ ਨਾਇਕਾ ਬਿੰਦੀਆਂ ਦੀ ਭੂਮਿਕਾ ਵਿਚ ਉਹ ਇਹੋ ਜਿਹੀ ਗੁਆਚੀ ਕਿ ਆਪਣੇ ਆਪ ਨੂੰ 'ਬਿੰਦੀਆਂ' ਹੀ ਸਮਝਣ ਲੱਗੀ। ਉਹੀ ਬੋਲੀ, ਉਹੀ ਚਾਲ ਢਾਲ, ਉਹੀ ਖਾਣਾ ਪੀਣਾ, ਰਹਿਣਾ ਸਹਿਣਾ ਸਭ ਕੁਝ ਉਹੋ ਜਿਹਾ ਹੀ।

ਉਸਨੂੰ ਇਸ ਦੀ ਸੁਧ ਹੀ ਨਾ ਰਹੀ ਕਿ ਘਰ ਵਿਚ ਕੀ ਹੋ ਰਿਹਾ ਹੈ? ਕਿਸ ਤਰ੍ਹਾਂ ਵਸੁਧਾ ਆਪਣੇ ਦਿਨ ਕੱਟ ਰਹੀ ਹੈ? ਉਸਦੀ ਹਾਲਤ ਕਿਹੋ ਜਿਹੀ ਹੋਵੇਗੀ?

ਇਕ ਦੋ ਨਵੀਆਂ ਫਿਲਮਾਂ ਵੀ ਉਸਨੂੰ ਮਿਲ ਗਈਆਂ ਸਨ ਪਰ ਉਹਨਾਂ ਨਾਲ ਪੈਸਾ ਅਜੇ ਏਨਾ ਨਹੀਂ ਸੀ ਮਿਲਦਾ ਕਿ ਉਹ ਬੰਬਈ ਵਰਗੇ ਸ਼ਹਿਰ ਵਿਚ ਸਾਰੀਆਂ ਜ਼ਰੂਰਤਾਂ ਪੂਰੀਆਂ ਕਰ ਸਕਦੀ। ਹੁਣ ਤੱਕ ਫਿਲਮ ਦੇ ਸੰਬੰਧ ਵਿਚ ਸਾਰੇ ਕੰਮ ਅਧੂਰੇ ਸਨ। ਇਸ ਲਈ ਕਹਿਣ ਨੂੰ ਵੀ ਪੈਸੇ ਦਾ ਜੁਗਾੜ ਕਿਤੋਂ ਸੰਭਵ ਨਹੀਂ ਸੀ। ਜਦੋਂ ਕਦੋਂ ਉਸਨੂੰ ਖਰਚ ਲਈ ਵਸੁਧਾ ਨੂੰ ਹੀ ਲਿਖਣਾ ਪੈਂਦਾ ਸੀ।

ਵਸੁਧਾ ਪਤਾ ਨਹੀਂ ਕਿਥੋਂ ਕਿੱਥੋਂ ਪੈਸੇ ਇਕੱਠੇ ਕਰਕੇ ਉਸਨੂੰ ਘੱਲਦੀ। ਉਸਨੂੰ ਲੱਗਦਾ ਕਿ ਸਿਨਮੇ ਦੇ ਜਾਦੂਈ ਸੰਸਾਰ ਵਿਚ ਜੇ ਉਹ ਸਫਲ ਹੋ ਗਈ ਤਾਂ ਜੀਵਨ ਦੀਆਂ ਸਾਰੀਆਂ ਮੁਸ਼ਕਲਾਂ ਦੇ ਹੱਲ ਆਪਣੇ ਆਪ ਹੀ ਨਿਕਲ ਆਉਣਗੇ। ਪੈਸਾ ਹੋਏਗਾ, ਰੂਪ ਹੋਏਗਾ, ਜਵਾਨੀ ਹੋਏਗੀ ਤਾਂ ਉਹ ਕਿਤੇ ਵੀ ਮਨਪਸੰਦ ਥਾਂ ਤੇ ਵਿਆਹ ਕਰਕੇ ਸੁਖੀ ਜੀਵਨ ਬਤੀਤ ਕਰ ਸਕੇਗੀ। ਜਿੰਦਗੀ ਵਿਚ ਪੈਸੇ ਦੀ ਅਣਹੋਂਦ ਕਾਰਨ ਜਿੰਨੇ ਵੀ ਦੁੱਖ ਉਸਨੇ ਸਹੇ, ਉਹਨਾਂ ਸਾਰਿਆਂ ਤੋਂ ਮੁਕਤੀ ਮਿਲ ਜਾਏਗੀ।

ਇਸ ਲਈ ਜਾਣ ਬੁੱਝ ਕੇ ਉਹ ਆਪਣੀਆਂ ਚਿੱਠੀਆਂ ਵਿਚ ਘਰ ਦੀ ਦੁੱਖ ਭਰੀ ਹਾਲਤ ਦਾ ਜ਼ਿਕਰ ਨਹੀਂ ਸੀ ਕਰਦੀ। ਫਾਲਤੂ ਦੀ ਚਿੰਤਾ ਦਾ ਵੀ ਕੀ ਫਾਇਦਾ ਸੀ? ਜੋ ਕੁਝ ਹੋ ਸਕਦਾ ਸੀ ਆਪਣੇ ਸੀਮਤ ਜਿਹੇ ਸਾਧਨਾਂ ਦੇ ਆਸਰੇ ਉਹ ਕਰ ਰਹੀ ਸੀ।

ਕੁਮਾਰ ਇਸ ਦਰਮਿਆਨ ਦੋ ਵਾਰੀ ਦਿੱਲੀ ਆਇਆ ਪਰ ਉਸਨੂੰ ਮਿਲਿਆ ਨਹੀਂ। ਉਲਟਾ ਜਦੋਂ ਵਸੁਧਾ ਨੇ ਫੋਨ ਕੀਤਾ ਤਾਂ ਉਸਨੇ ਕਹਾ ਦਿੱਤਾ ਕਿ ਇਸ ਸਮੇਂ ਉਹ ਹੋਟਲ ਵਿਚ ਨਹੀਂ ਹੈ।

ਜਿਹੜਾ ਕੁਮਾਰ ਵਰ੍ਹਿਆਂ ਤੱਕ ਉਸਦੇ ਪਿੱਛੇ ਪਾਗਲ ਹੋਇਆ ਭੱਜਦਾ ਫਿਰਦਾ ਸੀ। ਹੁਣ ਉਹ ਉਸ ਵੱਲ ਮੁੜਕੇ ਦੇਖਣ ਲਈ ਤਿਆਰ ਨਹੀਂ ਸੀ। ਕੰਚਨ ਦੇ ਜਿਉਂ ਜਿਉਂ ਉਹ ਨੇੜੇ ਹੁੰਦਾ ਗਿਆ ਤਿਉਂ ਤਿਉਂ ਉਹ ਵਸੁਧਾ ਤੋਂ ਵੀ ਦੂਰ ਹੁੰਦਾ ਗਿਆ।

ਪਰ ਵਸੁਧਾ ਨੇ ਅਪਮਾਨਿਤ ਹੋਣ ਦੇ ਬਾਵਜੂਦ ਵੀ ਇਸ ਵਿਚ ਰੱਤੀ ਭਰ ਬੁਰਾ ਨਹੀਂ ਮੰਨਿਆਂ। ਸ਼ਾਇਦ ਉਹ ਵੀ ਇਹੀ ਚਾਹੁੰਦੀ ਸੀ। ਉਸਦੇ ਅਚੇਤ ਮਨ 'ਚ ਵੀ ਸ਼ਾਇਦ ਇਹੋ ਕੁਝ ਸੀ।

ਕੰਚਨ ਦੀ ਸਫਲਤਾ ਨੂੰ ਸ਼ਇਦ ਅਪਰੋਖ ਰੂਪ ਵਿਚ ਉਸਨੇ ਆਪਣੀ ਸਫਲਤਾ ਹੀ ਮੰਨ ਲਿਆ ਸੀ। ਕੰਚਨ ਵਿਚ ਹੀ ਕਿਤੇ ਉਸਨੇ ਆਪਣਾ ਪ੍ਰਤੀਬਿੰਬ ਲੱਭ ਲਿਆ ਸੀ। ਇਸ ਲਈ ਉਸਨੂੰ ਲੱਗਦਾ- ਸਫਲਤਾ ਦੀਆਂ ਉਚੀਆਂ ਉਚੀਆਂ ਗਗਨਚੁੰਬੀ ਪੌੜੀਆਂ ਦੀ ਦਿਸ਼ਾ ਵੱਲ ਕੰਚਨ ਨਹੀਂ ਉਹ ਆਪ ਵਧ ਰਹੀ ਹੈ।

ਪਰ ਕੰਚਨ ਘਰ ਨੂੰ ਇੱਕ ਤਰਾਂ ਨਾਲ ਬਿਲਕੁਲ ਹੀ ਵਿਸਾਰ ਚੁੱਕੀ ਸੀ।

ਪਿਤਾ ਦੀ ਮੌਤ ਦਾ ਸਮਾਚਾਰ ਉਸਨੂੰ ਮਿਲ ਗਿਆ ਸੀ ਪਰ ਉਸਨੇ ਜੁਆਬੀ ਖ਼ਤ ਲਿਖਣ ਦੀ ਰਸਮ ਤੱਕ ਵੀ ਨਹੀਂ ਨਿਭਾਈ। ਕਦੇ ਭੁੱਲ ਕੇ ਵੀ ਇਹ ਪੁੱਛਣ ਦੀ ਲੋੜ ਨਹੀਂ ਸਮਝੀ ਕਿ ਹੁਣ ਤੱਕ ਜਿਹੜੇ ਰੁਪਏ ਵਸੁਧਾ ਘੱਲਦੀ ਹੈ ਉਹ ਕਿਸ ਤਰਾਂ ਇਕੱਠੇ ਕਰਦੀ ਹੈ।

ਵਸੁਧਾ ਦੀ ਦਿਨ ਰਾਤ ਦੀ ਮਿਹਨਤ ਤੋਂ ਮਗਰੋਂ, ਜਿੰਨੀ ਆਮਦਨ ਸੀ, ਖਰਚਾ ਉਸ ਤੋਂ ਕਿਤੇ ਵੱਧ ਹੋ ਰਿਹਾ ਸੀ।

ਆਏ ਦਿਨ ਇਹਨਾਂ ਪਰੇਸ਼ਾਨੀਆਂ 'ਚ ਬੁਰੀ ਤਰ੍ਹਾਂ ਉਲਝੀ ਰਹਿੰਦੀ ਸੀ ਉਹ। ਹਰ ਵੇਲੇ ਗੁਆਚੀ ਗੁਆਚੀ ਨਾ ਉਸਨੂੰ ਆਪਣੇ ਰੱਖ-ਰਖਾਅ ਦੀ ਸੁਧ ਸੀ, ਨਾ ਕੱਪੜੇ ਲੱਤੇ, ਨਾ ਖਾਣ ਪੀਣ ਦੀ ਖਬਰ। ਦਫ਼ਤਰ ਦੇ ਮਗਰੋਂ ਵੀ ਉਹ ਬਹੁਤ ਸਾਰੇ ਪਾਰਟ ਟਾਈਮ ਕੰਮ ਕਰਿਆ ਕਰਦੀ।

ਘਰ ਵਿਚ ਪਿਤਾ ਦੀ ਥਾਂ ਅੰਨ੍ਹੀ ਦਾਦੀ ਨੇ ਲੈ ਲਈ ਸੀ। ਮਾਂ ਦਾ ਰੁਝਾਣ ਹੁਣ ਪੂਜਾ ਪਾਠ ਵੱਲ ਹੋਣ ਲੱਗ ਪਿਆ ਸੀ। 'ਸਿਮਰਨੀ' ਹੱਥ 'ਚ ਲਈ ਉਹ ਘੰਟੋ ਬੱਧੀ ਅੱਖਾਂ ਮੁੰਦੀ ਧਿਆਨ ਦੀ ਹਾਲਤ 'ਚ ਬੈਠੀ ਰਹਿੰਦੀ।

ਮੀਚੇ ਦੀ ਪੜ੍ਹਾਈ ਪਿਤਾ ਦੇ ਚਿਰ ਸਥਾਈ ਰੋਗ ਕਾਰਨ ਕਦੇ ਵੀ ਠੀਕ ਢੰਗ ਨਾਲ ਨਹੀਂ ਸੀ ਚੱਲੀ। ਪੜ੍ਹਨ 'ਚ ਉਹ ਬੁਰਾ ਨਹੀਂ ਸੀ, ਪਰ ਪੜ੍ਹਨ ਦਾ ਸਮਾਂ ਮਿਲਦਾ ਤਾਂ ਹੀ ਨਾ। ਉਹ ਲਗਾਤਾਰ ਫੇਲ੍ਹ ਹੁੰਦਾ ਰਿਹਾ ਤਾਂ ਮਾਂ ਨੇ ਉਸਦਾ ਵੀ ਪ੍ਰਬੰਧ ਕਰ ਦਿੱਤਾ। ਰਾਜੌਰੀ ਗਾਰਡਨ ਵਾਲੇ ਫੁੱਫੜ ਜੀ ਦੇ ਕੁਝ ਟੱਰਕ ਸਨ। ਰੋੜੀ ਬਜਰੀ ਦਾ ਠੇਕਾ ਸੀ। ਟੱਰਕਾਂ ਦੀ ਭਰਾਈ,ਉਤਰਾਈ ਦੀ ਗਿਣਤੀ ਦੇ ਕੰਮ ਲਈ ਉਹਨਾਂ ਨੇ ਮੀਚੇ ਨੂੰ ਰੱਖ ਲਿਆ। ਖਾਣ ਪੀਣ ਤੋਂ ਇਲਾਵਾ ਜੇਬ ਖਰਚ ਥੋੜਾ ਬਹੁਤ ਦੇ ਦਿੰਦੇ ਸਨ। ਉਹਨਾਂ ਨੇ ਹੌਂਸਲਾ ਦਿੱਤਾ ਸੀ ਕਿ ਕੁਝ ਕੰਮ ਸਿੱਖ ਜਾਣ ਮਗਰੋਂ ਉਹ ਉਸਨੂੰ ਬਕਾਇਦਾ ਮੁਨਸ਼ੀ ਦੀ ਗੱਦੀ ਤੇ ਬਿਠਾ ਦੇਣਗੇ।

ਵਸੁਧਾ ਨੇ ਬੜਾ ਮਨ੍ਹਾਂ ਕੀਤਾ। ਪੜ੍ਹਦਾ ਲਿਖਦਾ ਤਾਂ ਕੁਝ ਜਿੰਦਗੀ ਬਣਦੀ, ਹੁਣ ਉਵੇਂ ਟਰੱਕਾਂ ਤੇ ਬੈਠਾ ਘੁੰਮਦਾ ਫਿਰੇਗਾ। ਡਰਾਈਵਰਾ ਦੇ 'ਸਤਿਸੰਗ' ਵਿਚ ਰਹਿ ਕੇ ਕਿਸੇ ਦਿਨ ਕੌਲੀ ਕੜਛੀ ਵੇਚ ਆਏ ਤਾਂ ਹੈਰਾਨੀ ਦੀ ਗੱਲ ਨਹੀਂ।

ਪਰ ਮਾਂ ਨਹੀਂ ਸੀ ਮੰਨੀ।

000

ਪਿਤਾ ਦੀ ਮੌਤ ਮਗਰੋਂ ਇੱਕ ਹੋਰ ਤੂਫਾਨ ਖੜ੍ਹਾ ਹੋਗਿਆ ਸੀ ਹੁਣ। ਸਵਰਗੀ ਲਾਲਾ ਬਿਸ਼ਨਦਾਸ ਦੀ ਜਾਇਦਾਦ ਦੇ ਅਚਾਨਕ ਕਈ ਵਾਰਿਸ ਬਣ ਗਏ ਸਨ। ਸਾਰਿਆਂ ਦੇ ਅੱਡ ਅੱਡ ਦਾਅਵੇ ਅਤੇ ਅੱਡੋ ਅੱਡੀ ਬੋਲੀ ਸੀ। ਲਾਜਪਤ ਨਗਰ ਦੀ ਇਹ ਕਾਲੋਨੀ ਜਦੋਂ ਵਸੀ ਤਾਂ ਕੋਈ ਭਲਾਮਾਣਸ ਇਸ ਵੱਲ ਝਾਕਦਾ ਤੱਕ ਨਹੀਂ ਸੀ। ਦਿੱਲੀ ਦਾ ਇਕ ਪਛੜਿਆ ਹੋਇਆ ਕਿਨਾਰਾ-ਉਤੋਂ ਸ਼ਰਨਾਰਥੀਆਂ ਦੀ ਬਸਤੀ।

ਪਰ ਜਦੋਂ ਤੋਂ ਗ੍ਰੇਟਰ ਕੈਲਾਸ਼, ਸੂਰਜ ਪਰਬਤ ਵਸ ਗਏ, ਇਸਦਾ ਮੁੱਲ ਹਜ਼ਾਰਾਂ ਗੁਣਾ ਵਧ ਗਿਆ ਸੀ। ਦਸ ਦਸ ਹਜ਼ਾਰ ਦੇ ਮਕਾਨ ਹੁਣ ਲੱਖ ਲੱਖ ਦੇ ਹੋ ਗਏ ਸਨ।

ਫੇਰ ਬਿਸ਼ਨਦਾਸ ਦੇ ਰਿਸ਼ਤੇਦਾਰਾਂ ਦਾ ਗਿਰਝਾ ਵਾਂਗੂੰ ਇਕੱਠੇ ਹੋ ਜਾਣਾ ਸੁਭਾਵਿਕ ਹੀ ਸੀ। ਉਹਨਾਂ ਦੀ ਪਹਿਲੀ ਪਤਨੀ ਨੇ ਪਲਵਲ ਦੇ ਨੇੜੇ ਕਿਸੇ ਛੋਟੇ ਜਿਹੇ ਕਸਬੇ ਤੋਂ ਅਦਾਲਤ ਰਾਹੀਂ ਨੋਟਿਸ ਭਿਜਵਾ ਦਿੱਤਾ ਸੀ। ਅਤੇ ਇਸ ਗੱਲ ਦੇ ਸਬੂਤ ਵੀ ਦਿੱਤੇ ਸਨ ਸਵਰਗੀ ਲਾਲਾ ਜੀ ਦੀ ਵਿਆਹੁਤਾ ਪਤਨੀ ਉਹੀ ਹੈ। ਦੂਜਾ ਵਿਆਹ ਉਹਨਾਂ ਨੇ ਕੀਤਾ ਹੀ ਨਹੀਂ। ਹਾਂ ਕੋਈ ਆਪਣੇ ਆਪ ਆ ਕੇ ਉਹਨਾਂ ਦੇ ਘਰ ਰਹਿਣ ਲੱਗ ਪਈ ਹੋਵੇ ਤਾਂ ਹੋਰ ਗੱਲ ਹੈ।

ਬਾਦ ਵਿਚ ਇਕ ਦਿਨ ਉਹ ਸਚਮੁੱਚ ਹੀ ਆ ਗਈ ਸੀ। ਤਿੰਨ ਬੱਚਿਆਂ ਨੂੰ ਨਾਲ ਲੈ ਕੇ। ਆਉਂਦੀ ਹੀ ਧਾਹ ਮਾਰਕੇ ਬੋਲੀ,"ਦੱਸੋ ਇਹਨਾਂ ਨਿਆਣਿਆਂ ਦਾ ਕੀ ਹੋਏਗਾ?"ਹੈਰਾਨੀ ਨਾਲ ਸਾਰੇ ਵੇਖਦੇ ਰਹਿ ਗਏ।

ਆਂਢ ਗੁਆਂਢ ਦੇ ਲੋਕਾਂ ਨੇ ਕਿਹਾ ਕਿ ਲਾਲਾ ਜੀ ਦੀ ਪਹਿਲੀ ਘਰ ਵਾਲੀ ਤਾਂ ਆਪਣੇ ਪਹਿਲੇ ਪ੍ਰੇਮੀ ਨਾਲ ਹੀ ਕਿਤੇ ਅੰਤਰ ਧਿਆਨ ਹੋ ਗਈ ਸੀ-ਫੇਰ -ਇਹ ਤਿੰਨ ਬੱਚੇ ਕਿਥੋਂ? ਕਿਵੇਂ?

ਇਸ ਗੱਲ ਤੇ ਤਾਂ ਉਹ ਬਿਫ਼ਰ ਹੀ ਗਈ,“ਮੈਂ ਭੱਜੀ ਨਹੀਂ ਸੀ, ਸੜੇ ਮੂੰਹ ਵਾਲੀਏ ! ਆਪਣੇ

ਪੇਕੇ ਘਰ ਗਈ ਸੀ। ਲਾਲਾ ਜੀ ਨੇ ਆਪ ਭੇਜਿਆ ਸੀ, ਤਾਂ ਕਿ ਮੈਂ ਉਥੇ ਆਪਣੇ ਬੁੱਢੇ ਮਾਂ ਪਿਉ ਦੀ ਕੁਝ ਸੇਵਾ ਕਰ ਸਕਾਂ। ਰੋਹਣਪੁਰ ਕਿਹੜਾ ਦੂਰ ਹੈ ਏਥੋਂ? ਲਾਲਾ ਜੀ ਉਥੇ ਮਹੀਨੇ 'ਚ ਦੋ ਦੋ ਵਾਰੀ ਤਾਂ ਆਉਂਦੇ ਸਨ। ਪੁੱਛ ਲਉ ਕਿਸੇ ਤੋਂ ਸਾਰੀ ਦਿੱਲੀ ਨੂੰ ਪਤਾ ਹੈ, ਸਾਰੇ ਜਾਣਦੇ ਨੇ।"

ਰੋਜ਼ ਰੋਜ਼ ਦੇ ਝਗੜੇ ਤੋਂ ਖ਼ੂਨ ਖਰਾਬੇ ਦੀ ਹਾਲਤ ਆ ਗਈ ਤਾਂ ਵਸੁਧਾ ਪਰੇਸ਼ਾਨ ਹੋ ਗਈ। ਉਹਨਾਂ ਦੇ ਬਨਾਵਟੀ ਰਿਸ਼ਤੇਦਾਰਾਂ ਨੇ ਦੋ ਟੁੱਕ ਜੁਆਬ ਦੇ ਦਿੱਤਾ। ਪਰ ਲਾਲਾ ਜੀ ਦੀ ਪਹਿਲੀ ਪਤਨੀ ਦਾ ਉਹਨਾਂ ਨੇ ਜਿਹੜਾ ਕਿੱਸਾ ਸੁਣਿਆ ਉਸਤੋਂ ਉਸਦਾ ਦਿਲ ਦਹਿਲ ਗਿਆ। ਕਿਸੇ ਨੇ ਦੱਸਿਆ ਕਿ ਬੁੱਢਾ ਪਿਉ ਜਵਾਨ ਧੀ ਨੂੰ ਆਪਣੇ ਘਰ ਰੱਖ ਕੇ ਧੰਦਾ ਕਰਵਾਉਂਦਾ ਹੈ। ਇਹ ਵਿਚਾਰੀ ਇਧਰ ਉਧਰ ਕਈ ਵਾਰੀ ਭੱਜੀ ਪਰ ਉਹ ਫਿਰ ਫੜ ਲਿਆਉਂਦਾ ਹੈ। ਬੁਰੀ ਤਰ੍ਹਾਂ ਡੰਡਿਆਂ ਨਾਲ ਮਾਰਦਾ ਕੁੱਟਦਾ ਹੈ। ਕੁੜੀ ਇਸ ਨਰਕ ਚੋਂ ਨਿਕਲ ਕੇ ਛੁਟਕਾਰਾ ਪਾਉਣਾ ਚਾਹੁੰਦੀ ਹੈ। ਬੱਚੇ ਛੋਟੇ ਛੋਟੇ ਨੇ ਆਮਦਨੀ ਦਾ ਵੀ ਕੋਈ ਜ਼ਰੀਆ ਨਹੀਂ।

"ਤੁਸੀਂ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਇਧਰ ਆ ਜਾਉ ਅਤੇ ਨਿਸ਼ਚਿੰਤ ਹੋ ਕੇ ਰਹੋ। ਅਸੀਂ ਕਿਤੇ ਹੋਰ ਮਕਾਨ ਲੈ ਲਵਾਂਗੇ ਕਿਰਾਏ ਤੇ---।"ਵਸੁਧਾ ਨੇ ਇਕੋ ਦਿਨ ਉਸਨੂੰ ਬੁਲਾ ਕੇ ਕਿਹਾ,"ਇੱਕ ਕਮਰਾ, ਇਕ ਰਸੋਈ ਆਪਣੇ ਲਈ ਰੱਖ ਲਉ ਅਤੇ ਬਾਕੀ ਕਿਰਾਏ ਤੇ ਚੜ੍ਹਾ ਦਿਉ। ਕਿਰਾਏ ਨਾਲ ਏਨਾ ਕੁ ਪੈਸਾ ਮਿਲਦਾ ਰਹੇਗਾ। ਕਿ ਤੁਸੀਂ ਆਪਣੇ ਛੋਟੇ ਛੋਟੇ ਬੱਚਿਆਂ ਦੀ ਦੇਖ ਭਾਲ ਕਰ ਸਕੋ।"

"ਫੇਰ ਤੁਸੀਂ ਕਿੱਥੇ ਜਾਉਗੇ?"ਉਸਦੀਆਂ ਅੱਖਾਂ ਵਿਚ ਅਹਿਸਾਨਮੰਦੀ ਦੇ ਅਹਿਸਾਸ ਨਾਲ ਭਰੇ ਹੋਏ ਅੱਥਰੂ ਸਨ। ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਉਸਦੀ ਕਲਪਨਾ ਤੋਂ ਪਰ੍ਹੇ ਦੀ ਗੱਲ ਸੀ।

ਵਸੁਧਾ ਉਂਜ ਹੀ ਹੱਸ ਪਈ- ਬੇਵਸ ਜਹੀ,"ਸਾਡਾ ਕੀ ਹੈ ਜੀ- ਕਿਤੇ ਵੀ ਸਿਰ ਲੁਕਾਉਣ ਨੂੰ ਥਾਂ ਮਿਲ ਜਾਏਗੀ। ਮੈਂ ਖੁਦ ਨੌਕਰੀ ਕਰਦੀ ਹਾਂ-ਐਹੋ ਜਿਹੀ ਕੋਈ 1 ਵੱਡੀ ਸਮੱਸਿਆ ਨਹੀਂ।"

ਜਾਣ-ਪਛਾਣ ਵਾਲੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਬਾਵਜੂਦ ਸਾਰਿਆਂ ਨਾਲ ਲੜ ਝਗੜ ਕੇ ਆਪਣਾ ਮਕਾਨ ਖਾਲੀ ਕਰਵਾ ਦਿੱਤਾ। ਅਤੇ ਉਸੇ ਬਸਤੀ ਦੇ ਆਖਰੀ ਸਿਰੇ ਤੇ ਇਕ ਛੋਟਾ ਜਿਹਾ ਘਰ ਕਿਰਾਏ ਤੇ ਲੈ ਲਿਆ।
ਜਗ੍ਹਾ ਇਥੇ ਉਨੀ ਨਹੀਂ ਸੀ ਪਰ ਕਿਸੇ ਤਰ੍ਹਾਂ ਗੁਜ਼ਾਰਾ ਕਰਨਾ ਸੀ। ਜਿਆਦਾ ਵਧੀਆ ਮਕਾਨ ਲਈ ਜਿਆਦਾ ਕਿਰਾਇਆ ਦੇ ਸਕਣ ਦੀ ਸਮਰੱਥਾ ਵੀ ਤਾਂ ਨਹੀਂ ਸੀ।

## (15)

ਸਰੀਨ ਦੇ ਜਾਣ ਮਗਰੋਂ ਦਫਤਰ ਦਾ ਸਾਰਾ ਵਾਤਾਵਰਣ ਇਕਦਮ ਬਦਲ ਗਿਆ। ਦਫਤਰ 'ਕਨਾਟ ਪਲੇਸ' ਤੋਂ ਸ਼ਿਫਟ ਹੋ ਕੇ ਕਰਜ਼ਨਰੋਡ ਤੇ ਆਗਿਆ।
ਸਰੀਨ ਦੀ ਥਾਂ ਤੇ ਪੀ. ਆਰ. ਆਨੰਦ ਆਇਆ। ਉਹ ਬਹੁਤ ਹੀ ਵਿਲਾਸੀ ਆਦਮੀ ਸੀ। ਇਸ ਲਈ ਦਫਤਰ ਵਿਚ 'ਪਰਮਨੰਦ' ਦੇ ਨਾਂ ਨਾਲ ਪ੍ਰਸਿੱਧ ਹੋ ਗਿਆ। ਕੁਝ ਹੀ ਦਿਨਾਂ ਵਿਚ ਉਸਦੀ ਸ਼ੁਹਰਤ ਦੂਰ ਦੂਰ ਤੱਕ ਪਹੁੰਚ ਗਈ।
ਉਂਜ ਦਿਲ ਦਾ ਬੁਰਾ ਨਹੀਂ ਸੀ, ਪਰ ਸੁਭਾਅ ਦਾ ਸਨਕੀ ਸੀ। ਦਫਤਰ ਵਿਚ ਬਿਨਾਂ ਗੱਲ ਤੋਂ ਬਾਤ ਦਾ ਬਤੰਗੜ ਬਣਾਈ ਰੱਖਦਾ। ਇਕ ਅਜੀਬ ਜਿਹਾ ਤਣਾਅ ਦਾ ਵਾਤਾਵਰਣ।
ਇਹੋ ਜਿਹਾ ਕੋਈ ਦਿਨ ਨਾ ਹੁੰਦਾ ਜਦੋਂ ਵਸੁਧਾ ਨੂੰ ਬਿਨਾਂ ਕਿਸੇ ਗਲਤੀ ਤੋਂ ਇਕ ਦੋ ਵਾਰੀ ਝਿੜਕਾਂ ਨਾ ਪੈਂਦੀਆਂ-ਉਤੋਂ ਬਾਸ ਦਾ ਅਜ਼ਾਦ ਜੀਵਨ। ਜਦੋਂ ਜੀ ਕੀਤਾ ਬੁਲਾ ਲਿਆ।
ਦਫਤਰ ਵਿਚ ਵੀ ਢੇਰ ਸਾਰਾ ਕੰਮ। ਘਰ ਵਿਚ ਵੀ ਫਾਈਲਾਂ ਮੰਗਵਾ ਕੇ ਅੱਧੀ ਰਾਤ ਤੱਕ ਡਿਕਟੇਸ਼ਨ ਦਿੰਦਾ ਰਹਿੰਦਾ ਸੀ।
ਸਵੇਰੇ ਵਸੁਧਾ ਤੋਂ ਬਿਸਤਰੇ ਚੋਂ ਨਾ ਉੱਠਿਆ ਜਾਂਦਾ। ਕਈ ਵਾਰ ਫੈਸਲਾ ਕੀਤਾ ਕਿ ਇਹ ਨੌਂਕਰੀ ਛੱਡ ਦੇਵੇ ਪਰ ਕੀਹਦੇ ਭਰੋਸੇ? ਕਿਵੇਂ? ਇਹ ਨਹੀਂ ਸੀ ਸੁੱਝਦਾ।

ਸੋਚਦੀ ਸੀ- ਕੰਚਨ ਦਾ ਕੁਝ ਬਣ ਗਿਆ ਤਾਂ ਉਹ ਸਾਰੇ ਝੰਜਟ ਛੱਡ ਦੇਏਗੀ। ਕਰਜ਼ਾ ਲਾਹ ਕੇ ਕਿਸੇ ਆਸ਼ਰਮ ਵਿਚ ਚਲੀ ਜਾਵੇਗੀ। ਪਰ ਅਜੇ ਇਸ ਵਿਚ ਲੰਬੀ ਦੇਰ ਸੀ। ਕਦੋਂ ਕੀ ਹੋਏਗਾ। ਅਜੇ ਕੁਝ ਨਹੀਂ ਸੀ ਕਿਹਾ ਜਾ ਸਕਦਾ।

ਇੱਕ ਦਿਨ ਬੜੀ ਬੇਚੈਨ ਹੋ ਕੇ ਕੰਚੋ ਨੂੰ ਉਸਨੇ ਲੰਬਾ ਖਤ ਲਿਖਿਆ ਆਪਣੀ ਮਾਨਸਿਕ ਅਤੇ ਸਰੀਰਕ ਸਥਿਤੀ ਦੇ ਬਾਰੇ। ਘਰ ਦੀ ਹਾਲਤ ਬਾਰੇ ਤੇ ਅੰਤ ਵਿਚ ਆਪਣਾ ਇਹ ਇਰਾਦਾ ਵੀ ਦੱਸ ਦਿੱਤਾ ਕਿ ਹੁਣ ਉਹ ਹੋਰ ਨੌਕਰੀ ਨਹੀਂ ਕਰਨਾ ਚਾਹੁੰਦੀ ਯਾਨੀ ਕਰ ਸਕਣ ਦੀ ਹਾਲਤ ਵਿਚ ਨਹੀਂ ਹੈ।

ਖ਼ਤ ਲਿਫ਼ਾਫੇ 'ਚ ਪਾ ਕੇ ਉਸਨੇ ਪਤਾ ਲਿਖ ਦਿੱਤਾ ਅਤੇ ਬੰਦ ਕਰਕੇ ਆਪਣੇ ਪਰਸ ਵਿਚ ਪਾ ਲਿਆ।

ਬਹੁਤ ਦਿਨਾਂ ਤੱਕ ਉਹ ਖ਼ਤ ਉਸਦੇ ਨਾਲ ਨਾਲ ਘੁੰਮਦਾ ਰਿਹਾ ਅਤੇ ਆਖਿਰ ਇਕ ਦਿਨ ਉਸਨੇ ਆਪ ਹੀ ਪਾੜ ਕੇ ਸੁੱਟ ਦਿੱਤਾ।

ਕੰਚਨ ਨੂੰ ਕੁਝ ਪਰੇਸ਼ਾਨੀ ਹੋਵੇ, ਉਸਦੇ ਕੰਮ ਤੇ ਅਸਰ ਪਵੇ- ਇਹ ਕਿਵੇਂ ਹੋਣ ਦੇ ਸਕਦੀ ਸੀ ਉਹ।

ਦੋ ਤਿੰਨ ਦਿਨ ਸਿਹਤ ਖਰਾਬ ਹੋਣ ਕਾਰਨ ਉਹ ਆਫਿਸ ਨਾ ਜਾ ਸਕੀ ਬੁਖਾਰ 'ਚ ਤਪਦੀ ਘਰ ਹੀ ਪਈ ਰਹਿੰਦੀ ਸੀ। ਬਿਸਤਰੇ 'ਚ ਪਈ ਪਤਾ ਨਹੀਂ ਕੀ ਉਲ ਜਲੂਲ ਗੱਲਾਂ ਸੋਚਦੀ ਰਹਿੰਦੀ।

ਦੇਵੇਨ ਨੂੰ ਇਸ ਖੰਡਤ ਅਵਸਥਾ ਵਿਚ ਉਸਨੇ ਪਤਾ ਨਹੀਂ ਕਿੰਨੇ ਕੁ ਖਤ ਲਿਖੇ ਸਨ ਪਰ ਸਾਰੇ ਲਿਖ ਲਿਖ ਕੇ ਪਾੜਦੀ ਰਹੀ ਸੀ।

ਪੈਸੇ ਦੀ ਤੰਗੀ ਹੁਣ ਬੁਰੀ ਤਰ੍ਹਾਂ ਚੁਭਣ ਲੱਗੀ ਸੀ। ਤਿੰਨ ਚੌਥਾਈ ਤਨਖਾਹ ਤਾਂ ਹੁਣ ਘਰ ਤੱਕ ਪਹੁੰਚ ਹੀ ਨਹੀਂ ਸਕਦੀ ਸੀ। ਉਸ ਤੋਂ ਬਾਅਦ ਵੀ ਕੰਚਨ ਰੁਪਏ + ਮੰਗਵਾਉਣ ਤੋਂ ਬਾਜ ਨਹੀਂ ਸੀ ਆਉਂਦੀ। ਯੂਨਿਟ ਨਾਲ ਕਸ਼ਮੀਰ ਜਾਣਾ ਹੈ- ਜੈਪੁਰ ਵੀ ਆਊਟ ਡੋਰ ਸ਼ੂਟਿੰਗ ਦਾ ਪ੍ਰੋਗਰਾਮ ਹੈ। ਕੁਝ ਨਵੇਂ ਕਪੜੇ ਬਣਵਾਉਣੇ ਨੇ। ਸਾਰੇ ਵਧੀਆ ਕੱਪੜੇ ਪਾ ਕੇ ਜਾਣਗੇ ਉਸਨੂੰ ਵੀ ਕੁਝ ਚੰਗੇ ਚਾਹੀਦੇ ਹਨ।

ਵਸੁਧਾ ਭੁੱਖੀ ਰਹਿ ਕੇ ਵੀ, ਪਾਟੇ ਪੁਰਾਣੇ ਕੱਪੜੇ ਪਾ ਕੇ ਵੀ, ਉਸਨੂੰ ਖਰਚਾ ਭੇਜਦੀ ਰਹਿੰਦੀ। ਪਹਿਲਾਂ ਤਕਰੀਬਨ ਰੋਜ਼ ਸਾੜੀਆਂ ਬਦਲਦੀ ਸੀ, ਪਰ ਹੁਣ ਦੋ ਤਿੰਨ ਸਾੜੀਆਂ ਵਿਚ ਹੀ ਮਹੀਨਾ ਲੰਘਾ ਦਿੰਦੀ ਸੀ।

ਘਰ ਦਾ ਖਰਚਾ ਵੀ ਬਹੁਤ ਹੀ ਘਟ ਕਰ ਦਿੱਤਾ ਸੀ। ਰੋਜ਼ ਦੇ ਰੋਟੀਆਂ ਬਣਾ ਕੇ ਦਫ਼ਤਰ ਲੈ ਜਾਂਦੀ- ਲੰਚ ਪੂਰਾ ਹੋ ਜਾਂਦਾ।

ਉਤੋਂ ਆਨੰਦ ਟੋਕਦਾ ਰਹਿੰਦਾ- ਕਿ ਤੂੰ ਮਾਡਰਨ ਬਣਕੇ, ਸਮਾਰਟ ਬਣਕੇ ਦਫਤਰ ਕਿਉਂ ਨਹੀਂ ਆਉਂਦੀ? ਇਸ ਤਰਾਂ ਦਫਤਰ ਦਾ ਡਿਸਪਲਿਨ ਵਿਗੜ ਰਿਹਾ ਹੈ। ਕੁਝ ਦਿਨ ਕੰਮ ਤੇ ਜਾਣ ਮਗਰੋਂ ਵਸੁਧਾ ਫੇਰ ਬਿਮਾਰ ਹੋ ਗਈ ਅਤੇ ਕਈ ਮਹੀਨੇ ਉੱਠ ਨਾ ਸਕੀ।

ਦਫਤਰ ਵਿਚੋਂ ਤਨਖਾਹ ਮਿਲਣੀ ਵੀ ਹੁਣ ਬੰਦ ਹੋ ਗਈ ਸੀ। ਵਸੁਧਾ ਦੀ ਥਾਂ ਤੇ ਕੱਚੇ ਤੌਰ ਤੇ ਕਿਸੇ ਹੋਰ ਕੁੜੀ ਨੂੰ ਰੱਖ ਲਿਆ ਗਿਆ ਸੀ।

ਮੀਚੇ ਨੇ ਤਿੰਨ ਚਾਰ ਚਿੱਠੀਆਂ ਕੰਚਨ ਨੂੰ ਲਿਖੀਆਂ ਪਰ ਕਿਸੇ ਦਾ ਵੀ ਉੱਤਰ ਨਹੀਂ ਮਿਲਿਆ।

ਗਰਮੀ ਦੇ ਹੁੰਮਸ ਨਾਲ ਭਰੇ ਹੋਏ ਦਿਨ ਸਨ। ਘਰ ਵਿਚ ਸਿਰਫ ਇਕ ਟੇਬਲ ਫੈਨ ਸੀ। ਜਿਹੜਾ ਕਦੇ ਕਦੇ ਝਟਕੇ ਮਾਰਦਾ ਸੀ। ਮਾਂ ਉਸਨੂੰ ਚੁੱਕਦੀ ਧਰਦੀ ਕਈ ਵਾਰ ਮਰਦੀ ਮਰਦੀ ਬਚੀ ਸੀ। ਮੁਰੰਮਤ ਕੌਣ ਕਰਵਾਉਂਦਾ? ਸਵੇਰੇ ਮੂੰਹ ਹਨੇਰੇ ਘਰੋਂ ਨਿਕਲਣ ਮਗਰੋਂ ਰਾਤ ਦੇ ਗਿਆਰਾਂ ਵਜੇ ਤੋਂ ਪਹਿਲਾਂ ਮੀਚੇ ਘਰ ਨਹੀਂ ਸੀ ਆਉਂਦਾ। ਦਾਦੀ ਅੰਨ੍ਹੀ ਸੀ। ਪੂਜਾ ਪਾਠ 'ਚ ਲੀਨ ਮਾਂ ਤਾਂ ਜਿਵੇਂ ਇਕ ਤਰਾਂ ਘਰ ਵਿਚ ਹੀ ਸੰਨਿਆਸਣੀ ਬਣ ਗਈ ਸੀ। ਕਲਕੱਤੇ ਤੋਂ ਮੁੜਦਿਆਂ ਇਕ ਦਿਨ ਦੇਵੇਨ ਆਇਆ। ਵਸੁਧਾ ਨੂੰ ਵੇਖਿਆ ਤਾਂ ਹੈਰਾਨੀ ਨਾਲ ਵੇਖਦੀ ਰਹਿ ਗਿਆ- ਅੱਖਾਂ ਤੇ ਟੋਏ ਪੈ ਗਏ ਸਨ। ਖਿਲਰੇ ਵਾਲਾਂ ਵਿਚ ਕਈ ਸਫੈਦ ਵਾਲ ਝਾਕਣ ਲੱਗ ਪਏ ਸਨ। ਸਰੀਰ ਬਿਲਕੁਲ ਰਹਿ ਗਿਆ ਸੀ। ਨਹੁੰਆਂ ਦਾ ਰੰਗ ਤੱਕ ਸਫੈਦ ਹੋ ਗਿਆ ਸੀ।

ਵਸੁਧਾ ਦੀਆਂ ਸੁੰਨੀਆਂ ਸੁੰਨੀਆਂ ਅੱਖਾਂ ਵਿਚ ਕੋਈ ਭਾਵ ਨਹੀਂ ਸੀ। ਮੰਜੇ ਦੀ ਬਾਹੀ ਤੇ ਕਿਸੇ ਅਪਰਾਧੀ ਵਾਂਗੂੰ ਦੇਵੇਨ ਹੌਲੀ ਜਿਹੇ ਬੈਠ ਗਿਆ।

ਇਕ ਦਿਨ ਤੇਰਾ ਇਹੀ ਹਾਲ ਹੋਣਾ ਹੈ- ਮੈਂ ਜਾਣਦਾ ਸਾਂ- ਉਦੋਂ ਤੂੰ ਮੰਨੀ ਨਹੀਂ।"ਦੇਵੇਨ ਉਂਜ ਹੀ ਬੁੜਬੁੜਾਇਆ।

ਵਸੁਧਾ ਪਈ ਛੱਤ ਵੱਲ ਵੇਖਦੀ ਰਹੀ।

“ਇਹ ਮਕਾਨ ਤਾਂ ਬਹੁਤ ਛੋਟਾ ਹੈ। ਕਿਵੇਂ ਰਹਿੰਦੇ ਹੋ ਤੁਸੀਂ?

“ਪੱਖਾ ਹੋਰ ਨਹੀਂ ! ਇਥੇ ਤਾਂ ਦਮ ਘੁਟਦਾ ਹੋਏਗਾ?”

ਇਸ ਵਾਰੀ ਵੀ ਚੁੱਪ ਰਹੀ ਵਸੁਧਾ।

ਉਸਦੇ ਸੁੱਕੇ ਹੱਥਾਂ ਨੂੰ ਤਪਦੇ ਮੱਥੇ ਨੂੰ ਦੇਵੇਨ ਸਹਿਲਾਉਂਦਾ ਰਿਹਾ ਚੁੱਪ ਚਾਪ। “ਕਦੋਂ ਤੋਂ ਬਿਮਾਰ ਹੈਂ?”

“ਹੁਣ ਤਾਂ ਕਾਫੀ ਦਿਨ ਹੋ ਗਏ-----।”

ਮੈਨੂੰ ਇਨਫਾਰਮ ਤਾਂ ਕਰ ਦਿੰਦੀ, ਡਾਇਰੈਕਟ ਡਾਇਲ ਸਿਸਟਮ ਹੈ। ਕਦੇ ਵੀ ਰਿੰਗ ਕਰ ਦਿੰਦੀ।”

ਫੇਰ ਕੁਝ ਦੇਰ ਗੁੰਮਸੁੰਮ ਜਿਹਾ ਬੈਠਾ ਰਿਹਾ ਦੇਵੇਨ। ਸੁੰਨੀ ਜਿਹੀ ਨਜ਼ਰ ਨਾਲ ਕਮਰੇ 'ਚ ਇਧਰ ਉਧਰ ਤੱਕਦਾ ਰਿਹਾ।

ਵਸੂ, ਇਸ ਘਰ 'ਚ ਕਿਵੇਂ ਰਹਿੰਦੀ ਏ ਤੂੰ।"ਕਰਾਸ ਵੈਂਟੀਲੇਸ਼ਨ ਤਾਂ ਹੈ ਨਹੀਂ। ਇਥੇ ਹੀ ਸੌਣਾ,ਇਥੇ ਹੀ ਬੈਠਣਾ, ਇਥੇ ਹੀ ਖਾਣਾ ਬਣਾਉਣਾ।”

“ਕਿਰਾਇਆ ਕਿੰਨਾ ਵਧ ਗਿਆ ਹੈ ਹੁਣ ਦਿੱਲੀ 'ਚ, ਤੁਹਾਨੂੰ ਕੀ ਪਤਾ? ਇੰਨਾ ਛੋਟਾ ਕਮਰਾ ਵੀ ਮਿਲਣਾ ਕੋਈ ਘੱਟ ਨਹੀਂ?"ਵਸੁਧਾ ਗੁਆਚੀ ਗੁਆਚੀ ਬੋਲੀ। “ਪਰ 'ਪੇ' ਤਾ ਤੈਨੂੰ ਚੰਗੀ ਮਿਲਦੀ ਹੋਏਗੀ ਹੁਣ।”

ਕੁਝ ਕਹਿਣ ਵਾਸਤੇ ਵਸੁਧਾ ਦੇ ਸੁੱਕੇ, ਪੇਪੜੀ ਜੰਮੇ ਬੁੱਲ੍ਹ, ਖੁੱਲੇ ਪਰ ਫਿਰ ਬੰਦ ਹੋ ਗਏ। "ਡਾਕਟਰ ਨੂੰ ਦਿਖਾਇਆ?"ਉਸਨੂੰ ਅਚਾਨਕ ਜਿਵੇਂ ਕੁਝ ਯਾਦ ਆ ਗਿਆ। “ਦਿਖਾਇਆ ਤਾਂ ਸੀ ਇਕ ਵਾਰੀ।"

“ਕੀ ਕਹਿੰਦਾ ਸੀ?"ਉਤਸੁਕਤਾ ਨਾਲ ਦੇਖਿਆ ਦੇਵੇਨ ਨੇ।

“ਕੀ ਕਹਿੰਦਾ ਸੀ ਕੁਝ ਵੀ ਨਹੀਂ"ਵਸੁਧਾ ਆਪਣੀ ਰੌਂ 'ਚ ਬੋਲਦੀ ਰਹੀ,"ਇੰਜੈਕਸ਼ਨ ਲਵਾਉ।"ਅਤੇ ਫੇਰ ਉਹ ਵਿਅੰਗਾਤਮਕ ਲਹਿਜੇ ਨਾਲ ਦੇਖਦੀ ਫਿਕੀ ਜਿਹੀ ਮੁਸਕਾਨ ਚਿਹਰੇ ਤੇ ਲਿਆ ਕੇ ਬੋਲੀ,"ਮੇਰਾ ਹੁਣ ਇਨ੍ਹਾਂ ਗੱਲਾਂ 'ਚ ਯਕੀਨ ਨਹੀਂ ਰਿਹਾ ਦੇਵੇਨ! ਪਤਾ ਨਹੀਂ ਕਿਉਂ ਜੀਉਣ ਦੀ ਲਾਲਸਾ ਹੀ ਮਰ ਚੁੱਕੀ ਹੈ।”

"ਇਉਂ ਨਹੀਂ ਕਹਿੰਦੇ! ਬੀਮਾਰੀ,ਦੁੱਖ,ਤੰਗੀਆਂ ਆਉਦੀਆਂ ਹੀ ਰਹਿੰਦੀਆਂ ਹਨ ਇਉਂ ਹੌਂਸਲਾ ਛੱਡਣ ਨਾਲ ਹੋ ਜਾਏਗਾ ਸਭ ਕੁਝ?"ਦੇਵੇਨ ਉਸਦੇ ਰੁੱਖੇ ਅਤੇ ਖਿਲਰੇ ਹੋਏ ਵਾਲਾਂ ਨੂੰ ਸਹਿਲਾਉਂਦਾ ਰਿਹਾ।

ਹੁਣ ਵੀ ਕੀ ਵਿਗੜਿਆ ਹੈ? ਕਿਸੇ ਚੰਗੇ ਹਸਪਤਾਲ ਵਿਚ ਦਿਖਾ ਲੈਂਦੇ ਆਂ।”

"ਮੈਂ ਕਿਤੇ ਨਹੀਂ ਦਿਖਾਉਣਾ। ਜਦੋਂ ਮੈਂ ਜਿਊਣਾ ਹੀ ਨਹੀਂ ਚਾਹੁੰਦੀ ਤਾਂ ਤੁਹਾਡੇ ਵੱਡੇ ਵੱਡੇ ਐਕਸਪਰਟ ਡਾਕਟਰ ਕੀ ਕਰ ਲੈਣਗੇ।?"ਗਹਿਰੀ ਨਿਰਾਸ਼ਾ, ਅਥਾਹ, ਦੁੱਖ, ਉਸਦੇ ਮੁਰਝਾਏ ਚਿਹਰੇ ਤੇ ਰਹਿ ਰਹਿ ਕੇ ਝਾਕ ਰਹੇ ਸਨ।

"ਮੈਨੂੰ ਸਭ ਕੁਝ ਮ੍ਰਿਗਤਿਸ੍ਨਾ ਵਾਂਗੂੰ ਲੱਗਦਾ ਹੈ,ਦੇਵੇਨ! ਜਦੋਂ ਵੀ ਅੱਖਾਂ ਬੰਦ ਕਰਦੀ ਹਾਂ ਚਾਰੋ ਪਾਸੇ ਅਪਾਰ, ਅਥਾਹ ਰੇਤ ਹੀ ਰੇਤ ਫੈਲੀ ਦਿਸਦੀ ਹੈ। ਗਗਨ ਚੁੰਬੀ ਲਾਟਾਂ ਵਿਚ ਘਿਰੀ,ਬਲਦੀ ਰੇਤ। ਉਦੋਂ ਪਤਾ ਨਹੀਂ ਕਿਉਂ ਮੇਰੇ ਪੈਰ ਬਿਸਤਰੇ ਤੇ ਪਏ ਸੜ੍ਹਨ ਲੱਗਦੇ ਹਨ--- ਮੈਂ ਚੀਕ ਪੈਂਦੀ ਹਾਂ--।"ਵਸੁਧਾ ਜਿਵੇਂ ਆਪਣੇ ਆਪ ਨੂੰ ਸੁਣਾ ਰਹੀ ਹੋਵੇ ਇਸ ਤਰ੍ਹਾਂ ਬਹਿਕੀ ਬਹਿਕੀ ਬੋਲ ਰਹੀ ਸੀ।

ਉਸਦੇ ਸਰੀਰ ਤੇ ਇਕ ਮੈਲੀ ਜਿਹੀ ਬਰੀਕ ਚਾਦਰ ਸੀ। ਘਰ ਘਰ ਕਰਦਾ ਪੱਖਾ ਗਰਮ ਹਵਾ ਛੱਡ ਰਿਹਾ ਸੀ।

“ਤੁਸੀਂ ਕਿਉਂ ਫਿਕਰ 'ਚ ਪੈ ਗਏ?"ਵਸੁਧਾ ਨੇ ਆਪਣਾ ਕੰਬਦਾ ਹੱਥ ਉਸ ਵੱਲ ਵਧਾਇਆ,“ਤੁਸੀਂ ਪਾਮਿਸਟਰੀ ਨਹੀਂ ਜਾਣਦੇ ਨਾ- ਦੇਖੋ ਕਿਸਮਤ ਅਤੇ ਉਮਰ ਦੀਆਂ ਰੇਖਾਵਾਂ ਹੀ ਨਹੀਂ।"ਆਪਣੀ ਸੁੱਕੀ ਸਫੈਦ ਹਥੇਲੀ ਖੋਹਲ ਦਿੱਤੀ ਉਸਨੇ, ਪਤਾ ਨਹੀਂ ਦੇਵੇਨ ਨੇ ਉਸਦੇ ਮੂੰਹ ਤੇ ਹੱਥ ਰੱਖ ਦਿੱਤਾ।

“ਬੱਸ ਬੱਸ ਉਵੇਂ ਹੀ ਬੋਲੀ ਜਾਏਗੀ? ਇਹੋ ਜਿਹਾ ਕੀ ਹੋ ਗਿਆ ਜਿਹੜੀ ਇਸ ਤਰ੍ਹਾਂ ਹਿੰਮਤ ਹਾਰ ਗਈ?"ਥੋੜਾ ਜਿਹਾ ਗੁੱਸੇ ਨਾਲ ਉਸਨੇ ਕਿਹਾ,"ਬਿਮਾਰ ਕੌਣ ਨਹੀਂ ਹੁੰਦਾ? ਕਿਹੋ ਜਹੀਆਂ ਉਖੜੀਆਂ ਉਖੜੀਆਂ ਬੇਸਿਰ ਪੈਰ ਦੀਆਂ ਗੱਲਾਂ ਕਰ ਰਹੀ ਹੈਂ ਅੱਜ।”

ਵਸੁਧਾ ਦੀਆਂ ਸੁੱਕੀਆਂ ਅੱਖਾਂ ਵਿਚ ਜਲ ਭਰ ਆਇਆ ਅਤੇ ਉਹ ਪਾਸਾ ਪਰਤ ਕੇ ਪੈ ਗਈ,“ਮੈਨੂੰ ਪਤਾ ਸੀ- ਇੱਕ ਦਿਨ ਤੁਸੀਂ ਭੁੱਲੇ ਚੁੱਕੇ ਇਥੇ ਆ ਜਾਉਗੇ ਅਤੇ ਇਹੀ ਸਭ ਕੁਝ ਕਹੋਗੇ ! ਮੈਂ ਜਾਣਦੀ ਸੀ।”

ਉਸੇ ਵੇਲੇ ਦੇਵੇਨ ਇਕ ਚੰਗੇ ਜਿਹੇ ਡਾਕਟਰ ਨੂੰ ਬੁਲਾ ਲਿਆਇਆ। ਉਸਨੇ ਐਕਸ-ਰੇ ਅਤੇ ਬਲੱਡ ਟੈਸਟ ਆਦਿ ਦਾ ਸੁਝਾਅ ਦਿੱਤਾ। ਦੋ ਤਿੰਨ ਦਿਨ ਤੱਕ ਉਸਦਾ ਇਲਾਜ ਚਲਦਾ ਰਿਹਾ। ਹਾਲਤ ਵਿਚ ਸੁਧਾਰ ਨਾ ਦਿਸਿਆ ਤਾਂ ਇਕ ਦਿਨ ਦੇਵੇਨ ਮੈਡੀਕਲ ਇੰਸਟੀਚਿਊਟ ਲੈ ਗਿਆ।

ਦੋ ਹਫਤੇ ਦੀ ਜਾਂਚ ਪਰਖ ਮਗਰੋਂ ਡਾਕਟਰ ਨੇ ਜਿਹੜੀ ਰਿਪੋਰਟ ਦਿੱਤੀ ਉਸਨੂੰ ਸੁਣ ਕੇ ਉਹ ਸੁੰਨ ਰਹਿ ਗਿਆ।

ਉਸਦੇ ਚਿਹਰੇ ਦਾ ਰੰਗ ਸਫੈਦ ਹੋ ਗਿਆ। ਬੈਂਚ ਤੇ ਬੈਠਾ ਤਾਂ ਫਿਰ ਉਸਤੋਂ ਉਠਿਆ ਹੀ ਨਾ ਗਿਆ।

ਉਵੇਂ ਹੀ ਥੱਕਿਆ ਹਾਰਿਆ ਮੁੜਿਆ ਤਾਂ ਵਸੁਧਾ ਨੇ ਪੁੱਛਿਆ,“ਰਿਪੋਰਟ ਮਿਲੀ? ਕੀ ਕਿਹਾ ਡਾਕਟਰ ਨੇ?”

ਪਹਿਲਾਂ ਤਾਂ ਦੇਵੇਨ ਨੂੰ ਕੁਝ ਸੁਝਿਆ ਨਹੀਂ ਕਿ ਕੀ ਉੱਤਰ ਦੇਵੇ। ਫੇਰ ਕੁਝ ਸੋਚਦਾ ਹੋਇਆ ਬੋਲਿਆ,

ਕੁਝ ਖਾਸ ਨਹੀਂ ਦੱਸਿਆ----"

"ਫੇਰ ਵੀ?”

ਬੱਸ ਇਹੀ ਕਿ ਅਰਾਮ ਦੀ ਸਖਤ ਜ਼ਰੂਰਤ ਹੈ ਕਲਾਈਮੇਟ ਚੇਂਜ ਕਰੋ। ਇਹੋ ਜਿਹਾ ਹੀ ਕੁਝ ਹੋਰ।

ਵਸੁਧਾ ਨੇ ਬਿਨਾਂ ਕਿਸੇ ਕਾਰਨ ਹੀ ਮੁਸਕਰਾਉਣ ਦੀ ਕੋਸ਼ਿਸ਼ ਕੀਤੀ,"ਮੈਂ ਤਾਂ ਪਹਿਲਾਂ ਹੀ ਜਾਣਦੀ ਸੀ ਕਿ---"

"ਕੀ? ਕੀ ਜਾਣਦੀ ਸੀ?"

ਵਸੁਧਾ ਨੇ ਕਈ ਜੁਆਬ ਨਹੀਂ ਦਿੱਤਾ। ਫੇਰ ਉਸਦੇ ਉਤਰੇ ਚਿਹਰੇ ਵੱਲ ਵੇਖਦੀ ਬੋਲੀ,"ਬੜੇ ਥੱਕੇ ਥੱਕੇ ਲੱਗ ਰਹੇ ਹੋ ਦੇਵੇਨ ! ਆਰਾਮ ਨਾਲ ਬੈਠ ਜਾਓ ਓੁ।" ਦੇਵੇਨ ਹੁਣ ਤੱਕ ਦਰਵਾਜੇ ਤੇ ਖੜ੍ਹਾ ਸੀ। ਹੱਥਾਂ ਵਿਚ ਫਲਾਂ ਦੇ ਲਿਫਾਫੇ ਸਨ ਉਹਨਾਂ ਨੂੰ ਰੱਖਦਾ ਉਹ ਮੱਥੇ ਤੋਂ ਪਸੀਨਾ ਪੂੰਝਣ ਲੱਗਿਆ।

“ਬੜੀ ਗਰਮੀ ਹੈ। ਪਾਣੀ ਪੀਉਗੇ?"ਉਹ ਪਈ ਪਈ ਹੀ ਹੱਥਾਂ ਨਾਲ ਸੁਰਾਹੀ ਲੱਭਦੀ ਖਿਸਕਣ ਲੱਗੀ ਤਾਂ ਝੱਟ ਅੱਗੇ ਵਧਕੇ ਦੇਵੇਨ ਨੇ ਉਸਨੂੰ ਰੋਕਲਿਆ,“ਕੀ ਕਰਦੀ ਹੈਂ? ਮੈਂ ਆਪ ਪੀ ਲਵਾਂਗਾ।"ਅਤੇ ਕੋਲ ਰੱਖੇ ਗਿਲਾਸ ਵਿਚ ਪਾਣੀ ਪਾ ਕੇ ਉਹ ਪੀਣ ਲੱਗਿਆ।

“ਗਰਮ ਹੋਏਗਾ।"

“ਨਹੀਂ ਠੀਕ ਹੈ"ਰੁਮਾਲ ਨਾਲ ਗਿੱਲੇ ਬੁਲ੍ਹ ਪੂੰਝਦਾ ਦੇਵੇਨ ਮੰਜੇ ਤੇ ਹੀ ਬੈਠ ਗਿਆ।

ਵਸੁਧਾ ਦੀ ਦੇਹ ਪਸੀਨੇ ਨਾਲ ਭਿੱਜੀ ਪਈ ਸੀ। ਬਲਾਊਜ਼ ਚਿਪਕਿਆ ਹੋਇਆ। ਸਾਹੀ ਚਾਦਰ ਭਿੱਜੀ ਪਈ ਸੀ। ਜਿਵੇਂ ਪਾਣੀ 'ਚ ਡੁੱਬੀ ਹੋਵੇ।

ਦੇਵੇਨ ਨੇ ਪੱਖੇ ਦਾ ਮੂੰਹ ਵਸੁਧਾ ਵੱਲ ਕਰ ਦਿੱਤਾ,"ਇਸ ਭਿਆਨਕ ਗਰਮੀ ਵਿਚ ਤਾਂ ਤੰਦਰੁਸਤ ਆਦਮੀ ਵੀ ਬਿਮਾਰ ਹੋ ਜਾਵੇ"ਦੇਵੇਨ ਇਸ ਤਰ੍ਹਾਂ ਬੁੜਬੁੜਾਇਆ ਜਿਵੇਂ ਆਪਣੇ ਆਪ ਨਾਲ ਹੀ ਗੱਲਾਂ ਕਰ ਰਿਹਾ ਹੋਵੇ।

ਕੁਝ ਦੇਰ ਬੈਠਾ ਤਾਂ ਚੈਨ ਨਹੀਂ ਆਇਆ। ਵਾਰ ਵਾਰ ਉਹਦੀਆਂ ਅੱਖਾਂ . ਵਸੁਧਾ ਦੇ ਜਿਸਮ ਤੇ ਜਾ ਟਿਕਦੀਆਂ। ਸਾਹਮਣੇ ਕੰਧ ਤੇ ਇਸੇ ਵਰ੍ਹੇ ਦਾ ਕੈਲੰਡਰ ਟੰਗਿਆ ਸੀ। ਉਸ ਵੱਲ ਵੇਖਦਾ ਦੇਵੇਨ ਮਨ ਹੀ ਮਨ ਪਤਾ ਨਹੀਂ ਕੀ ਕੀ ਜੋੜਦਾ 2 ਘਟਾਉਂਦਾ ਰਿਹਾ,। ਉਸੇ ਦਿਨ ਉਸਨੇ ਚੰਡੀਗੜ੍ਹ ਫੋਨ ਕਰ ਦਿੱਤਾ ਕਿ ਉਹ ਕੁਝ ਦਿਨਾਂ ਬਾਦ ਘਰ ਮੁੜੇਗਾ।

000

ਸ਼ਾਮ ਨੂੰ ਦੇਵੇਨ ਬੜੀ ਦੇਰ ਨਾਲ ਘਰ ਪਰਤਿਆ। ਮਾਂ ਖਾਣਾ ਬਣਾਈ ਬੈਠੀ ਸੀ।
“ਖਾਣਾ ਤਾਂ ਇਕ ਦੋਸਤ ਦੇ ਘਰ ਖਾ ਆਇਆ ਬੀਬੀ ਜੀ ! ਪਰ ਮੈਂ ਤੁਹਾਡੇ ਨਾਲ ਕੁਝ ਗੱਲਾਂ ਕਰਨੀਆਂ ਹਨ ਦੇਵੇਨ ਬਾਹਰ ਸੜਕ ਤੇ ਵਿਛੇ ਹੋਏ ਮੰਜਿਆਂ ਕੋਲ ਆਇਆ ਅਤੇ ਪਸੀਨੇ ਨਾਲ ਭਿੱਜੀ ਕਮੀਜ਼ ਲਾਹ ਕੇ ਬੈਠ ਗਿਆ। ਰੋਟੀ ਵਾਲੇ ਭਾਂਡੇਂ ਉਵੇਂ ਹੀ ਛੇਤੀ ਛੇਤੀ ਢਕ ਕੇ ਮਾਂ ਆਈ ਅਤੇ ਸਾਹਮਣੇ ਪਏ ਮੰਜੇ ਤੇ ਬੈਠ ਗਈ।
ਹੌਲੀ ਹੌਲੀ ਬਹੁਤ ਹੀ ਹਲਕੀ ਆਵਾਜ਼ 'ਚ ਦੇਵੇਨ ਕੁਝ ਕਹਿੰਦਾ ਰਿਹਾ ਅਤੇ ਮਾਂ ਨਿਰੰਤਰ ਰੋਂਦੀ ਰਹੀ। ਆਪਣੇ ਪਾਟੇ ਦੁੱਪਟੇ ਨਾਲ ਹੰਝੂ ਪੂੰਝਦੀ ਬੋਲੀ,"ਫੇਰ ਕੰਚੋ ਨੂੰ ਬੁਲਾ ਦਿਓ।”
“ਕੰਚੋ ਕੀ ਕਰੇਗੀ ਆਕੇ? ਉਹਦੇ ਨਾਲ ਕੀ ਹੋਏਗਾ?"ਮਾਂ ਦਾ ਦਿਲ ਡੁੱਬ ਗਿਆ। ਪੈਰਾਂ ਥੱਲੇ ਧਰਤੀ ਕੰਬਣ ਲੱਗੀ। ਅੱਖਾਂ ਅੱਗੇ ਬਰੀਕ ਬਰੀਕ ਧੁੰਧ ਜਿਹੀ ਆਉਣ ਲੱਗੀ ਆਪਣੇ ਜੀਵਨ ਵਿਚ ਏਨੀ ਬੇਚੈਨੀ ਦਾ ਅਹਿਸਾਸ ਅੱਜ ਤੱਕ ਉਸ ਨੂੰ ਕਦੇ ਨਹੀਂ ਸੀ ਹੋਇਆ। ਜੋ ਕੁਝ ਉਹ ਸੁਣ ਰਹੀ ਸੀ, ਜੋ ਕੁਝ ਕਿਹਾ ਜਾ ਰਿਹਾ ਸੀ, ਸੱਚ ਨਹੀਂ ਸੀ ਲੱਗ ਰਿਹਾ। ਇਸ ਤਰ੍ਹਾਂ ਹੋਏਗਾ ਸਭ ਕੁਝ ! ਨਹੀਂ ਨਹੀਂ। ਉਹ ਤੜਪ ਉਠੀ।
"ਤਾਂ ਕੀ ਹੁਣ ਕੁਝ ਵੀ ਇਲਾਜ ਨਹੀਂ ਹੋ ਸਕਦਾ?"ਮਾਂ ਦੇ ਕੰਬਦੇ ਬੁੱਲ ਅਚਾਨਕ ਹੀ ਖੁੱਲੇ। ਮੁੱਠੀ 'ਚ ਫੜਿਆ ਦੁਪੱਟੇ ਦਾ ਕਿਨਾਰਾ ਹਵਾਂ 'ਚ ਉਡ ਰਿਹਾ ਸੀ। ਮੱਥੇ ਤੇ ਰੱਖੇ ਵਾਲ ਖਿਲਰ ਗਏ ਸਨ। ਅਤੇ ਉਹ ਬਿਨਾ ਮਤਲਬ ਸਾਹਮਣੇ ਵੇਖ ਰਹੀ ਸੀ।
ਦੇਵੇਨ ਉਸੇ ਤਰ੍ਹਾਂ ਠੱਗਿਆ ਠੱਗਿਆ ਜਿਹਾ ਬੈਠਾ ਰਿਹਾ, ਜਿਵੇਂ ਕਿਤੇ ਡੂੰਘਾ ਡੁੱਬ ਗਿਆ ਹੋਵੇ। ਫਿਰ ਹੌਲੇ ਜਿਹੇ ਪੈਰਾਂ ਨੂੰ ਦੂਰ ਤੱਕ ਫੈਲਾਉਂਦਾ ਉਬਾਸੀ ਲੈ ਕੇ ਬੋਲਿਆ,
“ਪਹਿਲਾਂ ਪਤਾ ਲੱਗ ਜਾਂਦਾ ਤਾਂ ਸ਼ਾਇਦ ਕੁਝ ਸੰਭਵ ਸੀ- ਪਰ ਡਾਕਟਰ ਕਹਿੰਦੇ ਨੇ ਹੁਣ ਸਮਾਂ ਬਹੁਤ ਲੰਘ ਗਿਆ ਹੈ। ਇਸ ਲਈ ਚਾਂਨਸ ਨਹੀਂ ਰਿਹਾ ਉਂਜ ਉਹਨਾਂ ਨੇ ਰੁੱਗ ਭਰ ਕੇ ਦਵਾਈਆਂ ਲਿਖ ਦਿੱਤੀਆਂ ਨੇ-ਅੱਗੇ ਰੱਬ ਦੀ ਮਰਜੀ।”

ਕਾਫ਼ੀ ਦੇਰ ਦੋਵੇਂ ਚੁੱਪ ਰਹੇ। ਕੋਲ ਹੀ ਗੰਦੀ ਨਾਲੀ ਵਿਚ ਵੜਿਆ ਕੁੱਤਾ ਚੱਪ ਚੱਪ ਕਰਕੇ ਕੁਝ ਚੱਭ ਰਿਹਾ ਸੀ।

"ਮੇਰੇ ਕੋਲ ਹੋਰ ਕੁਝ ਨਹੀਂ-ਥੋੜੇ ਜਿਹੇ ਗਹਿਣੇ ਨੇ, ਵਿਆਹ ਵਾਲੇ ਸਾਲ ਲਾਲਾ ਜੀ ਨੇ ਬਣਵਾਏ ਸਨ।"ਮਾਂ ਬੇਸਬਰੀ ਜਿਹੀ ਹੋ ਕੇ ਰੋ ਪਈ।

"ਤੁਸੀਂ ਫਿਕਰ ਕਿਉਂ ਕਰਦੇ ਹੋ ਬੀਬੀ ਜੀ, ਖਰਚ ਦੀ ਘਾਟ ਕਰਕੇ ਇਲਾਜ ਨਹੀਂ ਰੁਕਦਾ ਸਾਰਾ ਹੋ ਜਾਏਗਾ।"ਦੇਵੇਨ ਉਠ ਕੇ ਅੰਦਰ ਚਲਾ ਗਿਆ।

ਵਸੁਧਾ ਦੀਆਂ ਪਲਕਾਂ,ਪੀਲੀ,ਧੁੰਦਲ ਅਤੇ ਪਲਸਤਰ ਉਖੜੀ ਕੰਧ ਤੇ ਚਿਪਕੀਆਂ ਸਨ। ਖਾਣਾ ਖਾਧਾ ਕੁਝ"ਕੋਲ ਜਾ ਕੇ ਉਸਨੇ ਹੌਲੀ ਜਿਹੇ ਪੁੱਛਿਆ। ਵਸੁਧਾ ਦੇ ਵਾਲ ਸਰਾਹਣੇ ਦੇ ਪਿੱਛੇ ਥੱਲੇ ਝੂਲ ਰਹੇ ਸਨ। ਉਹਨਾਂ ਨੂੰ ਸੰਭਾਲ ਕੇ ਉਪਰ ਕੀਤਾ।

ਸੂਪ ਲਿਆ ਸੀ"---- ਵਸੁਧਾ ਉਂਜ ਹੀ ਕੰਧ ਵੱਲ ਅਜੇ ਵੀ ਤੱਕ ਰਹੀ ਸੀ। ਸਰਾਹਣੇ ਦੇ ਕੋਲ ਹੀ ਥੋੜੀ ਜਿਹੀ ਥਾਂ ਸੀ, ਦੇਵੇਨ ਉਥੇ ਹੀ ਬੈਠ ਗਿਆ।"ਦਰਦ ਤਾਂ ਨਹੀਂ ਉਠਿਆ ਅੱਜ?"

"ਨਹੀਂ।"

ਫੀਵਰ ਕਿੰਨਾ ਰਿਹਾ?"ਉਸਦੀ ਬਾਂਹ ਫੜਕੇ ਕਿਸੇ ਵੈਦ ਵਾਂਗੂੰ ਉਸਦੀ ਨਬਜ਼ ਵੇਖਦਾ ਰਿਹਾ ਫੇਰ ਮੱਥੇ ਤੇ ਹੱਥ ਫੇਰਿਆ। ਪਸੀਨੇ ਨਾਲ ਮੱਥੇ ਤੇ ਸਾਰੇ ਵਾਲ ਚਿਪਕੇ ਪਏ ਸਨ। ਕੁਝ ਘੱਟ ਹੀ ਰਿਹਾ- ਨਾਰਮਲ।"

"ਮੇਰੀ ਇਕ ਗੱਲ ਮੰਨੇਗੀ ਵਸੂ?"ਉਸਦੇ ਮੱਥੇ ਨੂੰ ਸਹਿਲਾਉਂਦਿਆਂ ਬੜੇ ਸਨੇਹ ਨਾਲ ਬੋਲਿਆ ਦੇਵੇਨ। ਫੇਰ ਉਸਦੇ ਚਿਹਰੇ ਦੇ ਕੁਝ ਹੋਰ ਨੇੜੇ ਝੁਕ ਗਿਆ। * ਸੁੰਨੀਆਂ ਵੱਡੀਆਂ ਵੱਡੀਆਂ ਅੱਖਾਂ, ਮੁਰਝਾਏ ਬੁੱਲ੍ਹ, ਅਤੇ ਪੀਲੇ ਚਿਹਰੇ ਵੱਲ ਤੱਕਦਾ ਰਿਹਾ।

ਹੌਲੀ ਜਿਹੀ ਵਸੁਧਾ ਇਸ ਵਾਰੀ ਮੁੜੀ। ਉਸਦੀਆਂ ਅੱਖਾਂ 'ਚ ਅੱਖਾਂ ਪਾ ਕੇ ਕੁਝ ਲੱਭਣ ਦੀ ਕੋਸ਼ਿਸ਼ ਕਰਦੀ ਬੋਲੀ,

"ਤੁਹਾਡੀ ਕਿਹੜੀ ਗੱਲ ਨਹੀਂ ਮੰਨੀ ਮੈਂ?"

"ਹੂੰ"ਬਹੁਤ ਅਜੀਬ ਢੰਗ ਨਾਲ ਦੇਵੇਨ ਨੇ ਮੁਸਕ੍ਰਾਉਣ ਦੀ ਕੋਸ਼ਿਸ਼ ਕੀਤੀ,"ਮੇਰੀ ਇੱਕ ਵੀ

ਗੱਲ ਕਦੇ ਮੰਨੀ ਹੁੰਦੀ ਤਾਂ ਅੱਜ ਤੇਰੀ ਇਹ ਹਾਲਤ ਨਾ ਹੁੰਦੀ।"
ਕਹਿੰਦੇ ਕਹਿੰਦੇ ਦੇਵੇਨ ਚੁੱਪ ਹੋ ਗਿਆ। ਉਸਨੂੰ ਲੱਗਿਆ ਕਿ ਇਸ ਵੇਲੇ ਉਸਨੂੰ ਇਹੋ ਜਿਹੀ ਗੱਲ ਨਹੀਂ ਕਹਿੰਦੀ ਚਾਹੀਦੀ ਸੀ।
ਉਹ ਉਸਦੇ ਮੱਥੇ ਨੂੰ ਉਸੇ ਤਰਾਂ ਸਹਿਲਾਉਂਦਾ ਰਿਹਾ ਚੁੱਪ ਚਾਪ।"ਇਥੇ ਪਈ ਪਈ ਅੱਕ ਗਈ ਹੋਏਗੀ ਨਾ ! ਕਿੰਨੀ ਹੁੰਮਸ ਹੈ। ਸਾਰਾ ਦਿਨ ਤੇਰਾ ਕਮਰਾ ਭੱਠੀ ਵਾਂਗੂੰ ਤਪਦਾ ਹੈ। ਡਾਕਟਰ ਨੇ ਕਿਹਾ ਹੈ। ਤੇਰੇ ਲਈ ਜ਼ਰੂਰੀ ਹੈ ਕਿ ਕੁਝ ਦਿਨਾਂ ਲਈ ਕਿਤੇ ਬਾਹਰ ਚਲੀ ਜਾਵੇ।"
"ਕਿੱਥੇ?"ਵਸੁਧਾ ਨੇ ਉਂਜ ਹੀ ਪੁੱਛ ਲਿਆ।"ਤੈਨੂੰ ਯਾਦ ਹੈ, ਪਾਪਾ ਦੇ ਕਮਰੇ ਵਿਚ ਹਿਮਾਲਾ ਦਾ ਇਕ ਵੱਡਾ ਸਾਰਾ ਕਲੰਡਰ ਲਟਕਾਇਆ ਹੁੰਦਾ ਸੀ। ਰੰਗ ਬਰੰਗਾ, ਕਿਸੇ ਵਿਦੇਸ਼ੀ ਫਰਮ ਦਾ। ਜਦੋਂ ਵੀ ਤੂੰ ਮੇਰੇ ਘਰ ਆਉਂਦੀ ਸੀ। ਉਹ ਕੈਲੰਡਰ ਵੇਖਦੀ ਸੀ ਤਾਂ ਆਖਦੀ ਸੀ, ਇਕ ਵਾਰੀ ਤੁਹਾਡੇ ਨਾਲ ਇਹਨਾਂ ਪਹਾੜਾਂ ਨੂੰ ਵੇਖਣ ਲਈ ਜੀਅ ਕਰਦਾ ਹੈ। ਵਸੁਧਾ ਹੁਣ ਚੱਲ ਨਾ?"ਦੇਵੇਨ ਇਕਦਮ ਭਾਵੁਕ ਹੋ ਗਿਆ।

ਵਸੁਧਾ ਦੀਆਂ ਵੱਡੀਆਂ ਵੱਡੀਆਂ ਅੱਖਾਂ ਆਪਣੇ ਆਪ ਖੱਲ੍ਹ ਗਈਆਂ। ਕੁਝ ਦਿਨਾਂ ਲਈ ਸ਼ਿਮਲਾ ਚੱਲ।"ਦੇਵੇਨ ਨੇ ਭਾਵੁਕਤਾ ਦਾ ਟੁੱਟਦਾ ਬੰਨ੍ਹ ਰੋਕ ਕੇ ਸੰਭਲੀ ਹੋਈ ਅਵਾਜ਼ 'ਚ ਕਿਹਾ,"ਆਬੋਹਵਾ ਦੇ ਬਦਲਾਅ ਨਾਲ ਤੇਰੀ ਸਿਹਤ ਵਿਚ ਕਾਫੀ ਸੁਧਾਰ ਹੋਏਗਾ।"ਵਸੁਧਾ ਉਸ ਤਰਾਂ ਗੁੰਮ ਸੁੰਮ ਬੇਮਤਲਬ ਵੇਖਦੀ ਰਹੀ।
"ਸ਼ਿਮਲਾ ਪਸੰਦ ਨਹੀਂ ਤਾਂ ਕਿਤੇ ਹੋਰ ਚੱਲ-ਮਨਸੂਰੀ,ਨੈਨੀਤਾਲ, ਜਿੱਥੇ ਕਹੇਂ। ਮੈਂ ਕਿਸੇ ਕੰਮ ਲਈ ਯੂ.ਪੀ. ਜਾਣਾ ਹੈ। ਹੋ ਸਕਿਆ ਤਾਂ ਉਹ ਵੀ ਕਰ ਲਵਾਂਗਾ।"
ਅਸਲ ਵਿਚ ਦੇਵੇਨ ਨੂੰ ਉਧਰ ਕੋਈ ਕੰਮ ਨਹੀਂ ਸੀ। ਉਹ ਉਸਦਾ ਮਨ ਰੱਖਣ ਲਈ ਹੀ ਇਹ ਕਹਿ ਰਿਹਾ ਸੀ। ਵਸੁਧਾ ਸਮਝ ਰਹੀ ਸੀ।ਉਸਦੀ ਖੁੱਲ੍ਹੀ ਹਥੇਲੀ ਤੇ ਵਸੁਧਾ ਨੇ ਹੌਲੀ ਜਿਹੇ ਆਪਣਾ ਹੱਥ ਰੱਖਿਆ ਅਤੇ ਫੇਰ ਆਪਣਾ ਮੱਥਾ ਰੱਖ ਦਿੱਤਾ।ਹਥੇਲੀ ਤੇ ਗਰਮ ਗਰਮ ਪਾਣੀ ਦੀਆਂ ਬੂੰਦਾਂ ਦੀ ਛੋਹ ਨਾਲ ਦੇਵੇਨ ਕੰਬ ਉਠਿਆ"ਚ, ਚ, ਤੂੰ ਰੋ ਰਹੀ ਹੈ ਵਸੂ?"

## (16)

ਪਾਸੇ ਬਦਲਦਿਆਂ ਸਾਰੀ ਰਾਤ ਲੰਘ ਗਈ। ਸੜਕ ਤੇ ਪੀਲੀ ਪੀਲੀ ਉਦਾਸ ਬੱਤੀ ਬਲ ਰਹੀ ਸੀ। ਉਸ ਦੇ ਸਾਰੇ ਪਾਸੇ ਮਰੇ ਹੋਏ ਮੱਛਰਾਂ ਦਾ ਕਾਲਾ ਗੁੱਛਾ ਪਿਆ ਸੀ-ਬਲਬ ਦੇ ਪਰਲੇ ਸ਼ੀਸ਼ੇ ਦੇ ਅੰਦਰ। ਅਤੇ ਏਧਰੋਂ ਉਧਰੋਂ ਅਣਗਿਣਤ ਪਤੰਗੇ ਰਾਤ ਭਰ ਮੰਡਰਾਉਂਦੇ ਰਹੇ ਸਨ।

ਏਨਾ ਘੋਰ ਸੰਕਟ ਮਾਂ ਨੇ ਕਦੇ ਮਹਿਸੂਸ ਨਹੀਂ ਸੀ ਕੀਤਾ। ਵਸੁਧਾ ਤੋਂ ਪਹਿਲਾਂ ਇੱਕ ਬੱਚਾ ਉਸਦੇ ਹੋਰ ਹੋਇਆ ਸੀ ਲਾਹੌਰ ਵਿੱਚ। ਜਦੋਂ ਉਹ ਪੂਰਾ ਹੋਇਆ ਤਾਂ ਵੀ ਮਾਂ ਨੂੰ ਕੁਝ ਇਉਂ ਹੀ ਲੱਗਿਆ ਸੀ। ਐਹੋ ਜਿਹੀ ਹੀ ਅਸਿਹ ਬੈਚੈਨੀ ਅਤੇ ਘੁਟਣ। ਕੁਝ ਹੀ ਦਿਨਾਂ ਮਗਰੋਂ ਉਹ ਚੱਲ ਵਸਿਆ ਸੀ।

ਜਦੋਂ ਮਨ ਬਹੁਤ ਪਰੇਸ਼ਾਨ ਹੋ ਜਾਂਦਾ ਅਤੇ ਕਿਤੇ ਕੋਈ ਕਿਨਾਰਾ ਨਾ ਦਿਸਦਾ ਤਾਂ ਮਾਂ ਅੱਖਾਂ ਬੰਦ ਕਰੀ ਚੁੱਪ ਜਾਪ ਕਰਨ ਲੱਗਦੀ।

ਸਵੇਰੇ ਉਠਦੇ ਹੀ ਮਾਂ, ਨਹਾ ਧੋ ਕੇ ਸਿੱਧੀ ਮੰਦਰ ਗਈ ਅਤੇ ਪ੍ਰਸ਼ਾਦ ਲਿਆ ਕੇ ਜਬਰਦਸਤੀ ਵਸੁਧਾ ਨੂੰ ਖੁਆਇਆ।

ਫੇਰ ਬਾਹਰ ਬੈਠ ਕੇ ਮੀਚੇ ਤੋਂ ਖ਼ਤ ਲਿਖਵਾਉਣ ਲੱਗੀ-ਕੰਚੀ ਵਾਸਤੇ। ਬੱਸੋ ਬਹੁਤ ਬਿਮਾਰ ਹੈ। ਡਾਕਟਰਾਂ ਨੇ ਕੋਈ 'ਖਰਾਬ' ਬਿਮਾਰੀ ਦੱਸੀ ਹੈ। ਕਹਿੰਦੇ ਨੇ ਕੁਝ ਦਿਨਾਂ ਤੋਂ ਵੱਧ ਹੁਣ ਬਚੇਗੀ ਨਹੀਂ। ਤੂੰ ਫੌਰਨ ਹੀ ਆਜਾ-----।

ਖਾਣਾ ਬਣਾਉਣ ਲੱਗੀ ਤਾਂ ਦਿਲ ਨਹੀਂ ਕੀਤਾ। ਇਹ ਸਾਰਾ ਕੁਝ ਕੀਹਦੇ ਵਾਸਤੇ ਬਣਾ ਰਹੀ ਹਾਂ? ਕਿਉਂ ਬਣਾ ਰਹੀ ਹਾਂ? ਬਣਿਆ ਹੋਇਆ ਕੌਣ ਖਾਏਗਾ? ਆਟਾ ਛਾਣਦੇ ਉਸ ਵਿੱਚ ਅੱਥਰੂ ਟਪਕ ਪੈਂਦੇ ਅਤੇ ਅੱਖਾ ਅੱਗੇ ਹਨ੍ਹੇਰਾ ਛਾ ਜਾਂਦਾ। `

ਦੇਵੇਨ ਸਵੇਰੇ ਕਹਿ ਗਿਆ ਸੀ ਕਿ ਉਹ ਦੁਪਹਿਰ ਤੱਕ ਮੁੜ ਆਏਗਾ। ਸੰਭਵ ਹੋਇਆ ਤਾਂ ਅੱਜ ਹੀ ਨੈਨੀਤਾਲ ਲਈ ਚੱਲ ਪਵਾਂਗੇ। ਟਰੰਕ ਕਾਲ ਤੇ ਉਸਨੇ ਗੱਲ ਕਰ ਲਈ ਹੈ। ਸ਼ਾਇਦ ਠਹਿਰਨ ਦਾ ਪ੍ਰਬੰਧ ਉਥੇ ਆਸਾਨੀ ਨਾਲ ਹੋ ਜਾਏਗਾ। ਵਸੁਧਾ ਨੂੰ ਦਰਦ ਫੇਰ ਉਠੇ ਤਾਂ ਡਾ. ਘੋਸ਼ ਨੂੰ ਬੁਲਵਾ ਕੇ ਪੈਥੇਡੀਨ ਦਾ ਇੰਜੇਕਸ਼ਨ ਲਵਾ ਦੇਣਾ।

ਦੁਪਹਿਰ ਹੋ ਗਈ ਸੀ ਅਤੇ ਉਹ ਅਜੇ ਤੱਕ ਨਹੀਂ ਸੀ ਆਇਆ। ਵਸੁਧਾ ਉਸੇ ਤਰ੍ਹਾਂ ਪਈ ਸੀ। ਉਸਦੀ ਸਮਝ ਵਿੱਚ ਨਹੀਂ ਸੀ ਆ ਰਿਹਾ ਕਿ ਦੇਵੇਨ ਇਹ ਸਭ ਕੀ ਕਰ ਰਿਹਾ ਹੈ। ਪਤਾ ਨਹੀਂ ਕਿਉਂ ਉਸਦਾ ਕਿਤੇ ਵੀ ਜਾਣ ਲਈ ਮਨ ਨਹੀਂ ਸੀ ਕਰ ਰਿਹਾ। ਉਸ ਨੂੰ ਖੁਦ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਹੁਣ ਉਹ ਜ਼ਿਆਦਾ ਦੇਰ ਨਹੀਂ ਜਿਊਂਵੇਗੀ। ਦੇਵੇਨ ਜਦੋਂ ਰਾਤ ਨੂੰ ਬਾਹਰ ਬੈਠਾ ਮਾਂ ਨਾਲ ਗੱਲਾਂ ਕਰ ਰਿਹਾ ਸੀ ਅਤੇ ਜਦੋਂ ਮਾਂ ਆਪਣੀਆਂ ਗਿੱਲੀਆਂ ਅੱਖਾਂ ਪੂੰਝਦੀ
ਰਸੋਈ ਵੱਲ ਜਾ ਰਹੀ ਸੀ-ਉਹ ਉਦੋਂ ਹੀ ਸਮਝ ਗਈ ਸੀ।

ਰੂਬੀ ਦੇਰ ਤੱਕ ਉਸਦੀ ਗੋਦੀ ਵਿੱਚ ਬੈਠੀ ਰਹੀ। ਦੇਵੇਨ ਇੱਕ ਵਾਰੀ ਕਿਤੋਂ ਦੋ ਕਤੂਰੇ ਖਰੀਦ ਕੇ ਲੈ ਆਇਆ ਸੀ। ਇੱਕ ਇਥੇ ਛੱਡ ਗਿਆ ਸੀ ਅਤੇ ਦੂਜਾ ਆਪਣੇ ਨਾਲ ਚੰਡੀਗੜ੍ਹ ਲੈ ਗਿਆ ਸੀ।

ਬਚਪਨ ਤੋਂ ਹੀ ਕਤੂਰੇ ਉਸ ਨੂੰ ਬੜੇ ਚੰਗੇ ਲੱਗਦੇ ਸਨ-ਇਸ ਲਈ ਉਸ ਨੇ ਮੰਗ ਲਿਆ ਸੀ। ਜ ਦੇਵੇਨ ਇੱਕ ਕਤੂਰਾ ਇਥੇ ਛੱਡਣ ਦੇ ਇਰਾਦੇ ਨਾਲ ਹੀ ਲਿਆਇਆ ਸੀ।

ਰੂਬੀ ਕੱਲ੍ਹ ਤੱਕ ਇਸ ਵੇਲੇ ਬਾਹਰ ਚਹਿਲ ਕਦਮੀ ਕਰਿਆ ਕਰਦੀ ਸੀ-ਪਰ ਅੱਜ ਪਤਾ ਨਹੀਂ ਕਿਉਂ ਚੁੱਪ ਚਾਪ ਬੈਠੀ ਰਹੀ। ਵਸੁਧਾ ਉਸਦੇ ਸੰਘਣੇ ਵਾਲਾਂ ਤੇ ਹੱਥ ਫੇਰਦੀ ਰਹੀ।

ਲਗਭਗ ਦੋ ਵਜੇ ਕਨਾਟ ਪਲੇਸ ਤੋਂ ਮੁੜਿਆ ਦੇਵੇਨ! ਸਕੂਟਰ ਵਿੱਚ ਕਾਫੀ ਸਮਾਨ ਸੀ। ਦਵਾਈਆਂ ਦੇ ਪੈਕਟ ਸਨ। ਨਵਾਂ ਅਟੈਚੀ ਸੀ। ਨਵਾਂ ਬਿਸਤਰ ਬੰਦ ਸੀ। ਕੁਝ ਨਵੀਆਂ ਚਾਦਰਾਂ ਅਤੇ ਵਸੁਧਾ ਵਾਸਤੇ ਨਵੀਆਂ ਸਾੜ੍ਹੀਆਂ ਸਨ।

“ਇਹ ਸਭ ਕੁਝ ਕਿਉਂ ਲੈ ਆਏ? ਤੁਹਾਨੂੰ ਕੀ ਹੋ ਗਿਆ ਹੈ, ਦੇਵੇਨ!"ਵਸੁਧਾ ਨੇ ਸਹਿਜ ਸੁਭਾਵਿਕ ਹੀ ਹੈਰਾਨ ਹੋ ਕੇ ਕਿਹਾ,"ਕਿੰਨੀਆਂ ਚੀਜ਼ਾਂ ਚੁੱਕ ਲਿਆਏ? ਫਜ਼ੂਲ ਪੈਸੇ ਬਰਬਾਦ ਕਰਨ ਦੀ ਬਿਮਾਰੀ ਹੈ ਨਾ।”

ਦੇਵੇਨ ਸਿਰ ਤੋਂ ਪੈਰਾਂ ਤੱਕ ਪਸੀਨੇ ਨਾਲ ਨਹਾਤਾ ਪਿਆ ਸੀ। ਗਿੱਲੀ ਬੁਸ਼ਰਟ ਉਤਾਰ ਕੇ ਕਿੱਲੀ ਤੇ ਟੰਗਦਾ ਬੋਲਿਆ,"ਮੈਨੂੰ ਪੈਸੇ ਬਰਬਾਦ ਕਰਨ ਦਾ ਰੋਗ ਹੋਵੇ ਜਾਂ ਨਾ ਹੋਵੇ-ਪਰ ਤੇਰੀ ਰੌਲਾ ਪਾਉਣ ਦੀ ਆਦਤ ਕਦੇ ਨਹੀਂ ਜਾਣੀ।"

ਦੇਵੇਨ ਨੇ ਉਸਦੇ ਮੱਥੇ ਤੇ ਹੱਥ ਰੱਖਿਆ,"ਬੁਖਾਰ ਤਾਂ ਨਹੀਂ ਹੋਇਆ?"ਵਸੁਧਾ ਨੇ ਸਿਰ ਹਿਲਾਇਆ,"ਅਜੇ ਤੱਕ ਤਾਂ ਨਹੀਂ ਹੋਇਆ ਪਰ ਤੁਹਾਡੀਆਂ ਇਹਨਾਂ ਹਰਕਤਾਂ ਨੂੰ ਵੇਖ ਕੇ ਹੋ ਜਾਏ ਤਾਂ ਕੋਈ ਹੈਰਾਨੀ ਨਹੀਂ।"

ਵਸੁਧਾ ਦੇ ਮੁਰਝਾਏ ਬੁੱਲ੍ਹਾਂ ਤੇ ਪਤਾ ਨਹੀਂ ਅੱਜ ਕਿੰਨੇ ਚਿਰ ਮਗਰੋਂ ਮੁਸਕਾਨ ਆਈ ਸੀ।

ਦੇਵੇਨ ਉਸ ਵੱਲ ਵੇਖਦਾ ਰਿਹਾ।

ਫੇਰ ਰਸੋਈ 'ਚ ਜਾ ਕੇ ਬੋਲਿਆ,"ਬੀਬੀ ਜੀ, ਇਹਦਾ ਹੱਥ ਮੂੰਹ ਤਾਂ ਧੁਆ ਦਿੰਦੇ। ਬੁਖਾਰ ਨਹੀਂ ਤਾਂ ਹੱਥ ਮੂੰਹ ਧੋਣ ਵਿੱਚ ਕੋਈ ਹਰਜ਼ ਨਹੀਂ।"

"ਕਾਕਾ, ਇਹਨੂੰ ਤਾਂ ਪਤਾ ਨਹੀਂ ਕੀ ਹੋ ਗਿਆ ਹੈ ਜਦੋਂ ਦੀ ਬਿਸਤਰੇ ਤੇ ਪਈ ਹੈ- ਹੱਥ ਪੈਰ ਹੀ ਛੱਡ ਬੈਠੀ ਹੈ।"

'ਮਾਂ ਉਲਾਂਭੇ ਨਾਲ ਏਨਾ ਆਖ ਗਈ ਪਰ ਪਰਾਂਤ ਲੈ ਕੇ ਹੱਥ ਮੂੰਹ ਧੋਣ ਲੱਗੀ ਤਾਂ ਪਲਕਾਂ ਤੇ ਰੁਕਿਆ ਹੰਝੂਆਂ ਦਾ ਬੰਨ੍ਹ ਨਾ ਰੋਕ ਸਕੀ।

ਲੱਕੜ ਦੀਆਂ ਸੁੱਕੀਆਂ ਸੁੱਕੀਆਂ ਪਤਲੀਆਂ ਬਾਹਾਂ ਨੂੰ ਵੇਖਦੀ ਰਹੀ।

"ਦੋ ਤਿੰਨ ਮਹੀਨਿਆਂ ਵਿੱਚ ਬੱਸੋ ਇਹ ਕੀ ਹਾਲ ਕਰ ਲਿਆ ਤੂੰ, ਤੈਨੂੰ ਕੀ ਹੋਇਆ ਹੈ?"

ਮਾਂ ਦੀਆਂ ਅੱਖਾਂ ਵਗਦੀਆਂ ਰਹੀਆਂ। ਅੱਜ ਨਾ ਮੰਗੀ ਦੀ ਖਿਚੜੀ ਬਣਾਈ ਅਤੇ ਨਾ ਹੀ ਸੂਪ ਤਿਆਰ ਕੀਤਾ ਗਿਆ। ਬੱਸੋ ਨੂੰ ਕੜ੍ਹੀ ਚੌਲ ਬੜੇ ਪਸੰਦ ਸਨ ਮਾਂ ਨੇ ਜਿਦ ਕਰਕੇ ਉਹੀਂ ਬਣਾਏ।

ਪਰ ਵਸੁਧਾ ਇੱਕ ਦੋ ਬੁਰਕੀਆਂ ਤੋਂ ਵੱਧ ਨਾ ਖਾ ਸਕੀ।

ਸ਼ਾਮ ਨੂੰ ਦੌਰਾ ਪਿਆ ਤਾਂ ਉਹ ਤੜਪਦੀ, ਛਟ-ਪਟਾਉਂਦੀ ਚੀਕ ਪਈ। ਸਾਰਾ ਸਰੀਰ ਪਸੀਨਾ ਪਸੀਨਾ ਹੋ ਗਿਆ। ਨੀਂਦ ਦਾ ਇੰਜੈਕਸ਼ਨ ਅਤੇ ਕੁਝ ਹੋਰ ਦਵਾਈਆਂ ਦੇਣ ਮਗਰੋਂ

ਦਰਦ ਘਟਣ ਲੱਗਿਆ। ਜ਼ਖ਼ਮੀ, ਮਰਨ ਵਾਲੀ ਚਿੜੀ ਦੇ ਫੜਫੜਾਉਂਦੇ ਖੰਭ ਜਿਵੇਂ ਇੱਕਠੇ ਹੋਣ ਲੱਗਦੇ ਨੇ ਉਸੇ ਤਰ੍ਹਾਂ ਉਹ ਵੀ ਨਿਢਾਲ ਜਿਹੀ ਹੋ ਕੇ ਡਿੱਗ ਪਈ।

ਸਾਰਾ ਸਰੀਰ ਪੀਲਾ ਪੈ ਗਿਆ ਸੀ। ਹਿੱਲਣ-ਜੁੱਲਣ ਦੀ ਤਾਕਤ ਵੀ ਬਾਕੀ ਨਹੀਂ ਸੀ ਬਚੀ। ਜਿਵੇਂ ਵਰ੍ਹਿਆਂ ਤੋਂ ਬਿਮਾਰ ਹੋਵੇ।

ਸ਼ਾਮ ਨੂੰ ਉਸਨੇ ਪਲਕਾਂ ਖੋਹਲੀਆਂ ਤਾਂ ਉਸਤੋਂ ਬੋਲਿਆ ਤੱਕ ਨਹੀਂ ਸੀ ਜਾ ਰਿਹਾ।

"ਇਉਂ ਪਹਿਲਾਂ ਵੀ ਹੁੰਦਾ ਸੀ?"ਦੇਵੇਨ ਨੇ ਮਾਂ ਤੋਂ ਪੁੱਛਿਆ।

ਮਾਂ ਮੱਥੇ ਤੇ ਹੱਥ ਰੱਖੀ ਪਤਾ ਨਹੀਂ ਕਿਹੜੀ ਦੁਨੀਆਂ ਵਿੱਚ ਭਟਕ ਰਹੀ ਸੀ।

ਕੁਝ ਪਲਾਂ ਮਗਰੋਂ ਮੌਨ ਤੋੜ ਕੇ ਬੋਲੀ,"ਹੁੰਦਾ ਤਾਂ ਪਹਿਲਾਂ ਵੀ ਸੀ, ਪਰ ਏਨਾ ਜ਼ਿਆਦਾ ਨਹੀਂ। ਉਦੋਂ ਦੇਰ ਸਵੇਰ ਆਪਣੇ ਆਪ ਠੀਕ ਹੋ ਜਾਂਦਾ ਸੀ।”

"ਕਿਸੇ ਚੰਗੇ ਡਾਕਟਰ ਨੂੰ ਤਾਂ ਨਹੀਂ ਦਿਖਾਇਆ ਹੋਣਾ।"ਦੇਵੇਨ ਦਰਵਾਜ਼ੇ 'ਚ ਖੜ੍ਹਾ ਹੋ ਗਿਆ। ਇਥੇ ਹਵਾ ਕੁਝ ਜ਼ਿਆਦਾ ਲੱਗ ਰਹੀ ਸੀ।

"ਇਸ ਰੋਗ 'ਚ ਇਉਂ ਹੀ ਹੁੰਦਾ ਹੈ"ਕੋਲ ਹੀ ਪਈ ਟੁੱਟੀ ਕੁਰਸੀ ਤੇ ਡਿੱਗਦਾ ਉਹ ਮਨ ਹੀ ਮਨ ਬੁੜਬੁੜਾਇਆ।

## (17)

ਚਿੜੀਆਂ ਦਾ ਝੁੰਡ ਅਕਾਸ਼ 'ਚ ਕਿਤੇ ਉਡ ਰਿਹਾ ਸੀ। ਕੋਲ ਹੀ ਦੁੱਧ ਦੀ ਦੁਕਾਨ ਦੀ ਖਿੜਕੀ ਥੱਲੇ ਬੋਤਲਾਂ ਦੀ ਲਾਈਨ ਲੱਗੀ ਸੀ। ਦੁਕਾਨ ਅਜੇ ਖੁੱਲ੍ਹੀ ਨਹੀਂ ਸੀ-ਨਾ ਦੁੱਧ ਦੀ ਗੱਡੀ ਆਈ ਸੀ। ਪਰ ਸ਼ਹਿਦ ਦੀਆਂ ਮੱਖੀਆਂ ਦੇ ਛੱਤੇ ਵਾਂਗੂੰ ਲੋਕ ਇਕੱਠੇ ਹੋਣ ਲੱਗ ਪਏ ਸਨ। ਰਾਤ ਦੇ ਵੱਟਾਂ ਨਾਲ ਭਰੇ ਕੱਪੜੇ, ਉਨੀਂਦੀਆਂ ਅੱਖਾਂ ਹੱਥਾਂ ਵਿਚ ਲੋਹੇ ਦਾ ਟੋਕਨ ਅਤੇ ਮੁੱਠੀ 'ਚ ਘੁੱਟੋ ਪੈਸੇ।

ਸਕੂਟਰ ਸੜਕ ਤੇ ਘਰਘਰਾਉਣ ਲੱਗ ਪਏ ਸਨ। ਟੈਕਸੀ ਦਰਵਾਜੇ ਤੇ ਖੜੀ ਸੀ।

ਮੀਚੇ ਸਾਮਾਨ ਰੱਖ ਰਿਹਾ ਸੀ।

ਮਾਂ ਵਸੁਧਾ ਨੂੰ ਸਹਾਰਾ ਦੇ ਕੇ ਟੈਕਸੀ ਵਿਚ ਬਿਠਾ ਰਹੀ ਸੀ।

ਟੈਕਸੀ ਦੇ ਪਹੀਏ ਘੁੰਮਣ ਲੱਗੇ ਤਾਂ ਮਾਂ ਫੁੱਟ ਫੁੱਟ ਕੇ ਰੋਣ ਲੱਗ ਪਈ। ਭਿੱਜੀਆਂ ਅੱਖਾਂ ਨਾਲ ਮੀਚੇ ਵੇਖਦਾ ਰਿਹਾ ਅਤੇ ਰੂਬੀ ਟੈਕਸੀ ਦੇ ਪਿੱਛੇ ਸਰਪਟ ਭੱਜਦੀ ਰਹੀ।

“ਸੌਂ ਗਈ?”

"ਨਹੀਂ।"

"ਤਾਂ ਅੱਖਾਂ ਕਿਉਂ ਬੰਦ ਕੀਤੀਆਂ ਨੇ?"

“ਉਵੇਂ ਹੀ - ਕੁਝ ਸੋਚ ਰਹੀ ਸੀ-”

"ਕੀ-?"

ਕੁਝ ਨਹੀਂ,"ਉਸਨੇ ਹੱਸਣ ਦਾ ਯਤਨ ਕੀਤਾ ਅਤੇ ਬੰਦ ਪਲਕਾਂ ਖੋਹਲ ਲਈਆਂ,"ਕੀ ਕਹਿ ਰਹੇ ਸੀ?”

ਬਾਹਰ ਦੇਖ ਕਿੰਨਾ ਵਧੀਆ ਲੱਗ ਰਿਹਾ ਹੈ। ਦੂਰ ਤੱਕ ਖੇਤ ਹੀ ਖੇਤ। ਉਧਰ ਦੇਖੋ ਅੰਬਾਂ ਦੇ ਬਾਗ ਤੋਂ ਪਰ੍ਹੇ। ਮਾਲ ਗੱਡੀ ਛੁੱਕ ਛੁੱਕ ਕਰਦੀ, ਅਕਾਸ਼ 'ਚ ਧੂੰਏ ਦੀ ਲਕੀਰ ਬਣਾਉਂਦੀ ਕਿੰਨੀ ਵਧੀਆ ਲੱਗ ਰਹੀ ਹੈ।”

ਵਸੁਧਾ ਨੇ ਵੇਖਿਆ- ਸਚਮੁੱਚ ਹੀ ਦ੍ਰਿਸ਼ ਬੜਾ ਸੁਹਾਵਣਾ ਲੱਗ ਰਿਹਾ ਸੀ। ਬਗਲਿਆਂ ਵਰਗੇ ਪੰਛੀ,ਕੋਲ ਖੇਤਾਂ 'ਚ ਕਤਾਰਾਂ ਬੰਨ੍ਹੀ ਕੁਝ ਚੁਗ ਰਹੇ ਸਨ।

ਵਸੁਧਾ ਦਾ ਗਲਾ ਸੁੱਕ ਰਿਹਾ ਸੀ। ਹਾਪੜ ਤੋਂ ਥਰਮਸ ਖਰੀਦ ਕੇ ਦੇਵੇਨ ਨੇ ਉਸ ਵਿੱਚ ਠੰਡਾ ਪਾਣੀ ਭਰਵਾ ਲਿਆ। ਗੜ੍ਹਗੰਗਾ ਦੇ ਕੋਲ ਟੈਕਸੀ ਰੁਕਵਾ ਕੇ ਉਹ ਥੱਲੇ ਉਤਰ ਗਿਆ।

“ਥੋੜੀ ਰੈਸਟ ਕਰ ਲਈਏ- ਦੋ ਮਿੰਟ?"ਕਹਿ ਕੇ ਉਸਨੇ ਵਸੁਧਾ ਨੂੰ ਵੀ ਲਾਹ ਲਿਆ।

ਗੰਗਾ ਦਾ ਸ਼ੀਸ਼ੇ ਵਰਗਾ ਸਾਫ਼ ਪਾਣੀ ਬਰਫ਼ ਪਿਘਲਣ ਕਰਕੇ ਮਟਮੈਲਾ ਹੋ ਗਿਆ ਸੀ। ਦੋਵੇਂ ਕਿਨਾਰੇ ਕੰਢਿਆਂ ਤੱਕ ਠੰਡੇ ਜਲ ਨਾਲ ਭਰੇ ਸਨ। ਕੁਝ ਲੋਕ ਕਿਸ਼ਤੀਆਂ 'ਚ ਬੈਠ ਕੇ ਪਾਰ ਜਾ ਰਹੇ ਸਨ। ਗੰਧਲਾ ਪਾਣੀ ਧੁੱਪ ਨਾਲ ਸੋਨੇ ਵਾਂਗੂ ਚਮਕ ਰਿਹਾ ਸੀ।

ਉਸਨੂੰ ਸਹਾਰਾ ਦੇ ਕੇ ਦੇਵੇਨ ਕਿਨਾਰੇ ਤੇ ਲੈ ਗਿਆ।

ਠੰਡੀ ਰੇਤ ਉੱਤੇ ਕੁਝ ਦੇਰ ਬੈਠਣ ਮਗਰੋਂ ਹੱਥ ਮੂੰਹ ਧੋ ਕੇ ਉਹ ਉਪਰ ਆ ਗਏ।

ਬਰਫ਼ ਵਰਗਾ ਪਾਣੀ ਹੈ,"ਵਸੁਧਾ ਸਾੜ੍ਹੀ ਤੋਂ ਰੇਤ ਝਾੜਦੀ ਬੋਲੀ।"ਬਰਫ਼ ਵਰਗਾ ਨਹੀਂ"ਬਰਫ਼ ਦਾ ਹੀ ਪਾਣੀ ਹੈ।"ਦੇਵੇਨ ਉਸ ਵੱਲ ਵੇਖਦਾ ਬੋਲਿਆ,"ਤੂੰ ਠੀਕ ਹੁੰਦੀ ਤਾਂ ਮੈਂ ਤੈਨੂੰ ਵਿਚਕਾਰ ਲਿਜਾ ਕੇ ਇਕ ਚੁੱਭੀ ਲੁਆ ਦਿੰਦਾ। ਤੇਰਾ ਹੈ ਨਹੀਂ- ਤੇਰੇ ਸਾਰੇ ਖਾਨਦਾਨ ਦਾ ਸੱਤ ਪੀੜ੍ਹੀਆਂ ਦਾ ਪਾਪ ਧੋਤਾ ਜਾਂਦਾ।"

ਬੇਸਮਝ-ਨਿੱਕੇ ਜਿਹੇ ਬੱਚੇ ਵਾਂਗੂੰ ਖਿੜਖਿੜਾ ਕੇ ਹੱਸ ਪਈ ਵਸੁਧਾ।

"ਸੱਚੀ-ਜਿੰਦਗੀ ਵਿਚ ਪਹਿਲੀ ਵਾਰ ਮੈਂ ਤੈਨੂੰ ਇਉਂ ਖੁੱਲ੍ਹ ਕੇ ਹੱਸਦੀ ਨੂੰ ਵੇਖਿਆ ਹੈ। ਤੂੰ ਹੱਸਦੀ ਹੈ ਤਾਂ ਕਿੰਨੀ ਚੰਗੀ ਲੱਗਦੀ ਹੈ? ਸ਼ਰਾਰਤੀ ਲਹਿਜੇ ਵਿਚ ਦੇਵੇਨ ਆਖ ਹੀ ਰਿਹਾ ਸੀ ਕਿ ਵਸੁਧਾ ਨੇ ਉਸਦੀ ਪਿੱਠ ਤੇ ਹੌਲੀ ਜਿਹੀ ਧੱਫਾ ਮਾਰ ਦਿੱਤਾ।

ਟੈਕਸੀ ਵਿਚ ਬੈਠਕੇ ਦੇਵੇਨ ਉਸਦਾ ਦੇਰ ਤੱਕ ਹੱਥ ਪੋਲੋਸਦਾ ਰਿਹਾ,"ਦੁਖਣ ਲੱਗ ਪਿਆ ਹੋਵੇਗਾ ਹੱਥ- ਨਹੀਂ?"

ਵਸੁਧਾ ਉਸਦੇ ਮੋਢੇ ਤੇ ਅੱਖਾਂ ਬੰਦ ਕਰਕੇ ਡਿੱਗ ਪਈ। ਕਿੱਥੇ ਕਿਹੜਾ ਕਸਬਾ ਰਹਿ ਗਿਆ,ਉਸਨੂੰ ਖਬਰ ਨਹੀਂ ਸੀ ਰਹੀ।

ਮੁਰਦਾਬਾਦ ਵਿਚ ਇੱਕ ਘੰਟਾ ਆਰਾਮ ਕਰਕੇ ਉਹ ਫੇਰ ਚੱਲ ਪਏ।

000

ਦੂਰ ਤੱਕ ਬਾਹਾਂ ਫੈਲਾਈ-ਹਰੀ ਝੀਲ ਦੇ ਕੰਢੇ ਉਹ ਪਹੁੰਚੇ ਤਾਂ ਸ਼ਾਮ ਹੋ ਰਹੀ ਸੀ। ਪਾਣੀ ਹਰੇ ਰੰਗ ਦੀ ਵਾਰਨਿਸ਼ ਵਰਗਾ ਲੱਗ ਰਿਹਾ ਸੀ,ਪਰ ਕਿਤੇ ਕਿਤੇ ਸਿੰਧੂਰ ਜਿਹਾ ਖਿਲਰਿਆ ਪਿਆ ਸੀ। ਸਾਹਮਣੇ ਵਾਲਾ ਪਹਾੜ ਸਾਰੇ ਦਾ ਸਾਰਾ ਪਾਣੀ ਵਿਚ ਡੁੱਬਿਆ ਪਿਆ ਸੀ। ਰੰਗ ਬਰੰਗੇ ਮਕਾਨ ਅਤੇ ਦਿਉਦਾਰ ਦੇ ਹਰੇ ਭਰੇ ਦਰਖਤ ਸਤਿਹ ਤੇ ਤੈਰਦੇ ਸਾਫ਼ ਦਿਸ ਰਹੇ ਸਨ।

ਇਸ ਲੰਬੇ ਸਫ਼ਰ ਨਾਲ ਵਸੁਧਾ ਬੁਰੀ ਤਰ੍ਹਾਂ ਥੱਕ ਗਈ ਸੀ। ਖੜ੍ਹੀ ਹੁੰਦੀ ਤਾਂ ਪੈਰ ਕੰਬਣ ਲੱਗਦੇ। ਮਈ ਜੂਨ ਦੇ ਮਹੀਨੇ ਵਿਚ ਵੀ ਸਰਦੀ ਲੱਗ ਰਹੀ ਸੀ।

ਠਹਿਰਨ ਦਾ ਪ੍ਰਬੰਧ ਪਹਿਲਾਂ ਹੀ ਦੇਵੇਨ ਕਰ ਚੁੱਕਿਆ ਸੀ। ਇਸ ਲਈ ਹੋਟਲ ਵਿਚ ਪਹੁੰਚਦੇ ਹੀ ਬਿਸਤਰੇ ਤੇ ਟੁੱਟੀ ਹੋਈ ਟਹਿਣੀ ਵਾਂਗੂੰ ਡਿਗ ਪਈ ਵਸੁਧਾ।

ਨੀਂਦ ਦੀ ਇਕ ਝਪਕੀ ਆਉਣ ਤੋਂ ਮਗਰੋਂ ਉਹ ਜਾਗੀ। ਉਸੇ ਤਰਾਂ ਬਿਸਤਰੇ ਤੇ ਪਈ ਪਈ ਪਤਾ ਨਹੀਂ ਕੀ ਸੋਚਦੀ ਰਹੀ। ਉਸਨੂੰ ਘਰ ਦੀ ਯਾਦ ਆਈ। ਦੇਰ ਤੱਕ ਰੂਬੀ ਦਾ ਖਿਆਲ ਆਉਦਾ ਰਿਹਾ। ਵਾਰੀ ਵਾਰੀ ਮੰਜਿਆਂ ਤੇ ਛਾਲਾਂ ਮਾਰਦੀ, ਠੁਮ ਠੁਮ ਕਰਦੀ ਥੱਲੇ ਉਤੇ ਭੱਜ ਰਹੀ ਹੋਵੇਗੀ। ਮਾਂ ਵਿਚ ਹੁਣ ਕਿੰਨਾ ਬਦਲਾਅ ਆ ਗਿਆ ਹੈ। ਦਿਨ ਰਾਤ ਪੂਜਾਪਾਠ 'ਚ ਲੱਗੀ ਰਹਿੰਦੀ ਹੈ। ਜਦੋਂ ਉਹ ਇਥੇ ਆਉਣ ਲਈ ਤੁਰੇ ਸਨ ਤਾਂ ਘਰ 'ਚ ਰਾਸ਼ਨ ਦਾ ਇਕ ਵੀ ਦਾਣਾਂ ਨਹੀਂ ਸੀ। ਦੁਕਾਨਦਾਰ ਦਾ ਪਿਛਲਾ ਉਧਾਰ ਅਜੇ ਦੇਣਾ ਹੈਂ। ਉਸਨੇ ਪਿਛਲੇ ਹਫ਼ਤੇ ਹੀ ਮੀਚੇ ਨੂੰ ਜੁਆਬ ਦੇ ਦਿੱਤਾ ਸੀ। ਫੇਰ ਉਹ ਖਾਂਦੇ ਕੀ ਹੋਣਗੇ।?

ਮਾਂ ਨੇ ਕਰੋਲਬਾਗ ਵਾਲੇ ਅੰਕਲ ਨਾਲ ਆਪਣੇ ਸਾਰੇ ਸਬੰਧ ਹੌਲੀ ਹੌਲੀ ਖ਼ਤਮ ਕਰ ਲਏ ਸਨ। ਪਰ ਮਾਂ ਨੂੰ ਹੁਣ ਫੇਰ ਜਾਣਾ ਪਿਆ ਹੋਵੇਗਾ। ਉਹਨਾਂ ਦੇ ਦਰਵਾਜ਼ੇ ਤੇ ਹੱਥ ਅੱਡਣ। ਅੰਕਲ ਚੰਗੇ ਆਦਮੀ ਨਹੀਂ-। ਸਾਰੇ ਰਿਸ਼ਤੇਦਾਰਾਂ ਵਿਚ ਉਹਨਾਂ ਦੀ ਬਦਨਾਮੀ ਦੇ ਕਿੱਸੇ ਫੈਲੇ ਹੋਏ ਹਨ।

ਰਾਤ ਹੋ ਗਈ ਸੀ। ਕਮਰੇ ਵਿਚ ਹਨੇਰਾ ਸੀ। ਉਦੋਂ ਹੀ ਦੇਵੇਨ ਡਾਕਟਰ ਨੂੰ ਲੈ ਕੇ ਆਇਆ। ਦੇਵੇਨ ਨੇ ਰੌਸ਼ਨੀ ਬਾਲ ਕੇ ਚਾਦਰ ਉਤਾਰੀ,"ਕਿਵੇਂ ਹੈ ਤਬੀਅਤ?"

“ਠੀਕ ਹੈ"ਬੁਝੀ ਆਵਾਜ਼ ਵਿਚ ਵਸੁਧਾ ਨੇ ਉੱਤਰ ਦਿੱਤਾ।

“ਤੇਰਾ ਚਿਹਰਾ ਬੜਾ ਉਤਰਿਆ ਲੱਗ ਰਿਹਾ ਹੈ।"ਦੇਵੇਨ ਦੇ ਚੇਹਰੇ ਤੇ ਪ੍ਰੇਸ਼ਾਨੀ ਦੇ ਭਾਵ ਸਨ।

“ਲੰਬੀ ਯਾਤਰਾ ਨਾਲ ਹੋਏਗਾ।"ਡਾਕਟਰ ਪਾਲ ਬੋਲੇ।

ਚੰਗੀ ਤਰਾਂ ਜਾਂਚ ਕਰਨ ਮਗਰੋਂ ਉਹ ਕਾਗਜ਼ ਤੇ ਕੁਝ ਦਵਾਈਆਂ ਲਿਖ ਕੇ ਚਲੇ ਗਏ।

“ਇੱਥੇ ਕੁਝ ਠੀਕ ਨਹੀਂ ਲੱਗ ਰਿਹਾ ਤੈਨੂੰ?"ਦੇਵੇਨ ਕੋਲ ਪਈ ਕੁਰਸੀ ਖਿਚ ਕੇ ਬੈਠ ਗਿਆ।

ਕਿਉਂ-ਬਹੁਤ ਚੰਗਾ ਲੱਗ ਰਿਹੈ।”

"ਫੇਰ ਉਦਾਸ ਕਿਉਂ ਹੈ? ਗੁਆਚੀ ਗੁਆਚੀ ਜਿਹੀ ਹਰ ਵੇਲੇ ਕੀ ਉਲ ਜਲੂਲ ਸੋਚਦੀ ਰਹਿੰਦੀ ਹੈਂ।”

ਕੁਝ ਵੀ ਨਹੀਂ ਸੋਚਦੀ- ਆਪ ਉਵੇਂ ਹੀ ਕਹਿੰਦੇ ਰਹਿੰਦੇ ਹੋ?"ਖਿੱਝ ਕੇ ਵਸੁਧਾ ਨੇ ਕਿਹਾ ਤਾਂ ਦੇਵੇਨ ਉਚੀ ਦੇ ਕੇ ਹੱਸ ਪਿਆ,"ਇਹ ਵੀ ਖੂਬ ਰਹੀ। ਅਸੀਂ 'ਆਪ' ਕਦੋਂ ਤੋਂ ਹੋ ਗਏ ਮੈਡਮ? ਉਹ ਫੇਰ ਹੱਸਣ ਲੱਗਿਆ।

“ਉਂਜ ਹੀ ਨਿਕਲ ਗਿਆ ਹੋਵੇਗਾ ਮੂੰਹ ਚੋਂ।"

ਵਸੁਧਾ ਚਿੜ੍ਹ ਕੇ ਬੋਲੀ ਅਤੇ ਆਪ ਵੀ ਹੱਸਣ ਵਰਗਾ ਮੂੰਹ ਬਣਾ ਲਿਆ।

“ਘਰ ਦੀ ਯਾਦ ਤਾਂ ਨਹੀਂ ਆ ਰਹੀ?"ਕੁਝ ਠਹਿਰ ਕੇ ਦੇਵੇਨ ਨੇ ਪੁੱਛਿਆ।

“ਨਹੀਂ।”

“ਫੀਵਰ ਵਾਂਗੂੰ ਲੱਗਦਾ ਹੈ ਕੁਝ?"

"ਨਹੀਂ ਕੁਝ ਥਕਾਵਟ ਜਿਹੀ ਹੀ ਹੈ।”

ਦੇਵੇਨ ਨੇ ਖਿੜਕੀ ਖੋਹਲ ਦਿੱਤੀ। ਖਿੜਕੀ ਝੀਲ ਵੱਲ ਖੁੱਲ੍ਹਦੀ ਸੀ। ਪਾਣੀ ਉੱਤੇ ਬਿਜਲੀ ਦੀਆਂ ਰੰਗ ਬਰੰਗੀਆਂ ਬੱਤੀਆਂ ਦਾ ਚਮਕਦਾ ਚਾਨਣ ਬਹੁਤ ਵਧੀਆ ਲੱਗ ਰਿਹਾ ਸੀ। ਕੁਝ ਦੇਰ ਖਿੜਕੀ ਦੇ ਪੱਲਿਆਂ ਨੂੰ ਫੜਕੇ ਉਹ ਵੇਖਦਾ ਰਿਹਾ। ਫੇਰ ਵਸੁਧਾ ਵੱਲ ਮੂੰਹ-ਕਰਕੇ ਬੋਲਿਆ,"ਤੂੰ ਏਧਰ ਬੈਠ। ਕੁਰਸੀ ਏਥੇ ਲਾ ਦਿੰਦਾ ਹਾਂ। ਜਦੋਂ ਵੀ ਜੀ ਮੇਰੇ ਨਾਲ ਗੱਲ

ਕਰ ਲਵੀਂ। ਮਨ ਭਰ ਜਾਵੇ ਤਾਂ ਉਹਨੂੰ ਹਲਕਾ ਕਰਨ ਲਈ ਝੀਲ ਵੱਲ ਵੇਖ ਲਈ,"ਉਹ ਹੱਸ ਪਿਆ।

ਵਸੁਧਾ ਨੂੰ ਉਥੇ ਬਿਠਾ ਦੇਵੇਨ ਸਮਾਨ ਖਰੀਦਣ ਮਾਰਕੀਟ ਚਲਿਆ ਗਿਆ।

ਸਾਰਾ ਕਮਰਾ ਵਸੁਧਾ ਨੂੰ ਫੇਰ ਖਾਲੀ ਖਾਲੀ ਲੱਗਣ ਲੱਗਿਆ। ਕਦੇ ਉਹ ਖਿੜਕੀ ਚੋਂ ਬਾਹਰ ਝਾਕਦੀ, ਕਦੇ ਕਮਰੇ ਦੇ ਅੰਦਰ ਪਈਆਂ ਚੀਜਾਂ ਵੱਲ ਵੇਖਦੀ।

ਉਸਦੀ ਬਿਮਾਰੀ ਖਤਰਨਾਕ ਹੈ। ਇਸ ਦਾ ਉਸਨੂੰ ਪਤਾ ਲੱਗ ਚੁਕਿਆ ਸੀ ਪਰ ਹੈ। ਕੀ? ਦੇਵੇਨ ਉਸ ਨੂੰ ਕਿਉਂ ਨਹੀਂ ਦੱਸਦਾ। ਉਸ ਦੀ ਸਮਝ ਵਿੱਚ ਇਹ ਨਹੀਂ ਸੀ। ਆਉਂਦਾ।

ਰਾਤ ਨੂੰ ਦੇਵੇਨ ਬਹੁਤ ਸਾਰੇ ਤਾਜੇ ਫਲ ਲੈ ਕੇ ਮੁੜਿਆ। ਪੌੜੀਆਂ ਤੋਂ ਹੀ ਰੌਲਾ ਪਾਉਂਦਾ ਆਇਆ।

ਵਸੂ ਦੇਖ, ਕੱਲ੍ਹ ਤੋਂ ਫਲਾਂ ਦੀ ਦੁਕਾਨ ਖੋਲਾਂਗੇ ਏਥੇ, ਕਿੰਨੇ ਫਲ ਲਿਆਇਆ ਹਾਂ

ਅਤੇ ਸਾਰੀ ਮੇਜ ਫਲਾਂ ਨਾਲ ਭਰ ਗਿਆ। ਇਹ ਕੀ ਸੁੱਝਿਆ ਤੁਹਾਨੂੰ? ਵਸੁਧਾ ਨਾਰਾਜ਼ ਹੋ ਕੇ ਬੋਲੀ,"ਏਨੇ ਰੁਪਏ ਫਾਲਤੂ ਖਰਚ ਕਰਨ ਦਾ ਕੀ ਫਾਇਦਾ ਹੋਇਆ? ਦੱਸੋ ਕੌਣ ਖਾਵੇਗਾ ਇਹਨਾਂ ਨੂੰ?"

"ਕਿਉਂ? ਕਿਉਂ? ਉਹ ਸ਼ਰਾਰਤ ਨਾਲ ਉਸੇ ਤਰਾਂ ਵੇਖਦਾ ਰਿਹਾ,"ਮਿਸਟਰ 'ਆਪ ' ਦਾ ਜਿਸਨੂੰ ਆਰਡਰ ਹੋਏਗਾ ਉਸ ਨੂੰ ਖਾਣੇ ਪੈਣਗੇ।"

“ਹੱਦ ਹੋ ਗਈ।"ਵਸੁਧਾ ਦਾ ਹੱਥ ਆਪਣੇ ਮੱਥੇ ਤੱਕ ਗਿਆ,"ਕਈ ਮਹੀਨੇ ਭਰ ਵਿੱਚ ਵੀ ਏਨੇ ਫਲ ਖਾ ਸਕਦਾ ਹੈ?"

"ਇਹ ਦਿੱਲੀ ਨਹੀਂ-ਨੈਨੀਤਾਲ ਹੈ ਮੈਡਮ: ਏਥੇ ਸਾਡਾ ਹੁਕਮ ਚੱਲੇਗਾ। ਏਨੇ ਏਨੇ ਫਲ ਤੁਹਾਨੂੰ ਰੋਜ਼ ਖਾਣੇ ਪੈਣਗੇ,।"ਉਸਨੇ ਅਜੀਬ ਜਿਹਾ ਮੂੰਹ ਬਣਾਇਆ ਤਾਂ ਵਸੁਧਾ ਆਪਣਾ ਹਾਸਾ ਨਹੀਂ ਰੋਕ ਸਕੀ।

ਇੱਕ ਛੋਟਾ ਜਿਹਾ ਟੁਕੜਾ ਖਾ ਲੈਣ ਨਾਲ ਉਸ ਦਾ ਢਿੱਡ ਭਰ ਗਿਆ ਪਰ ਅੱਖਾਂ ਸ਼ਾਇਦ ਅਜੇ ਤੱਕ ਨਹੀਂ ਸੀ ਭਰੀਆਂ। ਵਾਰੀ ਵਾਰੀ ਉਹ ਫਲਾਂ ਦੇ ਢੇਰ ਵੱਲ ਵੇਖਦੀ।

000

ਸਵੇਰ ਉਠੀ ਤਾਂ ਚਿਹਰਾ ਕਾਫੀ ਭਾਰਾ ਲੱਗਦਾ ਸੀ।"ਕੱਲ੍ਹ ਮੈਂ ਇੱਕ ਅਜੀਬ ਜਿਹਾ ਸੁਪਨਾ ਦੇਖਿਆ।"

ਦੇਵੇਨ ਉਸ ਦੇ ਬਿਸਤਰੇ ਤੇ ਚੌਂਕੜੀ ਮਾਰੀ ਬੈਠਾ ਕੋਈ ਬਾਸੀ ਅਖਬਾਰ ਪੜ੍ਹ ਰਿਹਾ ਸੀ। ਅਖਬਾਰ ਤੋਂ ਨਜ਼ਰਾਂ ਚੁੱਕਕੇ ਉਸਨੇ ਦੇਖਿਆ,"ਕਿਹੋ ਜਿਹਾ ਸੁਪਨਾ"

"ਬਹੁਤ ਹੀ ਅਜੀਬ ਸੀ, ਸੱਚੀਂ।"ਮੈਂ ਤਾਂ ਹੁਣ ਤੱਕ ਹੈਰਾਨ ਹਾਂ ਕਿ ਇਹੋ ਜਿਹਾ ਵੀ ਕੋਈ ਸੁਪਨਾ ਹੋ ਸਕਦਾ ਹੈ?"

"ਸੀ ਕੀ? ਕੁਝ ਬੋਲੇਂਗੀ ਕਿ ਇਓਂ ਹੀ ਸਸਪੈਂਸ ਬਣਾਈ ਰੱਖੇਂਗੀ?"ਸੁਣਕੇ ਦੇਵੇਨ ਨੇ ਕਿਹਾ|

"ਮੈਂ ਵੇਖਿਆ,"ਵਸੁਧਾ ਰੁਕ ਰੁਕਕੇ ਬੋਲੀ,

"ਕਿ ਮੈਂ ਮਰ ਗਈ ਹਾਂ। ਦੂਰ ਖੜ੍ਹੀ ਮੈਂ ਆਪਣੀ ਹੀ ਲਾਸ਼ ਵੱਲ ਤੱਕ ਰਹੀ ਹਾਂ ਸਰੀਰ ਤੇ ਚਿੱਟੀ ਚਾਦਰ ਪਈ ਹੈ। ਤੁਸੀਂ ਕੋਲੇ ਖੜ੍ਹ ਰੋ ਰਹੇ ਹੋ।"

ਇਸ ਤੋਂ ਅੱਗੇ ਦੇਵੇਨ ਸੁਣ ਨਹੀਂ ਸਕਿਆ,

"ਬੱਸ ਬੱਸ ਕੀ ਉਟ ਪਟਾਂਗ ਗੱਲਾਂ ਕਰਦੀ ਐਂ----ਵਹਿਮ ਦਾ ਕੋਈ ਕਿਤੇ ਇਲਾਜ ਹੁੰਦਾ ਹੈ। ਕੋਈ ਆਦਮੀ ਆਪਣੀ ਹੀ ਲਾਸ਼ ਦੇਖ ਸਕਦਾ ਹੈ? ਤੂੰ ਵੀ ਕੀ ਗੱਲਾਂ ਕਰਦੀ ਹੈ ਵਸੁਧਾ! ਲਗਦਾ ਹੈ ਤੈਨੂੰ 'ਮੇਨੀਆ' ਹੋ ਗਿਆ ਹੈ।"ਦੇਵੇਨ ਚੁੱਪ ਕਰ ਗਿਆ।

ਵਸੁਧਾ ਨੇ ਅਖਬਾਰ ਫੜ ਕੇ ਦੂਰ ਸੁੱਟ ਦਿੱਤਾ ਅਤੇ ਉਸ ਦੀ ਗੋਦੀ ਵਿੱਚ ਮੂੰਹ ਲੁਕਾ ਕੇ ਪੈ ਗਈ।

ਦੇਵੇਨ ਉਸ ਦੇ ਵਾਲਾਂ ਨੂੰ ਉਂਗਲੀਆਂ ਦੀ ਕੰਘੀ ਬਣਾ ਕੇ ਪਲੋਸਦਾ ਰਿਹਾ।

ਕੁਝ ਸਮੇਂ ਮਗਰੋਂ ਉਸਨੇ ਵਸੁਧਾ ਦਾ ਸਿਰ ਉਪਰ ਚੁਕਿਆ ਤਾਂ ਸਾਰਾ ਚਿਹਰਾ ਹੰਝੂਆਂ ਨਾਲ ਭਿਜਿਆ ਪਿਆ ਸੀ।

“ਹੈਂ ਇਹ ਕੀ?"ਦੇਵੇਨ ਨੇ ਹੈਰਾਨੀ ਨਾਲ ਵੇਖਿਆ।

"ਤੈਨੂੰ ਕੀ ਹੋ ਗਿਆ ਹੈ ਵਸੂ?”

"ਜੇ ਮੈਂ ਇਹ ਜਾਣਦੀ ਕਿ ਤੁਹਾਡਾ ਮੇਰੇ ਤੇ ਇੰਨਾ ਵੀ ‘ਫੇਥ' ਨਹੀਂ ਤਾਂ ਕਦੇ ਵੀ ਇੱਥੇ ਨਾ ਆਉਂਦੀ ਦੇਵੇਨ।"ਉਹ ਉਸੇ ਤਰਾਂ ਰੋਂਦੀ ਰਹੀ।

“ਕਿਉਂ? ਕਿਉਂ?”

"ਕਿਉਂ ਕੀ? ਜੇ ਵਿਸ਼ਵਾਸ ਹੁੰਦਾ ਤਾਂ ਤੁਸੀਂ ਇਹ ਕਿਉਂ ਲੁਕਾਉਂਦੇ ਕਿ ਮੈਨੂੰ ਕੀ ਬਿਮਾਰੀ ਹੈ?"ਗੁੱਸੇ ਵਿੱਚ ਫੁਟ ਪਈ ਵਸੁਧਾ।

"ਇਸ ਵਿੱਚ ਲੁਕਾਉਣ ਦੀ ਕੀ ਗੱਲ ਹੈ?"ਦੇਵੇਨ ਸੰਭਲੀ ਆਵਾਜ਼ ਵਿੱਚ ਸਮਝਾਉਂਦਾ ਬੋਲਿਆ,“ਇਹੋ ਜਿਹੀਆਂ ਬਿਮਾਰੀਆਂ ਅੱਜ ਕੱਲ ਆਮ ਹਨ। ਲੀਵਰ ਦੀ ਖਰਾਬੀ ਨਾਲ ਇਹ ਸਭ ਕੁਝ ਹੋ ਰਿਐ। ਜਿਉ ਹੀ ਠੀਕ ਢੰਗ ਨਾਲ ਖੂਨ ਬਣਨਾਂ ਸ਼ੁਰੂ ਹੋ ਜਾਏਗਾ। ਤੈਨੂੰ ਦੌਰੇ ਪੈਣੇ ਬੰਦ ਹੋ ਜਾਣਗੇ। ਦਰਦ ਇੱਥੇ ਹੀ ਹੁੰਦਾ ਹੈ ਨਾ।"ਉਸਦੀ ਛਾਤੀ ਦੇ ਕੋਨੇ ਨੂੰ ਉਂਗਲ ਨਾਲ ਛੋਹ ਕੇ ਵੇਖਿਆ।

ਵਸੁਧਾ ਨੇ ਗੁੱਸੇ ਨਾਲ ਹੱਥ ਝਟਕਾ ਦਿੱਤਾ।"ਝੂਠ ਹੈ। ਬਿਲਕੁੱਲ ਝੂਠ। ਠੱਗਦੇ ਕਿਉਂ ਹੋ?
ਮੈਨੂੰ ਕੈਂਸਰ ਹੈ। ਕੈਂਸਰ”

ਉਹ ਦਹਾੜ ਮਾਰ ਕੇ ਰੋ ਪਈ,"ਮੈਂ ਜਾਣਦੀ ਨਹੀਂ ਕੀ? ਮੈਨੂੰ ਬੱਚੀ ਸਮਝ ਰਹੇ ਹੋ। ਇਹ ਢੇਰ ਸਾਰੇ ਫਲ, ਨਵੀਆਂ ਨਵੀਆਂ ਸਾੜੀਆਂ ਕਿਉਂ ਲਿਆ ਰਹੇ ਹੋ? ਇਹੀ ਨਾ ਕਿ ਮੈਂ ਹੋਰ ਜਿਆਦਾ ਜੀਉਣ ਵਾਲੀ ਨਹੀਂ। ਦੇਵੇਨ ਮੈਨੂੰ ਚੁੱਪਚਾਪ ਮਰ ਕਿਉਂ ਨਹੀਂ ਜਾਣ ਦਿੰਦੇ?

ਦੇਵੇਨ ਨੇ ਨਿੱਕੀ ਜਿਹੀ ਬੱਚੀ ਵਾਂਗੂੰ ਵਰਾਉਂਦੇ ਉਸ ਨੂੰ ਬਾਹਾਂ 'ਚ ਭਰ ਲਿਆ।

“ਮੈਨੂੰ ਕਿਸੇ ਤਰਾਂ ਵੀ ਨਹੀਂ ਜਿਉਣ ਦਏਂਗੀ ਤੂੰ।"ਉਸਦੀ ਆਵਾਜ ਲੜਖੜਾ ਗਈ, “ਤੂੰ ਤਾਂ ਇਸ ਦੁੱਖ ਤੋਂ ਇੱਕ ਦਿਨ ਮੁਕਤ ਹੋ ਜਾਏਗੀ,ਪਰ ਮੇਰੀ ਪੀੜ ਦਾ ਕੀ ਬਣੇਗਾ. ..?"

ਦੂਜੇ ਦਿਨ ਡਾਕਟਰ ਨੇ ਵਸੁਧਾ ਨੂੰ ਬੜਾ ਸਮਝਾਇਆ ਕਿ ਕੈਂਸਰ ਦੇ ਮਰੀਜ ਵੀ ਹੁਣ ਠੀਕ ਹੋ ਜਾਂਦੇ ਨੇ। ਮੈਂ ਕਿੰਨੇ ਹੀ ਰੋਗੀਆਂ ਦਾ ਇਲਾਜ ਕੀਤਾ ਹੈ। ਨੈਨੀਤਾਲ 1 ਵਿੱਚ ਹੀ ਇੱਕ ਮਰੀਜ ਹੈ। ਨੈਨੀਤਾਲ ਵਿੱਚ ਪਿਛਲੇ ਪੰਜ ਸਾਲ ਤੋਂ ਦੁਕਾਨ ਚਲਾ ਰਿਹਾ ਹੈ। ਬਾਰਾਂ ਬਾਰਾਂ

ਘੱਟੋ ਕੰਮ ਕਰਦਾ ਹੈ। ਤੂੰ ਸਰੀਰਕ ਰੂਪ ਵਿੱਚ ਜੇ ਠੀਕ ਰਹੇ ਤਾ ਰੋਗ ਦੇ ਇਲਾਜ 'ਚ ਸਹਾਇਤਾ ਮਿਲੇਗੀ। ਫਾਲਤੂ ਗੱਲਾਂ ਸੋਚਣੀਆਂ ਛੱਡ ਦੇਹ। ਫੇਰ ਦੇਖਦਾ ਹਾਂ ਤੂੰ ਕਿਵੇਂ ਠੀਕ ਹੋ ਕੇ ਨਹੀਂ ਜਾਂਦੀ ਪਰ ਤੈਨੂੰ ਇਸ ਵਾਸਤੇ ਡਾਕਟਰ ਨੂੰ ਪੂਰਾ ਸਹਿਯਗ ਦੇਣਾ ਪਏਗਾ।"
ਡਾਕਟਰ ਦੇ ਲੰਬੇ ਚੌੜੇ ਭਾਸ਼ਣ ਦਾ ਵਸੁਧਾ ਤੇ ਕੁਝ ਪਲ ਤਾਂ ਪ੍ਰਭਾਵ ਰਿਹਾ ਪਰ ਬਾਅਦ ਵਿੱਚ ਹਾਲਤ ਫੇਰ ਉਹੋ ਜਿਹੀ ਹੀ ਹੋ ਗਈ।

## (19)

ਜਦੋਂ ਕਦੇ ਵੀ ਉਹ ਉਦਾਸ ਹੁੰਦੀ-ਦੇਵੇਨ ਦੇ ਚਿਹਰੇ ਤੇ ਵੀ ਪ੍ਰੇਸ਼ਾਨੀ ਦਿਸਣ ਲੱਗ ਪੈਂਦੀ। ਇਹੀ ਸੋਚ ਕੇ ਵਸੁਧਾ ਖੁਸ਼ ਦਿਸਣ ਦਾ ਨਾਟਕ ਜਿਹਾ ਕਰਨ ਲੱਗੀ। ਉਸਦੇ ਜ਼ਿਆਦਾ ਖਾਣ ਨਾਲ ਦੇਵੇਨ ਨੂੰ ਖੁਸ਼ੀ ਹੁੰਦੀ ਸੀ। ਇਸ ਲਈ ਉਹ ਨਾ ਚਾਹੁੰਦੇ ਵੀ ਥੋੜਾ ਜਿਹਾ ਖਾਣਾ ਵੱਧ ਖਾ ਲੈਂਦੀ। ਜਦੋਂ ਉਹ ਚੰਗੇ ਕੱਪੜੇ ਪਾ ਕੇ ਸਜੀ ਧੱਜੀ ਰਹਿੰਦੀ,ਦੇਵੇਨ ਦੇ ਮੂੰਹ ਤੇ ਅਚਾਨਕ ਹੀ ਮੁਸਕਰਾਹਟ ਆ ਜਾਂਦੀ। ਇਸ ਲਈ ਵਸੁਧਾ ਸਜਣ ਸੰਵਰਨ ਲੱਗੀ। ਦੇਵੇਨ ਜੇ ਘੁੰਮਣ ਜਾਣ ਲਈ ਕਹਿੰਦਾ ਤਾਂ ਨਾ ਚਾਹੁੰਦੇ ਵੀ ਉਹ ਤੁਰ ਪੈਂਦੀ।
ਕਦੇ ਕਦੇ ਜਰੂਰਤ ਨਾ ਹੋਣ ਦੇ ਬਾਵਜੂਦ ਵੀ ਜੇ ਉਹ ਕੋਈ ਚੀਜ਼ ਦੀ ਮੰਗ ਕਰਦੀ ਤਾਂ ਉਸਨੂੰ ਪੂਰਾ ਕਰਨ ਵਿਚ ਦੇਵੇਨ ਨੂੰ ਕਿੰਨੀ ਖੁਸ਼ੀ ਹੁੰਦੀ ਸੀ। ਦੇਵੇਨ ਵਸੁਧਾ ਨੂੰ ਹਰ ਰੋਜ਼ ਨੈਣਾ ਦੇਵੀ ਦੇ ਮੰਦਰ ਲੈ ਜਾਂਦਾ।
"ਮੰਦਰ ਵਿਚ ਜਾਣ ਨਾਲ ਬਹੁਤ ਸ਼ਾਂਤੀ ਮਿਲਦੀ ਹੈ ਮਨ ਨੂੰ ! ਤੈਨੂੰ ਨਹੀਂ ਮਿਲਦੀ ਵਸੁ?"
ਕਦੇ ਉਹ ਪੁੱਛਦਾ ਤਾਂ ਵਸੁਧਾ ਹੱਸ ਪੈਂਦੀ, ਜੇ ਨਾ ਮਿਲਦੀ ਹੁੰਦੀ ਤਾਂ ਇੱਥੋਂ ਤੱਕ ਕਿਉਂ ਆਉਂਦੀ ਰੋਜ਼।"
ਤੈਨੂੰ ਸਭ ਤੋਂ ਚੰਗਾ ਕੀ ਲੱਗਦਾ ਹੈ?"ਇਕ ਦਿਨ ਮਾਲ ਰੋਡ ਤੇ ਘੁੰਮਦੇ ਉਸਨੇ ਵਸੁਧਾ ਨੂੰ ਪੁੱਛਿਆ, ਵਸੁਧਾ ਕੁਝ ਦੇਰ ਸੋਚਦੀ ਰਹੀ। ਫੇਰ ਹੱਸਦੀ ਹੋਈ ਬੋਲੀ,"ਤੁਹਾਡਾ ਸਾਥ-।

ਦੇਵੇਨ ਨੇ ਹੌਲੀ ਜਿਹੀ ਉਸਦੇ ਪਿੱਠ ਤੇ ਧੱਫਾ ਮਾਰਿਆ,"ਏਨੀ ਸ਼ਰਾਰਤੀ ਵੀ ਹੋ ਸਕਦੀ ਹੈਂ ਤੂੰ ਮੈਂ ਸੋਚਿਆ ਨਹੀਂ ਸੀ।"“ਹੁਣ ਸੋਚ ਲਓ ! ਕੀ ਫਰਕ ਪੈਂਦਾ ਹੈ?"ਵਸੁਧਾ ਬੋਲੀ। ਅਤੇ ਦੋਵੇਂ ਖਿੜਖਿੜਾ ਕੇ ਹੱਸ ਪਏ।

000

ਇਹ ਹਾਸਾ ਬਹੁਤ ਮਹਿੰਗਾ ਪੈਂਦਾ ਵਸੁਧਾ ਨੂੰ। ਜਿਉਂ ਹੀ ਉਹ ਇਕੱਲੀ ਹੁੰਦੀ ਚਾਰੇ ਪਾਸਿਉਂ ਜਿਵੇਂ ਘਟਾਵਾਂ ਘਿਰ ਆਉਂਦੀਆਂ ਤੇ ਉਸ ਨੂੰ ਘੇਰ ਲੈਂਦੀਆਂ। ਉਸਨੂੰ ਮਾਂ ਦੀ ਯਾਦ ਆਉਂਦੀ। ਕੰਚਨ ਦੀ ਯਾਦ ਆਉਂਦੀ ਅਤੇ ਯਾਦ ਆਉਂਦੀ ਇਹ ਗੱਲ ਕਿ ਉਸਦੀ ਜਿੰਦਗੀ ਦੇ ਦਿਨ ਹੁਣ ਉਂਗਲੀਆਂ ਉਤੇ ਗਿਣਨ ਜੋਗੇ ਰਹਿ ਗਏ। ਉਹ ਬੇਸਬਰੀ ਹੋ ਜਾਂਦੀ ਅੱਧੀ ਅੱਧੀ ਰਾਤ ਨੂੰ ਚੀਕ ਪੈਂਦੀ।

ਉਸਨੂੰ ਪਤਾ ਸੀ। ਕੈਂਸਰ ਦੇ ਰੋਗੀ ਕਿੰਨੇ ਕੁ ਠੀਕ ਹੁੰਦੇ ਨੇ। ਇਲਾਜ ਨਾਲ ਹੀ ਠੀਕ ਹੋਣ ਦੀ ਉਮੀਦ ਹੁੰਦੀ ਤਾਂ ਦੇਵੇਨ ਇਥੇ ਕਿਉਂ ਲਿਆਉਂਦਾ? ਉਥੇ ਹੀ ਕਿਸੇ ਹਸਪਤਾਲ 'ਚ ਭਰਤੀ ਕਰਵਾ ਦਿੰਦਾ।

ਜਿਹੜੀਆਂ ਵੀ ਜਰੂਰੀ ਗੱਲਾਂ ਸਨ, ਚੁੱਪ ਚਪੀਤੇ ਉਸਨੇ ਉਹ ਲਿਖ ਕੇ . ਆਪਣੀ ਅਟੈਚੀ ਵਿਚ ਸਭ ਤੋਂ ਥੱਲੇ ਲੁਕੇ ਦਿੱਤਾ ਸੀ, ਦਫ਼ਤਰ ਦਾ ਹਿਸਾਬ, ਕਰਜੇ ਦਾ ਬਿਓਰਾ। ਮਾਂ ਦੇ ਨਾਂ ਇੱਕ ਲੰਬਾ ਖਤ। ਇੱਕ ਚਿੱਠੀ ਕੰਚੋ ਲਈ। ਕੁਝ ਕਾਗਜ਼ ਦੇਵੇਨ ਨੂੰ ਸੰਬੋਧਤ ਸਨ। ਜਿਹੜੀ ਗੱਲ ਮੂੰਹੋਂ ਨਹੀਂ ਸੀ ਕਹੀ ਜਾਂਦੀ ਉਹ ਉਸਨੇ ਲਿਖ , ਕੇ ਰੱਖ ਦਿੱਤੀ ਸੀ।

"ਜਦੋਂ ਵੀ ਮੈਂ ਕਿਤੋਂ ਮੁੜਦਾ ਤੇਰੀਆਂ ਅੱਖਾਂ ਲਾਲ ਦਿਸਦੀਆਂ ਨੇ। ਪਲਕਾਂ ਸੁੱਕੀਆਂ ਹੋਈਆਂ। ਕੀ ਗੱਲ ਹੈ, ਤੂੰ ਇਕ ਦਮ ਏਨੀ ਉਦਾਸ ਕਿਉਂ ਹੋ ਜਾਂਦੀ ਹੈ?"ਦੇਵੇਨ ਜਦੋਂ ਵੀ ਪੁੱਛਦਾ ਤਾਂ ਉਹ ਹੱਸਣ ਦਾ ਯਤਨ ਕਰਦੀ।

ਹੱਥਾਂ ਨੂੰ ਨਚਾਉਂਦੀ ਕਹਿੰਦੀ,“ਕੀ ਕਰਾਂ? ਤੁਹਾਨੂੰ ਕਿਉਂ ਇਸ ਤਰਾਂ ਸ਼ੱਕ ਰਹਿੰਦਾ ਹੈ? ਮੈਂ ਤਾਂ ਬਿਲਕੁਲ ਠੀਕ ਸੀ। ਸੌਂ ਕੇ ਉਠੀ ਹਾਂ ਨਾ ਇਸੇ ਲਈ ਪਲਕਾਂ ਭਾਰੀਆਂ ਭਾਰੀਆਂ ਲੱਗਦੀਆਂ ਹੋਣਗੀਆਂ।”

ਦੇਵੇਨ ਹੱਸ ਪੈਂਦਾ ਅਤੇ ਕਿਸੇ ਹੋਰ ਵਿਸ਼ੇ ਤੇ ਗੱਲ ਕਰਨੀ ਸ਼ੁਰੂ ਕਰ ਦਿੰਦਾ।"ਕਿੰਨੀ ਵਧੀਆ ਚੀਜ਼ ਹੈ ਇਹ ਝੀਲ ! ਪਾਣੀ ਵੀ ਇੰਨਾ ਹਰਾ ਹੋ ਸਕਦਾ ਹੈ--ਸੱਚ ਨਹੀਂ ਲਗਦਾ।"ਇਕ ਦਿਨ ਠੰਡੀ ਸੜਕ ਤੇ ਤੁਰਦਿਆਂ ਵਸੁਧਾ ਨੇ ਕਿਹਾ ਤਾਂ ਉਸ ਦਿਨ ਤੋਂ ਦੇਵੇਨ ਨੇ ਸਵੇਰੇ ਸ਼ਾਮ ਕਿਸ਼ਤੀ ਉਤੇ ਘੁੰਮਣ ਦਾ ਨਿਯਮ ਬਣਾ ਲਿਆ। ਹੌਲੀ ਹੌਲੀ ਕਿਸ਼ਤੀ ਤਰਦੀ ਤਾਂ ਵਸੁਧਾ ਪਾਣੀ ਵਿਚ ਹੱਥ ਪਾ ਕੇ ਬੁਲਬੁਲੇ ਬਣਾਉਂਦੀ ਰਹਿੰਦੀ। ਪਾਣੀ ਉਤੇ ਝੁਕੇ ਦਰਖਤ, ਪਾਣੀ ਤੇ ਤਰਦੇ ਬੱਦਲ- ਮੰਤਰ ਮੁਗਧ ਹੋਈ ਉਹ ਵੇਖਦੀ ਰਹਿੰਦੀ। ਸੋਚਦੀ ਰਹਿੰਦੀ-ਹੌਲੀ ਹੌਲੀ ਇਕ ਦਿਨ ਉਹ ਮੌਤ ਦੇ ਪਰਛਾਵੇਂ ਵਿਚ ਹਮੇਸ਼ਾ ਲਈ ਅਲੋਪ ਹੋ ਜਾਏਗੀ- ਪਰ ਇਹਨਾਂ ਸੜਕਾਂ ਦੀ ਭੀੜ ਉਂਜ ਹੀ ਰਹੇਗੀ। ਉਵੇਂ ਹੀ ਤਰਦੀਆਂ ਰਹਿਣਗੀਆਂ ਇਹ ਕਿਸ਼ਤੀਆਂ। ਇਹ ਉਚੇ ਉਚੇ ਪਹਾੜ ਇਸੇ ਤਰਾਂ ਖੜ੍ਹੇ ਰਹਿਣਗੇ।

ਉਸਦਾ ਮੂੰਹ ਫਿੱਕਾ ਪੈ ਜਾਂਦਾ ਅਤੇ ਪਾਣੀ ਉਤੇ ਆਪਣੇ ਹੀ ਪਰਛਾਵੇਂ ਤੋਂ ਉਸਨੂੰ ਡਰ ਲੱਗਦਾ। ਉਦੋਂ ਛੋਟੀ ਜਿਹੀ ਝੀਲ ਦਾ ਪਾਣੀ ਹੀ ਉਸਨੂੰ ਅਥਾਹ,ਅਨੰਤ ਸਾਗਰ ਵਾਂਗੂ ਲੱਗਦਾ। ਉਚੇ ਅਸਮਾਨ ਨੂੰ ਛੂੰਹਦੇ ਪਹਾੜ ਦੈਂਤਾਂ ਵਾਂਗੂੰ ਡਰਾਉਣੇ ਲੱਗਦੇ। ਅਤੇ ਉਸਨੂੰ ਲੱਗਦਾ ਉਸਦਾ ਸਾਹ ਉਖੜ ਰਿਹਾ ਹੈ। ਰੁਕ ਰਿਹਾ ਹੈ। ਸਾਰਾ ਸਰੀਰ ਤਿਣਕੇ ਵਾਂਗੂੰ ਕੰਬ ਰਿਹਾ ਹੈ।

ਅੱਖਾਂ ਬੰਦ ਕਰ ਕੇ ਉਹ ਮੋਡਿਆਂ 'ਚ ਸਿਰ ਦੇ ਲੈਂਦੀ। ਦੇਵੇਨ ਪਿਆਰ ਨਾਲ ਥਾਪੀ ਦੇ ਕੇ ਜਗਾਉਂਦਾ ਤਾਂ ਉਹ ਪਾਟੀਆਂ ਪਾਟੀਆਂ ਡਰਾਉਣੀਆਂ ਅੱਖਾਂ ਨਾਲ ਉਸ ਵੱਲ ਵੇਖਦੀ-ਜਿਵੇਂ ਕਿਸੇ ਅਣਜਾਣ, ਅਜਨਬੀ ਆਦਮੀਂ ਨੂੰ ਵੇਖ ਰਹੀ ਹੋਵੇ।"ਤੂੰ ਕਦੇ ਕਦੇ ਘਬਰਾ ਜਿਹੀ ਕਿਉਂ ਜਾਂਦੀ ਐ? ਕੀ ਹੋ ਜਾਂਦਾ ਹੈ ਤੈਨੂੰ?"ਦੇਵੇਨ ਪੁੱਛਦਾ ਤਾਂ ਉਹ ਉਸੇ ਤਰਾਂ ਉਸ ਵੱਲ ਵੇਖਦੀ ਹੱਸ ਪੈਂਦੀ,"ਕੁਝ ਵੀ ਨਹੀਂ ਹੁੰਦਾ ਦੇਵੇਨ ਆਪਣਾ ਹੱਥ ਫੜਾਇਉ ਜਰਾ, ਮੈਨੂੰ ਡਰ ਜਿਹਾ ਲੱਗਦੈ।”

ਦੇਵੇਨ ਉਸਨੂੰ ਬਾਂਹ ਨਾਲ ਘੁੱਟ ਕੇ ਆਪਣੇ ਨਾਲ ਲਾ ਲੈਂਦਾ। ਉਸਦੇ ਕੰਨ ਕੋਲ ਮੂੰਹ ਲਿਜਾ ਕੇ ਪੁੱਛਦਾ ਵਸੂ, ਹੁਣ ਤਾਂ ਨਹੀਂ ਲੱਗਦਾ ਡਰ?"

ਚਿਹਰੇ ਤੇ ਆਇਆ ਤਣਾਅ ਢਿੱਲਾ ਕਰਕੇ ਵਸੂ ਬੜੀ ਹੀ ਸ਼ੱਕੀ ਨਜ਼ਰ ਨਾਲ ਉਸ ਵੱਲ ਵੇਖਦੀ ਅਤੇ ਅੱਖਾਂ ਬੰਦ ਕਰਕੇ ਦੁਬਕੀ ਬੈਠੀ ਰਹਿੰਦੀ-।

ਝੀਲ ਦਾ ਪਾਣੀ ਇਸ ਵੇਲੇ ਕੁਝ ਨੀਲਾ ਸੀ। ਸਫੈਦ ਬੱਦਲਾਂ ਦੇ ਟੁਕੜੇ ਤਰ ਰਹੇ ਸਨ। ਲਾਈਬਰੇਰੀ ਦੀ ਬਿਲਡਿੰਗ ਦੇ ਕੋਲ ਕੁਝ ਦੂਰੀ ਤੇ ਬੱਤਖਾਂ ਦੀ ਕਤਾਰ ਤੈਰ ਰਹੀ ਸੀ।

ਵਸੁਧਾ ਆਪਣੀ ਖਿੜਕੀ ਵਿਚ ਬੈਠੀ ਝੀਲ ਵੱਲ ਵੇਖਦੀ ਕੁਝ ਸੋਚ ਰਹੀ ਸੀ।

ਉਦੋਂ ਪਾਕਿਸਤਾਨ ਨਹੀਂ ਸੀ ਬਣਿਆ। ਮਾਂ ਕਹਿੰਦੀ ਸੀ- ਪਿਤਾ ਕੋਲ ਬਹੁਤ ਪੈਸਾ ਸੀ। ਚੱਲਦਾ ਪੁਰਜਾ ਕਾਰੋਬਾਰ। ਹਜ਼ਾਰਾਂ ਦੀ ਆਮਦਨੀ। ਉਹ ਬੜੀ ਛੋਟੀ ਸੀ। ਪਿਤਾ ਉਦੋਂ ਇਕ ਵਾਰ ਕਸ਼ਮੀਰ ਲੈ ਗਏ ਸਨ। ਉਸਨੂੰ ਉਦੋਂ ਦੀ ਹੁਣ ਕੋਈ ਯਾਦ ਨਹੀਂ ਸੀ। ਕੇਵਲ ਕਿਸ਼ਤੀਆਂ ਲੰਬੀਆਂ ਚੌੜੀਆਂ ਝੀਲਾਂ ਅਤੇ ਬਰਫੀਲੇ ਚਿੱਟੇ ਪਹਾੜਾਂ ਦੀਆਂ ਕੁਝ ਝਲਕੀਆਂ ਹੀ ਯਾਦ ਦੇ ਕਿਸੇ ਕੋਨੇ ਵਿਚ ਧੁੰਦਲੀਆਂ ਧੁੰਦਲੀਆਂ ਜਿਹੀਆਂ ਅੰਕਿਤ ਹਨ।

ਉਸਨੂੰ ਲੱਗ ਰਿਹਾ ਸੀ ਕਿ ਉਹ ਧੁੰਦਲੀਆਂ ਸਿਮਰਤੀਆਂ ਹੀ ਹੁਣ ਸਾਕਾਰ ਹੋ ਰਹੀਆਂ ਨੇ। ਉਹ ਵੇਖ ਹੀ ਰਹੀ ਸੀ ਕਿ ਉਦੋਂ ਹੀ ਦੇਵੇਨ ਨਵੀਆਂ ਰੰਗੀਨ ਸਾੜ੍ਹੀਆਂ ਦਾ ਪੈਕਟ ਲੈ ਕੇ ਆਇਆ।

"ਤੂੰ ਹੁਣ ਤੱਕ ਆਪਣੀ ਪਸੰਦ ਦੀਆਂ ਸਾੜੀਆਂ ਬੰਨ੍ਹਦੀ ਰਹੀ ਹੈ ਨਾ। ਦੇਖ ਅੱਜ ਮੈਂ ਆਪਣੀ ਪਸੰਦ ਦੀਆਂ ਲੈ ਕੇ ਆਇਆ ਹਾਂ। 'ਨਾਂ' ਨਾ ਕਹੀਂ। ਮੈਨੂੰ ਚੰਗਾ ਨਹੀਂ ਲੱਗੇਗਾ। ਇਹਨਾਂ ਨੂੰ ਬੰਨ੍ਹ ਕੇ ਵੇਖੀਂ ਸ਼ੀਸ਼ੇ ਵਿਚ - ਕਿੰਨੀ ਸੋਹਣੀ ਲੱਗੇਗੀ।"

ਵਸੁਧਾ ਨੇ ਸਾੜ੍ਹੀਆਂ ਨੂੰ ਉਲਟ ਪਲਟ ਕੇ ਵੇਖਿਆ। ਕੁਝ ਵੀ ਨਹੀਂ ਕਿਹਾ ਉਸਨੇ। ਕੁਝ ਸੋਚਦੀ ਉਹ ਅਪਲਕ ਵੇਖਦੀ ਰਹੀ। ਅੱਖਾਂ ਭਰ ਆਈਆਂ ਤਾਂ ਉਸਨੇ ਝੱਟ ਮੂੰਹ ਫੇਰ ਲਿਆ, ਜਿਉਂ ਜਿਉਂ ਮੇਰਾ ਸਮਾਂ ਨੇੜੇ ਆ ਰਿਹਾ ਹੈ- ਤੁਹਾਡਾ ਪਿਆਰ ਵਧਦਾ ਜਾ ਰਿਹੈ।

ਇਸ ਨਾਲ ਮਰਨ ਵੇਲੇ ਮੈਨੂੰ ਦੁੱਖ ਹੋਏਗਾ, ਦੇਵੇਨ ! ਮਰਦੇ ਸਮੇਂ ਮੈਂ ਸਭ ਕੁਝ ਭੁੱਲ ਜਾਣਾ ਚਾਹੁੰਦੀ ਹਾਂ- ਮਾਂ ਭੈਣ, ਘਰ- ਸਭ ਕੁਝ।

ਦੇਵੇਨ ਉਂਜ ਹੀ ਬੈਠਾ ਰਿਹਾ ਕੁਰਸੀ ਉਤੇ ਨਿਢਾਲ ਪਲਕਾਂ ਬੰਦ ਹੀ ਕਰੀਂ। ਵਸੁਧਾ ਹੌਲੀ ਜਿਹੀ ਉਠੀ। ਉਸਦੇ ਸਿਰ ਨੂੰ ਪਲੋਸਦੀ ਬੋਲੀ,"ਤੁਸੀਂ ਏਥੇ ਕਿਉਂ ਲਿਆਏ ਮੈਨੂੰ----। ਜਿਥੇ ਏਨਾ ਲੰਬਾ ਸਮਾਂ ਨਹੀਂ ਸੀ ਮਿਲੇ-ਉਥੇ ਕੁਝ ਦਿਨ ਹੋਰ ਠਹਿਰ ਜਾਂਦੇ। ਮੇਰੇ ਮਰਨ ਮਗਰੋਂ ਆਉਂਦੇ ਤਾਂ ਤੁਹਾਨੂੰ ਇੰਨਾ ਕਸ਼ਟ ਨਾ ਹੁੰਦਾ ਆਪਣਾ ਸਾਰਾ ਕਾਰੋਬਾਰ, ਸਾਰਾ ਕੁਝ ਛੱਡ ਕੇ ਮੇਰੇ ਪਿਛੇ ਕਦੋਂ ਤੱਕ ਭੱਜਦੇ ਰਹੋਗੇ? ਮੈਂ ਤਾਂ ਜਿਆਦਾ ਜਿਉਣਾ ਵੀ ਨਹੀਂ ਫੇਰ ਮੇਰੇ ਤੇ ਏਨਾ ਖਰਚ ਕਿਉਂ ਕਰ ਰਹੇ ਓ? ਦੇਵੇਨ, ਹੁਣ ਮੈਨੂੰ ਘਰ ਲੈ ਚੱਲੋ-----।”

ਜੁਆਬ 'ਚ ਦੇਵੇਨ ਨੇ ਕੁਝ ਨਹੀਂ ਕਿਹਾ। ਨਿੱਕੇ ਜਿਹੇ ਬੱਚੇ ਵਾਂਗੂੰ ਚੁੱਪ ਕਰਕੇ ਬੈਠਾ ਰਿਹਾ। ਕਦੇ ਉਸਦੀਆਂ ਸੁੱਕੀਆਂ ਬਾਹਵਾਂ ਨੂੰ ਟੋਂਹਦਾ। ਕਦੇ ਉਹਨਾਂ ਨੂੰ ਸਹਿਲਾਉਂਦਾ।

ਵਸੁਧਾ ਨੇ ਸਾਰੀਆਂ ਸਾੜ੍ਹੀਆਂ ਹਿੰਮਤ ਕਰਕੇ ਸਿਰ੍ਹਾਣੇ ਉਤੇ ਰੱਖ ਦਿੱਤੀਆਂ।

ਕੁਝ ਦੇਰ ਮਗਰੋਂ ਦੇਵੇਨ ਬਾਥਰੂਮ ਵਿਚ ਹੱਥ ਮੂੰਹ ਧੋ ਕੇ ਆਇਆ ਅਤੇ ਜਰੂਰੀ ਕੰਮਾਂ 'ਚ ਰੁਝ ਗਿਆ।

ਵਸੁਧਾ ਖਿੜਕੀ ਚੋਂ ਦੇਖਦੀ ਰਹੀ-"ਉਹ ਸਾਹਮਣੇ ਕਿਹੜਾ ਪਹਾੜ ਹੈ ਦੇਵੇਨ? ਨਿੱਕੇ ਜਿਹੇ ਬੱਚੇ ਵਰਗੀ ਸਹਿਜ ਉਤਸੁਕਤਾ ਨਾਲ ਉਸਨੇ ਦੇਖਿਆ।

ਦੇਵੇਨ ਉੱਠ ਕੇ ਉਸਦੇ ਕੋਲ ਆਇਆ"ਉਹ ਸਾਹਮਣੇ---ਸਭ ਤੋਂ ਉਚਾ?”

“ਟਿਫਨ ਟਾਪ ਕਹਿੰਦੇ ਨੇ ਉਸ ਚੋਟੀ ਨੂੰ- ਨੇ ਉੱਤਰ ਦਿੱਤਾ।।"ਝੁਕ ਦੇ ਵੇਖਦਿਆਂ ਦੇਵੇਨ

"ਮੈਨੂੰ ਉਥੇ ਲੈ ਚੱਲੋ?”

“ਸ਼ਾਮ ਨੂੰ ਚੱਲਾਂਗੇ- ਅਜੇ ਆਰਾਮ ਕਰ ਲੈ---"

ਵਸੁਧਾ ਅਜੇ ਗੱਲ ਹੀ ਕਰ ਰਹੀ ਸੀ ਕਿ ਮੌਤ ਵਰਗੀ ਪੀੜ ਸ਼ੁਰੂ ਹੋ ਗਈ। ਛਟਪਟਾਉਂਦੀ, ਫੜਫੜਾਉਂਦੀ ਉਹ ਤੜਫਣ ਲੱਗੀ। ਉਸ ਦੀ ਸਾਰੀ ਦੇਹ ਲੱਛਣ ਲੱਗੀ। ਪਸੀਨੇ ਨਾਲ ਭਿੱਜਿਆ ਸਰੀਰ ਕੰਬਣ ਲੱਗਿਆ।

ਡਾਕਟਰ ਦੇ ਆਉਂਣ ਤੱਕ ਉਸਦੀ ਸਰੀਰ ਦਾ ਰੰਗ ਇਕਦਮ ਚਿੱਟਾ ਹੋ ਗਿਆ ਸੀ। ਦੇਵੇਨ ਦੇ ਹੱਥ ਪੈਰ ਫਟਣ ਲੱਗੇ।

ਡਾਕਟਰ ਪਾਲ ਨੇ ਆਂਉਂਦੇ ਹੀ- ਇੰਜੈਕਸ਼ਨ ਦੇ ਦਿੱਤੇ। ਕੁਝ ਦਵਾਈਆਂ ਪਿਆਈਆਂ ਅਤੇ ਫੇਰ ਅਰਾਮ ਨਾਲ ਸੁਆ ਦਿੱਤਾ।

"ਘਬਰਾਉ ਨਾ ਮਿਸਟਰ ਦੇਵੇਨ, ਕਦੇ ਕਦੇ ਇਸਤਰਾਂ ਹੋ ਜਾਂਦਾ ਹੈ ਦਰਦ ਇਸ ਵਾਰ ਕੁਝ ਜਿਆਦਾ ਹੋਇਆ ਲੱਗਦਾ ਹੈ।"

ਡਾਕਟਰ ਦੇ ਜਾਣ ਮਗਰੋਂ ਵੀ ਦੇਵੇਨ ਉਸੇ ਤਰਾਂ ਖੜਾ ਰਿਹਾ।

ਵਸੁਧਾ ਦੀ ਹਾਲਤ ਸਾਰੀ ਰਾਤ ਉਸੇ ਤਰਾਂ ਰਹੀ।

ਸਾਰੀ ਰਾਤ ਦੇਵੇਨ ਨੇ ਸਿਰ੍ਹਾਣੇ ਬੈਠ ਕੇ ਲੰਘਾ ਦਿੱਤੀ। ਸਵੇਰੇ ਉਸਨੇ ਅੱਖਾਂ ਖੋਹਲੀਆਂ। ਉਸ ਦੀਆਂ ਵੱਡੀਆਂ ਵੱਡੀਆਂ ਕਾਲੀਆਂ ਅੱਖਾਂ ਵਿਚੋਂ ਕੱਲ੍ਹ ਦਾ ਦੁਖ ਝਾਕ ਰਿਹਾ ਸੀ।

"ਤੁਸੀਂ ਸੌਂ ਜਾਉ ਦੇਵੇਨ!"ਵਸੁਧਾ ਦੇ ਮੁਰਝਾਏ ਬੁੱਲਾਂ ਚੋਂ ਆਵਾਜ਼ ਤੱਕ ਨਹੀਂ ਸੀ ਨਿਕਲ ਰਹੀ।

"ਪਲਕਾਂ ਕਿਵੇਂ ਭਾਰੀਆਂ ਭਾਰੀਆਂ ਲੱਗਦੀਆਂ ਨੇ ਤੁਹਾਡੀਆਂ, ਸਾਰੀ ਰਾਤ ਇਉਂ ਹੀ ਬੈਠੇ ਰਹੇ ਹੋਵੋਗੇ?"

ਦੇਵੇਨ ਉਠ ਕੇ ਉਸਦੇ ਕੋਲ ਬੈਠ ਗਿਆ।

"ਕੁਝ ਹੋਰ ਕੋਲ ਆਉ ਨਾ!"

ਦੇਵੇਨ ਉਸ ਨਾਲ ਲੱਗ ਕੇ ਬੈਠ ਗਿਆ। ਉਸਦੇ ਮੋਡਿਆਂ ਵਿਚ ਆਪਣਾ ਸਿਰ ਰੱਖ ਕੇ ਵਸੁਧਾ ਨੇ ਜ਼ੋਰ ਨਾਲ ਅੱਖਾਂ ਮੀਚ ਲਈਆਂ,"ਇਸ ਤਰਾਂ ਬੜੀ ਸ਼ਾਂਤੀ ਮਿਲਦੀ ਹੈ। ਜੀ ਕਰਦੈ ਬੱਸ ਇਸੇ ਤਰਾਂ ਪਈ ਰਹਾਂ। ਦੇਵੇਨ, ਮਰਦੇ ਵੇਲੇ ਤੁਸੀਂ ਕੋਲ ਹੋਓਗੇ ਨਾ-ਮੈਨੂੰ ਬਿਲਕੁਲ ਤਕਲੀਫ ਨਹੀਂ ਹੋਵੇਗੀ। ਬੜੇ ਅਰਾਮ ਨਾਲ ਮੇਰੀ ਜਾਨ ਨਿਕਲੇਗੀ। ਪਿਛਲੇ ਜਨਮ ਵਿਚ ਪਾਪ ਹੀ ਪਾਪ ਕੀਤੇ ਹੋਣਗੇ,ਜਿਹਨਾਂ ਦਾ ਫਲ ਭੁਗਤ ਰਹੀ ਹਾਂ। ਹਾਂ ਭੁੱਲ ਨਾਲ ਕਦੇ ਕੋਈ ਪੁੰਨ ਵੀ ਹੋ ਗਿਆ ਹੋਵੇਗਾ-ਇਸ ਲਈ ਤਾਂ ਤੁਸੀਂ ਮਿਲੇ--। ਤੁਹਾਨੂੰ ਚੰਗਾ ਲੱਗਦਾ ਹੈ ਨਾ ਕਿ ਮੈਂ ਹੱਸਾਂ-- ਸੱਚੀ ਮੈਂ ਹੱਸਦੀ ਰਹਾਂਗੀ ਦੇਵੇਨ--।"

ਵਸੁਧਾ ਦੀ ਆਵਾਜ਼ ਲੜਖੜਾਉਣ ਲੱਗ ਪਈ ਅਤੇ ਦੇਵੇਨ ਭਰੀਆਂ ਅੱਖਾਂ ਨਾਲ ਵੇਖਦਾ ਕੁਝ ਤਲਾਸ਼ਦਾ ਰਿਹਾ।

(20)

ਵਸੁਧਾ ਹੁਣ ਕੁਝ ਤੁਰਨ ਫਿਰਨ ਲੱਗ ਪਈ ਸੀ। ਕਮਰੇ ਵਿਚ ਹੀ ਕਦੇ ਥੋੜਾ ਬਹੁਤਾ ਘੁੰਮ ਫਿਰ ਲੈਂਦੀ। ਕੱਲ੍ਹ ਡਾਂਡੀ ਤੇ ਬੈਠ ਕੇ 'ਨੈਨਾ ਪੀਕ' ਤੇ ਜਾ ਆਈ ਸੀ।

ਧੁੰਦਲੇ, ਮਟਮੈਲੇ, ਨੀਲੇ ਪਹਾੜ- ਪਹਾੜ ਹੀ ਪਹਾੜ। ਉਸਤੋਂ ਪਾਰ ਸਭ ਤੋਂ ਆਖਿਰ ਤੇ ਖਿਲਾਅ ਨੂੰ ਛੂੰਹਦੀਆਂ ਬਰਫੀਲੀਆਂ ਚੋਟੀਆਂ ਚਮਕ ਰਹੀਆਂ ਸਨ।

ਵਸੁਧਾ ਵੇਖਦੀ ਰਹੀ।

"ਤੁਹਾਡੇ ਘਰ ਜਿਹੜਾ ਕੈਲੰਡਰ ਟੰਗਿਆ ਹੁੰਦਾ ਸੀ ਉਸ ਵਿਚ ਠੀਕ ਇਹੋ ਜਿਹੇ ਹੀ ਪਹਾੜ ਸਨ ਨਾ? ਐਹੋ ਜਿਹੀਆਂ ਹੀ ਚੋਟੀਆਂ - ਦੂਰ ਤੱਕ ਆਪਣੀਆਂ ਬਾਹਵਾਂ ਫੈਲਾਈ। ਇਹ ਨੀਲੀਆਂ ਨੀਲੀਆਂ ਜਿਹੀਆਂ ਕਿੰਨੀਆਂ ਪਹਾੜੀਆਂ ਨੇ- ਇਨ੍ਹਾਂ ਤੇ ਵੀ ਕੀ ਇਥੋਂ ਵਾਂਗੂੰ ਹੀ ਲੋਕ ਰਹਿੰਦੇ ਹੋਣਗੇ?"

ਬੱਚਿਆਂ ਵਰਗੀਆਂ ਉਸਦੀਆਂ ਗੱਲਾਂ ਸੁਣ ਕੇ ਦੇਵੇਨ ਹੱਸ ਪਿਆ।

ਤੂੰ ਠੀਕ ਹੁੰਦੀ ਤਾਂ ਵਸੂ-ਅਸੀ ਸਾਰੀ ਦੁਨੀਆਂ ਵੇਖਦੇ। ਜਿੱਥੇ ਜਿੱਥੇ ਤੂੰ ਕਹਿੰਦੀ-ਅਸੀਂ ਉਥੇ ਉਥੇ ਹੀ ਜਾਂਦੇ।"

“ਜਿਆਦਾ ਲਾਲਚਣ ਮੈਂ ਨਹੀਂ ਦੇਵੇਨ! ਏਨਾ ਜਿਹੜਾ ਮੈਨੂੰ ਮਿਲ ਗਿਆ ਬੜਾ ਹੈ- ਬਹੁਤ"ਉਸਨੇ ਜ਼ੋਰ ਨਾਲ ਦੇਵੇਨ ਦਾ ਹੱਥ ਫੜਿਆ। ਆਪਣੇ ਬੁੱਲਾਂ ਨਾਲ ਲਾਇਆ ਅਤੇ ਫੇਰ ਉਸਨੂੰ ਦੰਦਾਂ ਵਿਚ ਲੈ ਕੇ ਦੰਦੀ ਵੱਡਣ ਲੱਗੀ।

"ਕਦੇ ਕਦੇ ਤੂੰ ਬਿਲਕੁਲ ਬੱਚੀ ਬਣ ਜਾਂਦੀ ਹੈ। ਪਤਾ ਨਹੀਂ ਕੀ ਕਹਿੰਦੀ ਰਹਿੰਦੀ ਹੈਂ? ਪਰਸੋਂ ਰਾਤ ਨੂੰ ਜਾਣਦੀ ਹੈਂ ਕੀ ਕਹਿ ਰਹੀ ਸੀ?"

ਦੇਵੇਨ ਹੱਸ ਪਿਆ ਅਤੇ ਵਸੁਧਾ ਦਾ ਮੂੰਹ ਸੰਧੂਰੀ ਭਾਅ ਮਾਰਨ ਲੱਗਿਆ।"ਉਂਜ ਹੀ ਝੂਠ ਬੋਲਣਾ ਤੁਹਾਨੂੰ ਚੰਗਾ ਲੱਗਦਾ ਹੈ? ਦੱਸੋ ਮੈਂ ਕੀ ਕਿਹਾ ਸੀ?

ਹਰ ਖਿੜਕੀ ਚੋਂ, ਫੈਲੀ ਹੋਈ ਦੁਧੀਆ ਚਾਂਦਨੀ ਵੇਖਕੇ ਤੁਸੀਂ ਹੀ ਨਹੀਂ ਸੀ ਕਹਿ ਰਹੇ--। ਦੱਸ ਦੇਵਾਂ----?"

ਦੇਵੇਨ ਹੱਸਦਾ ਰਿਹਾ।

000

ਤੁਹਾਨੂੰ ਸਭ ਵਧੀਆ ਸਾੜ੍ਹੀ ਕਿਹੜੀ ਲੱਗਦੀ ਹੈ ਦੇਵੇਨ ! ਵਸੁਧਾ ਨੇ ਸਾੜੀਆਂ ਦਾ ਪੈਕਟ ਕੱਢ ਦੇ ਕਿਹਾ।

"ਜਿਹੜੀ ਤੈਨੂੰ ਚੰਗੀ ਲਗਦੀ ਹੈ।"

"ਨਹੀਂ- ਨਹੀਂ ਫੇਰ ਵੀ।"ਵਸੁਧਾ ਜ਼ਿਦ ਕਰਨ ਲੱਗੀ।

ਦੇਵੇਨ ਨੇ ਉਂਜ ਹੀ ਇਕ ਸਾੜ੍ਹੀ ਵੱਲ ਇਸ਼ਾਰਾ ਕਰ ਦਿੱਤਾ।"ਇਹ""ਇਹ ਤਾਂ ਬਿਲਕੁਲ ਪਿੰਕ ਰੰਗ ਦੀ ਹੈ, ਵਿਆਹ 'ਚ ਬੰਨਣ ਵਰਗੀ।"ਵਸੁਧਾ ਉਸਦੀ ਤਹਿ ਖੋਹਲ ਕੇ ਵੇਖਣ ਲੱਗੀ।

"ਇਹ ਅੱਜ ਬੰਨ੍ਹ ਲੈ ਨਾ ! ਦੇਖੀ ਕਿੰਨੀ ਸੋਹਣੀ ਲੱਗਦੀ ਹੈਂ।"

"ਨਹੀਂ ਅੱਜ ਨਹੀਂ ਦੇਵੇਨ! ਇਸ ਨੂੰ ਤਾਂ ਮੈਂ ਆਖਰੀ ਦਿਨ ਬੰਨ੍ਹਾਂਗੀ।"ਵਸੁਧਾ ਦੀਆਂ ਅੱਖਾਂ ਅੱਗੇ ਧੂੰਆਂ ਜਿਹਾ ਫੈਲਣ ਲੱਗਿਆ। ਉਹ ਨਹੀਂ ਸੀ ਚਾਹੁੰਦੀ ਕਿ ਦੇਵੇਨ ਉਸ ਦੀ ਮਨੋ ਸਿਥਿਤੀ ਵੇਖ ਕੇ ਦੁਖੀ ਹੋਵੇ। ਇਸ ਲਈ ਗੱਲ ਬਦਲਦੇ ਬੋਲੀ,"ਤੁਸੀਂ ਕਿਹਾ ਸੀ ਨਾ ਕਿ

ਇਕ ਦਿਨ ਉਸ ਪਹਾੜੀ ਤੇ ਚੱਲਾਂਗੇ---।"ਕੀ ਕਿਹਾ ਸੀ। ਉਸਦਾ ਨਾਂ- ਕੁਝ ਟਿਫਿਨ ਵਿਫਿਨ ਵਰਗਾ ਸੀ ਨਾ ! ਕੀ ਉਥੇ ਟਿਫਿਨ ਬਣਾ ਕੇ ਲੈ ਜਾਣਾ ਪੈਂਦਾ ਹੈ?"

ਦੇਵੇਨ ਮੁਸਕਰਾਉਂਦਾ ਹੋਇਆ ਵੇਖਦਾ ਰਿਹਾ।

ਵਸੁਧਾ ਤਿਆਰ ਹੋਣ ਲੱਗੀ।

ਇਥੇ ਆਕੇ ਦੇਵੇਨ ਨੇ ਉਸ ਲਈ ਨਵੀਂ ਘੜੀ ਖਰੀਦੀ ਸੀ। ਹੱਥਾਂ ਲਈ ਅੱਡ ਰੰਗ ਦੀਆਂ ਦਰਜਨਾਂ ਚੂੜੀਆਂ, ਨਵੇਂ ਨਵੇਂ ਸੈਂਡਲ ਵੇਖਦੀ ਰਹਿੰਦੀ। ਡਰੈਸਿੰਗ ਰੂਮ ਨੂੰ ਅੰਦਰੋਂ ਬੰਦ ਕਰਕੇ ਵਸੁਧਾ ਉਹਨਾਂ ਨੂੰ ਪਾ ਪਾ ਕੇ ਰੋਂਦੀ

“ਮੈਂਨੂੰ ਇਹ ਸਾਰਾ ਕੁਝ ਨਹੀਂ ਸੀ ਚਾਹੀਦਾ ਦੇਵੇਨ ! ਤੁਹਾਡੇ ਪੈਰਾਂ ਕੋਲ ਦੋ ਹੱਥ ਲੈਣ ਦੀ ਇੱਛਾ ਵੀ ਪੂਰੀ ਨਾ ਕਰ ਸਕੀ ਮੈਂ---।”

ਵਸੁਧਾ ਬੰਦ ਕਮਰੇ ਵਿਚ ਪਾਗਲਾਂ ਵਾਂਗੂੰ ਆਪਣੇ ਆਪ ਬੋਲਦੀ ਰਹਿੰਦੀ।

ਪਰ ਬਾਹਰ ਨਿਕਲਦੇ ਹੀ ਫੇਰ ਉਹੀ ਹਾਸੇ ਦਾ ਨਾਟਕ।

"ਇਉਂ ਘੂਰ ਕੇ ਕਿਉਂ ਵੇਖ ਰਹੇ ਹੋ?”

"ਬਹੁਤ ਹੀ ਚੰਗੀ ਲੱਗ ਰਹੀ ਹੈ।"ਦੇਵੇਨ ਨੇ ਉਸਨੂੰ ਬਾਹਾਂ ਵਿਚ ਕਸ ਲਿਆ। ਚਮਕ ਨਾਲ ਭਰਦਾ ਜਾ ਰਿਹਾ ਸੀ। ਦੇਵੇਨ ਜਾਣਦਾ ਸੀ ਇਹ ਹੋਰ ਕੁਝ ਨਹੀਂ ਸਿਰਫ਼ ਬੁਝਦੇ ਦੀਵੇ ਦੀ ਲੋਅ ਹੈ।

ਉਸ ਦਿਨ ਸਚਮੁੱਚ ਕਿਸੇ ਤਰਾਂ ਉਹ 'ਟਿਫ਼ਨ ਹਾਪ' ਤੇ ਪਹੁੰਚ ਹੀ ਗਏ। ਵਸੁਧਾ ਡਾਂਡੀ ਤੇ ਹੀ ਗਈ। ਉੱਚੀ ਚੜ੍ਹਾਈ ਪੈਦਲ ਚੜ੍ਹਨੀ ਉਸ ਲਈ ਅਸੰਭਵ ਸੀ।

ਬੇਸਮਝ ਬੱਚੇ ਵਾਂਗੂੰ ਕਦੇ ਤਿਤਲੀਆਂ ਦੇ ਪਿਛੇ ਭੱਜਦੀ ਵਸੁਧਾ, ਕਦੇ ਜੰਗਲੀ ਪੀਲੇ ਫੁੱਲਾ ਨਾਲ ਆਪਣਾ ਜੂੜਾ ਸਜਾਉਂਦੀ, ਇਕ ਵਧੀਆ ਜਿਹਾ ਫੁੱਲ ਉਸਨੇ ਦੇਵੇਨ ਦੇ ਕਾਲਰ ਤੇ ਟੰਗ ਦਿੱਤਾ।

ਸਭ ਤੋਂ ਉਚੇ ਦੇਵਦਾਰ ਦੇ ਦਰਖਤ ਤੇ ਚਾਕੂ ਨਾਲ ਛਿੱਲ ਕੇ ਉਸਨੇ ਦੇਵੇਨ ਦਾ ਨਾਂ ਲਿਖ ਦਿੱਤਾ ਸੀ।

“ਮੇਰੇ ਮਰਨ ਮਗਰੋਂ ਵੀ ਕਦੇ ਏਧਰ ਆਉਂਗੇ ਤਾਂ ਇਹ ਨਾਂ ਇਸੇ ਤਰਾਂ

ਲਿਖਿਆ ਮਿਲੇਗਾ।"

ਦੇਵੇਨ ਦੋਹੇਂ ਪੈਰ ਪਸਾਰ ਕੇ ਘਾਹ ਤੇ ਬੈਠਾ ਸੀ।

ਵਸੁਧਾ ਥੱਕ ਗਈ ਤਾਂ ਉਸਦੇ ਗੋਡਿਆਂ ਤੇ ਸਿਰ ਟਿਕਾ ਕੇ ਪੈ ਗਈ।

000

ਹੌਲੀ ਹੌਲੀ ਉਹ ਥੱਲੇ ਉਤਰ ਰਹੇ ਸਨ ਕਿ ਸ਼ਾਮ ਪੈ ਗਈ। ਪਹਾੜਾਂ ਤੋਂ ਪਰ੍ਹੇ ਕਿਤੇ, ਥਾਲੀ ਵਰਗਾ ਪੀਲਾ ਪੀਲਾ ਚੰਦ ਝਾਕ ਰਿਹਾ ਸੀ। ਦਰਖਤਾਂ ਦਾ ਰੰਗ ਹੋਰ ਵੀ ਗੂੜ੍ਹਾ ਹਰਾ ਹੋ ਗਿਆ ਸੀ। ਥੱਲੇ 'ਫਲੈਟ' ਤੇ ਘੁੰਮ ਫਿਰ ਰਹੇ ਲੋਕ ਜਿਵੇਂ ਕੀੜਿਆਂ ਵਾਂਗੂੰ ਲੱਗ ਰਹੇ ਸਨ। ਕਤਾਰ 'ਚ ਤੁਰੀਆਂ ਜਾ ਰਹੀਆਂ ਕਿਸ਼ਤੀਆਂ ਪਾਣੀ ਨੂੰ ਚੀਰਦੀਆਂ ਅੱਗੇ ਵਧ ਰਹੀਆਂ ਸਨ। ਤਲਾਅ ਬਹੁਤ ਹੀ ਛੋਟਾ ਲੱਗ ਰਿਹਾ ਸੀ।

"ਪੁੰਨਿਆਂ ਦੀ ਰਾਤ ਲੱਗਦੀ ਹੈ ਅੱਜ! ਦੇਵੇਨ ਅਕਾਸ਼ ਤੇ ਚੜ੍ਹਦੇ ਚੰਦ ਨੂੰ ਵੇਖਦਾ ਰਿਹਾ।

ਫੁੱਲ ਮੂਨ ਦੇ ਦਿਨ ਸੁਣਿਆ ਹੈ- ਸਮੁੰਦਰ ਵਿਚ ਜਵਾਰ ਆਉਂਦਾ ਹੈ।"ਵਸੁਧਾ ਨੇ ਵੀ ਉਧਰ ਝਾਕਿਆ।

"ਸੁਣਿਆ ਹੈ ਕਿ ਇਸ ਝੀਲ ਵਿਚ ਵੀ ਉਸ ਰਾਤ ਨੂੰ ਉਚੀਆਂ ਉਚੀਆਂ ਲਹਿਰਾਂ ਉਠਦੀਆਂ ਹਨ।"ਵਸੁਧਾ ਹੱਸਣ ਲੱਗੀ।

ਤੂੰ ਝੂਠ ਸਮਝ ਰਹੀ ਹੈ ! ਕੁਝ ਤਾਂ ਅਸਰ ਹੁੰਦਾ ਹੋਏਗਾ।"

ਫਿਰ ਉਹ ਚੁੱਪਚਾਪ ਥੱਲੇ ਉਤਰਦੇ ਰਹੇ।

ਕਮਰੇ ਵਿਚ ਆਕੇ ਵਸੁਧਾ ਪੈ ਗਈ।

ਕੁਝ ਦੇਰ ਮਗਰੋਂ ਚੰਗੀ ਤਰਾਂ ਆਰਾਮ ਕਰਕੇ ਉਹ ਉਠੀ। ਕੱਪੜੇ ਬਦਲੇ ਅਤੇ ਸਜ ਸੰਵਰ ਕੇ ਖਿੜਕੀ ਵਿਚ ਜਾ ਬੈਠੀ ਅਤੇ ਝੀਲ ਵੱਲ ਤੱਕਣ ਲੱਗੀ।

ਸਾਰਾ ਪਾਣੀ ਪਿਘਲੀ ਹੋਈ ਚਾਂਦੀ ਵਾਂਗੂੰ ਜਗਮਗ ਕਰ ਰਿਹਾ ਸੀ। ਛੋਟੀਆਂ ਛੋਟੀਆਂ ਲਹਿਰਾਂ ਉਠ ਰਹੀਆਂ ਸਨ। ਦੂਰ ਕਿਤੇ ਕੁਝ ਕਿਸ਼ਤੀਆਂ ਤੈਰ ਰਹੀਆਂ ਸਨ। ਪੂਰੀ ਝੀਲ ਝਿਲਮਿਲ ਝਿਲਮਿਲ ਕਰ ਰਹੀ ਸੀ। ਚੰਦ ਦਾ ਪ੍ਰਛਾਵਾਂ ਜਿੱਥੇ ਵੀ ਪੈ ਰਿਹਾ ਸੀ ਉਥੋਂ ਹੀਰੇ ਦੇ ਨਗ ਵਾਂਗੂੰ ਅਨੇਕਾਂ ਜਲ ਬਿੰਦੂਆਂ ਤੋਂ ਕਿਰਨਾਂ ਫੁੱਟ ਰਹੀਆਂ ਸਨ।

ਕੀਲੀ ਹੋਈ ਵਸੁਧਾ ਦੇਖਦੀ ਰਹੀ ਅਪਲਕ। ਕੁਝ ਹੀ ਦੇਰ ਪਹਿਲਾਂ ਦੇਵੇਨ ਕਿਸੇ ਕੰਮ ਨੈਨੀਤਾਲ ਗਿਆ ਸੀ। ਅਜੇ ਮੁੜਿਆ ਨਹੀਂ ਸੀ।

ਵਸੁਧਾ ਫੇਰ ਸਾਹਮਣੇ ਟੰਗੇ ਕੈਲੰਡਰ ਦੀਆਂ ਤਰੀਕਾਂ ਵੇਖਦੀ ਰਹੀ।

ਕੰਚਨ ਨੇ ਅਜੇ ਤੱਕ ਇਕ ਵੀ ਚਿੱਠੀ ਨਹੀਂ ਸੀ ਪਾਈ। ਏਨੇ ਦਿਨ ਹੋ ਗਏ ਏਥੇ ਆਇਆਂ ਮਾਂ ਨੇ ਜਿਹੜੀ ਚਿੱਠੀ ਲਿਖਵਾਈ ਸੀ। ਦੇਵੇਨ ਨੇ ਆਪ ਹੀ ਪਾੜ ਕੇਸੁੱਟ ਦਿੱਤੀ ਸੀ। ਵਸੁਧਾ ਨੂੰ ਪੜ੍ਹਨ ਵੀ ਨਹੀਂ ਸੀ ਦਿੱਤੀ।

“ਕੀ ਲਿਖਿਆ ਸੀ?"ਵਸੁਧਾ ਨੇ ਪੁੱਛਿਆ ਤਾਂ ਦੇਵੇਨ ਨੇ ਕੋਈ ਜੁਆਬ ਨਹੀਂ ਦਿੱਤਾ। ਇਸ ਤਰਾਂ ਮੂੰਹ ਬਣਾਇਆ ਜਿਵੇਂ ਕੁਝ ਖਾਸ ਨਾ ਲਿਖਿਆ ਹੋਵੇ।

ਕੱਲ੍ਹ 'ਮਾਲ' ਤੇ ਕਿੰਨੀ ਭੀੜ ਸੀ। ਲੋਕ ਕਹਿੰਦੇ ਸਨ। ਬੰਬਈ ਤੋਂ ਕੋਈ ਹੀਰੋਇਨ ਆਈ ਹੈ। ਦੇਵੇਨ ਦੇ ਮੂੰਹ ਕੋਲ ਆਪਣਾ ਮੂੰਹ ਲਿਜਾ ਕੇ ਵਸੁਧਾ ਨੇ ਹੌਲੀ ਜਿਹੀ ਕਿਹਾ,"ਸਾਡੀ ਕੰਚੋ ਵੀ ਕਦੇ ਏਥੇ ਆਏਗੀ ਤਾਂ ਏਵੇਂ ਹੀ ਭੀੜ ਹੋਏਗੀ- ਦੇਖ ਲੈਣਾ---।"

ਦੇਵੇਨ ਨੇ ਮੁਸਕਰਾ ਕੇ, ਚੁੱਪ ਚਪੀਤੇ ਉਸ ਦਾ ਹੱਥ ਜੋਰ ਨਾਲ ਦੱਬਿਆ ਕਿ ਉਹ ਖਿੜ ਪਈ ਸੀ।

ਉਦੋਂ ਹੀ ਦੇਵੇਨ ਆਇਆ। ਉਸਦਾ ਚਿਹਰਾ ਬੜਾ ਹੀ ਪ੍ਰੇਸ਼ਾਨ ਲੱਗਦਾ ਸੀ।

“ਕਿਥੋਂ ਆਏ?"

“ਉਵੇਂ ਹੀ ਨੈਨੀਤਾਲ ਚਲਿਆ ਗਿਆ ਸੀ ਡਾਕਟਰ ਕੋਲ।”

"ਕੋਈ ਖਾਸ ਕੰਮ ਸੀ?"ਵਸੁਧਾ ਨੇ ਫਿਕਰ ਨਾਲ ਪੁੱਛਿਆ।

"ਨਹੀਂ ਕੋਈ ਖਾਸ ਗੱਲ ਨਹੀਂ ਸੀ। ਨਵੇਂ ਐਕਸਰੇ ਦੀ ਰਿਪੋਰਟ ਵੇਖਣੀ ਸੀ---।" ਦੇਵੇਨ ਨੇ ਲਾਪਰਵਾਹੀ ਨਾਲ ਜੁਆਬ ਦਿੱਤਾ।

“ਕਿਹੋ ਜਿਹੀ ਸੀ-?"

“ਠੀਕ ਸੀ- ਕੋਈ ਖਾਸ ਚੇਂਜ ਨਹੀਂ---।”

ਵਸੁਧਾ ਦਾ ਮਨ ਰੱਖਣ ਲਈ ਉਹ ਇਉਂ ਕਹਿ ਰਿਹਾ ਸੀ। ਨਹੀਂ ਤਾਂ ਡਾਕਟਰ ਨੇ ਹੁਣ ਕੋਈ ਉਮੀਦ ਨਹੀਂ ਸੀ ਦੱਸੀ। ਜਿਹੜਾ ਦਿਨ-ਜਿਹੜੀ ਘੜੀ ਬੀਤ ਜਾਏ, ਵਾਲੀ ਹਾਲਤ ਸੀ।

“ਤੂੰ ਕਿਤੇ ਜਾਣ ਲਈ ਤਿਆਰ ਹੋਈ ਹੈਂ?”

ਦੇਵੇਨ ਨੇ ਚਿਹਰੇ ਤੇ ਝੂਠੀ ਖੁਸ਼ੀ ਦਾ ਭਾਵ ਲਿਆਉਣ ਦੀ ਕੋਸ਼ਿਸ਼ ਕੀਤੀ।

ਤੁਸੀਂ ਕਹਿ ਰਹੇ ਸੀ ਨਾ ਕਿ ਝੀਲ ਵਿੱਚ ਅੱਜ ਲਹਿਰਾਂ ਉਠਦੀਆਂ ਨੇ--।”

“ਹਾਂ-ਹਾਂ ਚਲਦੇ ਹਾਂ ਹੁਣ---।”

ਦੋਵੇਂ ਫਟਾਫਟ ਕੁਝ ਖਾ ਕੇ ਨਿਕਲ ਪਏ। ਵਸੁਧਾ ਦੇ ਲਈ ਚੱਲਣਾ ਮੁਸ਼ਕਿਲ ਸੀ। ਇਸ ਲਈ ਡਾਂਡੀ ਦਾ ਪ੍ਰਬੰਧ ਕਰ ਦਿੱਤਾ ਗਿਆ।

ਚੰਦ ਦਾ ਥਾਲ ਝੀਲ ਤੇ ਪੂਰਾ ਉਤਰ ਆਇਆ ਸੀ। ਇਕ ਛੋਟੀ ਜਿਹੀ ਕਿਸ਼ਤੀ 'ਚ ਉਹ ਦੋਵੇਂ ਬੈਠ ਕੇ ਦੂਜੇ ਕਿਨਾਰੇ ਕਿਤੇ ਜਾ ਰਹੇ ਸਨ। ਵਸੁਧਾ ਅੱਜ ਬਹੁਤ ਜ਼ਿਆਦਾ ਬੋਲ ਰਹੀ ਸੀ। ਬਿਨਾਂ ਗੱਲੋਂ ਹੱਸ ਰਹੀ ਸੀ। ਤਰ੍ਹਾਂ ਤਰ੍ਹਾਂ ਦੀਆਂ ਸ਼ਰਾਰਤਾਂ ਕਰ ਰਹੀ ਸੀ। ਦੇਵੇਨ ਕਿਸੇ ਤਰਾਂ ਉਸ ਦਾ ਸਾਥ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ।

ਉਥੋਂ ਮੁੜਦੇ ਮੁੜਦੇ ਉਸਨੂੰ ਫੇਰ ਬੁਖਾਰ ਦੀ ਸ਼ਿਕਾਇਤ ਮਹਿਸੂਸ ਹੋਣ ਲੱਗ ਪਈ ਅਤੇ ਕਮਰੇ ਵਿਚ ਆ ਕੇ ਉਹ ਬੇਹੋਸ਼ ਹੋ ਗਈ ਤੇ ਡਿਗ ਪਈ।

ਇਸ ਤੋਂ ਮਗਰੋਂ ਵਸੁਧਾ ਫਿਰ ਨਹੀਂ ਉੱਠ ਸਕੀ। ਦਰਦ ਲਗਾਤਾਰ ਹੀ ਵਧਦਾ ਜਾ ਰਿਹਾ ਸੀ। ਡਾਕਟਰ ਵਾਰ ਵਾਰ ਆਉਂਦਾ, ਵਾਰ ਵਾਰ ਚਲਿਆ ਜਾਂਦਾ।

ਡਾਕਟਰਾਂ ਨੇ ਹੁਣ ਸਾਰੀ ਆਸ ਛੱਡੀ ਦਿੱਤੀ ਸੀ।

"ਮੈਨੂੰ ਘਰ ਲੈ ਚੱਲੋ, ਦੇਵੇਨ--।"ਇਕ ਦਿਨ ਤੜਫ ਕੇ ਵਸੁਧਾ ਨੇ ਕਿਹਾ, ਮੈਨੂੰ ਘਰ ਲੈ ਚੱਲੋ, ਲੱਗਦਾ ਹੈ ਹੁਣ ਸਮਾਂ ਆ ਗਿਆ ਹੈ---।"ਵਸੁਧਾ ਬੱਚਿਆਂ ਵਾਂਗੂੰ ਸਿਸਕ ਸਿਸਕ ਕੇ ਰੋਣ ਲੱਗੀ।

ਦੇਵੇਨ ਨੇ ਆਪਣੀਆਂ ਅੱਖਾਂ ਤੇ ਰੁਮਾਲ ਰੱਖ ਲਿਆ।

ਹੁਣ ਏਥੇ ਟਿਕਣ ਦਾ ਕੋਈ ਅਰਥ ਨਹੀਂ ਸੀ ਅਤੇ ਨਾ ਹੀ ਕਿਤੇ ਜਾਣ ਦਾ। ਫੇਰ ਵੀ ਵਸੁਧਾ ਕਹਿ ਰਹੀ ਸੀ, ਇਸ ਲਈ ਦੇਵੇਨ ਨੇ ਉਸ ਦੀ ਆਖਰੀ ਇੱਛਾ ਸਮਝ ਕੇ ਮੁੜਨ ਲਈ ਤਿਆਰੀ ਕਰ ਲਈ।

ਟੈਕਸੀ ਝੀਲ ਦੇ ਕੰਢੇ ਤੇ ਜਾ ਰਹੀ ਸੀ। ਵਸੁਧਾ ਨੇ ਇਕ ਵਾਰੀ ਬਾਹਰ ਝਾਕਿਆ ਤਾਂ ਉਸਦੀਆਂ ਅੱਖਾਂ 'ਚ ਪਾਣੀ ਭਰ ਆਇਆ।

ਹੌਲੀ ਹੌਲੀ ਦ੍ਰਿਸ਼ ਬਦਲਣ ਲੱਗੇ ਤੇ ਨੈਨੀਤਾਲ ਦੀ ਦੂਰੀ ਵਧਦੀ ਗਈ।

"ਹੁਣ ਕਿੱਥੋਂ ਆ ਗਏ?"ਵਸੁਧਾ ਨੇ ਪਾਸਾ ਬਦਲ ਕੇ ਉਵੇਂ ਹੀ ਪੁੱਛਿਆ।

“ਹਲਦਵਾਨੀ ਤੋਂ ਅਗੇ----।”

“ਕਿਉਂ - ਕਿਉਂ ਪੁੱਛ ਰਹੀ ਸੀ?”

“ਉਂਜ ਹੀ- ਏਥੋਂ ਹਰਦਵਾਰ ਕਿੰਨੀ ਦੂਰ ਹੈ?”

ਬਹੁਤ ਦੂਰ ਨਹੀਂ।”

ਵਸੁਧਾ ਫੇਰ ਚੁੱਪ ਹੋ ਗਈ।

ਉਥੋਂ ਹੋ ਕੇ ਘਰ ਜਾਣਾ ਚਾਹੁੰਦੀ ਹੈ?"ਦੇਵੇਨ ਉਸ ਦੀ ਠੰਡੀ ਦੇਹ ਨੂੰ ਸਹਿਲਾਉਂਦਾ ਬੋਲਿਆ।

ਵਸੁਧਾ ਨੇ ਕੁਝ ਦੇਰ ਬਾਅਦ ਅੱਖਾਂ ਖੋਹਲੀਆਂ- ਉਹਨਾਂ ਵਿਚ ਉਸਦੀ ਇੱਛਾ ਦਾ ਭਾਵ ਸੀ। ਪਰ ਹੁਣ ਹਾਲਤ ਵਿਗੜਦੀ ਜਾ ਰਹੀ ਸੀ ਅਜੇ ਸਵੇਰਾ ਨਹੀਂ ਹੋਇਆ। ਕਿਤੇ ਕਿਤੇ ਤਾਰੇ ਚਮਕ ਰਹੇ ਸਨ। ਸੁੰਨੀਆਂ ਬਸਤੀਆਂ,ਸੰਘਣੇ ਜੰਗਲਾਂ ਨੂੰ ਚੀਰਦੀ ਕਾਰ ਸਰਪਟ ਭੱਜੀ ਜਾ ਰਹੀ ਸੀ। ਹਰਦਵਾਰ ਅਜੇ ਪੰਦਰਾਂ ਵੀਹ ਮੀਲ ਦੂਰ ਸੀ ਕਿ ਵਸੁਧਾ ਨੇ ਪ੍ਰਾਣ ਤਿਆਗ ਦਿੱਤੇ।

000

ਨਵ ਵਿਆਹੀ ਵਹੁਟੀ ਵਰਗੀ ਜਿਹੜੀ ਸਾੜ੍ਹੀ ਵਸੁਧਾ ਨੇ ਆਖਰੀ ਦਿਨ ਕੰਚਨ ਜਦੋਂ ਘਰ ਆਈ ਤਾਂ ਵਸੁਧਾ ਨੂੰ ਮਰੇ ਉਦੋਂ ਤਿੰਨ ਦਿਨ ਹੋ ਗਏ ਸਨ। ਇਹਨਾਂ ਦਿਨਾਂ ਵਿਚ ਘਰ 'ਚ ਚੁੱਲ੍ਹਾ ਨਹੀਂ ਸੀ ਬਲਿਆ। ਨਾ ਰਾਤ, ਨੂੰ ਕਿਸੇ ਬੱਤੀ ਬਾਲੀ।

ਮਾਂ ਨੇ ਰੋ ਰੋ ਕੇ ਅੱਖਾਂ ਪਕਾ ਲਈਆਂ ਸਨ। ਵਾਰੀ ਵਾਰੀ ਉਸਨੂੰ ਬੇਹੋਸ਼ੀ ਦੇ ਦੌਰੇ ਪੈਂਦੇ। ਬੱਸੋ ਕਿਥੇ ਚਲੀ ਗਈ। ਉਸ ਦੀ ਸਮਝ ਵਿਚ ਨਹੀਂ ਸੀ ਆਉਂਦਾ। ਵਾਰ ਵਾਰ ਉਹ ਦਰਵਾਜੇ ਤੱਕ ਜਾਂਦੀ ਦੇਖਦੀ ਕਿਤੇ ਬੱਸੋ ਆ ਤਾਂ ਨਹੀਂ ਰਹੀ। ਕੀ ਪਤਾ ਦੇਵੇਨ ਝੂਠ ਬੋਲਦਾ ਹੋਵੇ। ਦੁਨੀਆਂ 'ਚ ਉਸ ਲਈ ਹੁਣ ਕਿਸੇ ਦਾ ਇਮਾਨ ਨਹੀਂ ਸੀ ਰਿਹਾ।

ਕੰਚਨ ਦੀ ਪਹਿਲੀ ਫਿਲਮ ਪੂਰੀ ਹੋ ਗਈ ਸੀ। ਉਹ ਸੋਚਦੀ ਸੀ ਕਿ ਫਿਲਮ ਪੂਰੀ ਹੁੰਦੇ ਹੀ ਪੈਸੇ ਮਿਲਣਵੇ। ਫੇਰ ਉਹ ਆਪਣੀ ਭੈਣ ਦਾ ਇਲਾਜ ਕਰਵਾਏਗੀ।

ਪੈਸੇ ਨਹੀਂ ਸਨ, ਇਲਾਜ ਨਹੀਂ ਹੋ ਸਕਿਆ। ਪੈਸੇ ਨਹੀਂ ਸਨ-ਕੱਪੜੇ ਨਹੀਂ ਬਣਾ ਸਕਦੀ ਸੀ। ਪੈਸੇ ਨਹੀਂ ਸਨ ਇਸ ਲਈ ਇਥੇ ਪਈ ਰਹਿੰਦੀ ਸੀ। ਪੈਸੇ ਨਹੀਂ ਸਨ ਪਰ ਉਸਨੂੰ ਹਰ ਮਹੀਨੇ ਏਨੇ ਪੈਸੇ ਕਿਵੇਂ ਭੇਜਦੀ ਸੀ?

ਕਦੇ ਲਿਖਿਆ ਕਿਉਂ ਨਹੀਂ ਉਸਨੇ। ਵਿਆਹ ਵੇਲੇ ਕਿੰਨਾ ਪੈਸਾ ਇੱਕਠਾ ਕੀਤਾ ਸੀ ਪਤਾ ਨਹੀਂ ਕਿਸ ਬੇਵਸੀ ਕਾਰਨ ਉਸਨੂੰ ਕੀ ਕੀ ਨਹੀਂ ਸੀ ਕਰਨਾ ਪਿਆ।

ਆਲੇ ਵਿੱਚ ਇਕ ਬੰਨ੍ਹੀ ਹੋਈ ਪੋਟਲੀ ਪਈ ਸੀ।

“ਏਹ ਕੀ ਏ, ਝਾਈ ਜੀ?"ਸਵੇਰੇ ਉਸਨੇ ਪੁੱਛਿਆ ਤਾਂ ਮੈਂ ਮੱਥੇ ਤੇ ਹੱਥ ਮਾਰ ਮਾਰ ਕੇ ਰੋਣ ਲੱਗੀ,"ਸਾਡੀ ਤਾਂ ਕਿਸਮਤ ਹੀ ਫੁੱਟ ਗਈ ਕੰਚੋ ! ਹਰਦਵਾਰ ਤੋਂ ਮੁੜਦਿਆਂ ਦੇਵੇਨ ਬੱਸੋ ਦੇ ਫੁੱਲ ਛੱਡ ਗਿਆ ਸੀ। ਕਹਿੰਦਾ ਸੀ ਜਮਨਾ ਵਿਚ ਪਾ ਦੇਣਾ। ਮੇਰੀ ਯਾਦਸ਼ਕਤੀ ਹੀ ਖਤਮ ਹੋ ਗਈ ਕੰਚੋ! ਜਦੋਂ ਦਾ ਮੀਚੇ ਲੁਧਿਆਣੇ ਗਿਆ ਹੈ ਮੇਰੇ ਤਾਂ ਹੱਥ ਪੈਰ ਹੀ ਵੱਢੇ ਗਏ--।”

ਕੰਚਨ ਨੇ ਪੋਟਲੀ ਖੋਹਲੀ ਕੁਝ ਰਾਖ ਸੀ- ਕੁਝ ਹੱਡੀਆਂ ਦੇ ਫੁੱਲ।

ਰੇਸ਼ਮੀ ਕੱਪੜੇ ਵਿਚ ਲਪੇਟ ਕੇ, ਕੰਚਨ ਨੇ ਉਹਨਾਂ ਨੂੰ ਬਹੁਤ ਸਾਰੇ ਫੁੱਲਾਂ ਵਿਚ ਰੱਖਿਆ ਅਤੇ ਜਮਨਾ ਵਿਚ ਪ੍ਰਵਾਹ ਕਰ ਦਿੱਤਾ।

ਲਹਿਰਾਂ ਵਿਚ ਫੁੱਲ ਹੌਲੀ ਹੌਲੀ ਖਿਲਰ ਗਏ, ਪਾਣੀ ਉਤੇ ਦੇਰ ਤੱਕ ਪੰਖੜੀਆਂ ਤੈਰਦੀਆਂ ਰਹੀਆਂ।

000